ਕੌਮਾਂਤਰੀ www.amritsartimes.com

ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 24 | Issue 255| 25 Nov to 1 Dec. 2026 | Ph.: (+91) 175-291-2461 | Email: asrtimes@gmail.com

2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਸਿਆਸਤ 'ਚ ਨਵਾਂ ਮੋੜ

ਅਕਾਲੀ-ਭਾਜਪਾ ਗਠਜੋੜ ਦੀ ਮੁੜ ਵਾਪਸੀ

ਕੀ 2027 ਵਿੱਚ ਅਕਾਲੀ-ਭਾਜਪਾ ਗਠਜੋੜ ਪੰਜਾਬ ਦੀ ਸੱਤਾ ਹਾਸਲ ਕਰ ਸਕੇਗਾ ?



ਅੰਮ੍ਰਿਤਸਰ ਟਾਈਮਜ਼ ਬਿਊਰੋ

ਪੰਜਾਬ ਦੀ ਸਿਆਸਤ ਵਿੱਚ ਇੱਕ ਵਾਰ ਫਿਰ ਪੁਰਾਣੇ ਸਿਆਸੀ ਭਾਈਵਾਲਾਂ 'ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ (ਬੀਜੇਪੀ)' ਦੇ ਮੁੜ ਇਕੱਠੇ ਹੋਣ ਦੀ ਖ਼ਬਰ ਨੇ ਸੂਬੇ ਦੇ ਸਿਆਸੀ ਸਮੀਕਰਨਾਂ ਵਿੱਚ ਨਵੀਂ ਹਲਚਲ ਪੈਦਾ ਕਰ ਦਿੱਤੀ ਹੈ। ਦਿੱਲੀ ਵਿੱਚ ਹੋਏ ਸਾਂਝੇ ਐਲਾਨ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਅਕਾਲੀ ਦਲ ਨੂੰ 'ਵੱਡੇ ਭਰਾ' ਅਤੇ ਮੁੱਖ ਮੰਤਰੀ ਦਾ ਦਾਅਵੇਦਾਰ ਦੱਸਣ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗੁਰਪੁਰਬ ਦੇ ਮੌਕੇ ਇਸ ਸਾਂਝ ਨੂੰ 'ਸੁਭਾਵਿਕ ਗਠਜੋੜ' ਕਹਿਣ ਤੋਂ ਬਾਅਦ ਇਹ ਬਹਿਸ ਤੇਜ਼ ਹੋ ਗਈ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਕਦਮ ਦੋਵਾਂ ਧਿਰਾਂ ਲਈ ਕਿੰਨਾ ਫ਼ਾਇਦੇਮੰਦ ਸਾਬਤ ਹੋਵੇਗਾ ਪਰ ਪੰਜਾਬ ਦੀ ਜ਼ਮੀਨੀ ਹਕੀਕਤ, ਪੰਥਕ ਭਾਵਨਾਵਾਂ ਅਤੇ ਬਦਲੇ ਹੋਏ ਸਿਆਸੀ ਮਾਹੌਲ ਨੂੰ ਵੇਖਦਿਆਂ ਇਹ ਸਵਾਲ ਡੂੰਘਾ ਹੈ ਕਿ ਕੀ ਇਹ ਗਠਜੋੜ ਸੱਤਾ ਵੱਲ ਵਧ ਸਕੇਗਾ ਅਤੇ ਕੀ ਬਾਦਲ ਦਲ ਨੂੰ ਖੁੱਸੀ ਸਿੱਖ ਵੋਟ ਮਿਲ ਸਕੇਗੀ ?

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 'ਜਿਵੇਂ ਮੇਰੇ ਸਵਰਗਵਾਸੀ ਪਿਤਾ ਜੀ ਕਹਿੰਦੇ ਸੀ ਕਿ ਅਕਾਲੀ-ਬੀਜੇਪੀ ਨਹੁੰ ਮਾਸ ਦਾ ਰਿਸ਼ਤਾ ਹੈ, ਇਹ ਪੰਜਾਬ, ਦੇਸ਼ ਅਤੇ ਸਿੱਖ ਕੌਮ ਦੇ ਹਿਤ ਵਾਸਤੇ ਗਠਜੋੜ ਹੈ। ਜਦੋਂ ਤੱਕ ਵੀ ਇਹ ਗਠਜੋੜ ਰਿਹਾ ਹੈ, ਪੰਜਾਬ ਤਰੱਕੀ ਵਿੱਚ ਰਿਹਾ ਹੈ, ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਰਹੀ ਹੈ। ਇਹ ਰਿਸ਼ਤਾ ਮੇਰੇ ਪਿਤਾ ਜੀ ਨੇ ਅਤੇ ਵਾਜਪਾਈ-ਅਡਵਾਨੀ ਜੀ ਨੇ ਜੋੜਿਆ ਸੀ, ਜੋ ਕਿ ਪਰਿਵਾਰ ਵਾਂਗ ਸੀ। ਅੱਜ ਲੋੜ ਹੈ ਵਾਪਸ ਪੰਜਾਬ ਨੂੰ ਬਚਾਉਣ ਦੀ। ਉਨ੍ਹਾਂ ਕਿਹਾ ਕਿ ਜੇ ਕੇਂਦਰ ਵਿੱਚ ਮਜ਼ਬੂਤ ਸਰਕਾਰ ਅਤੇ ਪੰਜਾਬ ਵਿੱਚ ਐਨ.ਡੀ.ਏ. ਦੀ ਸਰਕਾਰ ਬਣ ਜਾਂਦੀ ਹੈ ਤਾਂ ਪੰਜਾਬ ਵਿੱਚੋਂ ਨਸ਼ਾ ਅਤੇ ਦਹਿਸ਼ਤ ਦਾ ਮਾਹੌਲ ਖਤਮ ਕਰਾਂਗੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ ਉੱਤੇ ਇੱਕ ਪੋਸਟ ਸਾਂਝੀ ਕਰਕੇ ਗਠਜੋੜ ਹੋਣ ਉੱਤੇ ਖ਼ੁਸ਼ੀ ਪ੍ਰਗਟਾਈ ਹੈ। ਉਨ੍ਹਾਂ ਲਿਖਿਆ, 'ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਸਭ ਤੋਂ ਪਹਿਲਾਂ! ਮੈਨੂੰ ਬੇਹੱਦ ਖ਼ੁਸ਼ੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਐੱਨ.ਡੀ.ਏ. ਪਰਿਵਾਰ ਵਿੱਚ ਵਾਪਸ ਪਰਤਿਆ ਹੈ ਅਤੇ ਉਹ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਾਡਾ ਗੱਠਜੋੜ ਪੰਜਾਬ ਦੇ ਲੋਕਾਂ ਦੀ ਪਹਿਲੀ ਪਸੰਦ ਵਜੋਂ ਉੱਭਰੇਗਾ।

ਸੱਤਾ ਦੀ ਰਾਹ: ਆਸਾਂ ਅਤੇ ਅਸਲੀਅਤਾਂ

ਇਤਿਹਾਸਕ ਤੌਰ 'ਤੇ ਵੇਖਿਆ ਜਾਵੇ ਤਾਂ 1997 ਤੋਂ 2020 ਤੱਕ ਅਕਾਲੀ-ਭਾਜਪਾ ਗਠਜੋੜ ਨੇ ਪੰਜਾਬ ਵਿੱਚ ਸੱਤਾ ਦਾ ਸੁਖ ਭੋਗਿਆ। ਉਸ ਦੌਰ ਵਿੱਚ ਅਕਾਲੀ ਦਲ ਪੇਂਡੂ ਅਤੇ ਸਿੱਖ ਵੋਟ ਬੈਂਕ ਦੀ ਨੁਮਾਇੰਦਗੀ ਕਰਦਾ ਸੀ, ਜਦਕਿ ਭਾਜਪਾ ਸ਼ਹਿਰੀ ਅਤੇ ਹਿੰਦੂ ਵੋਟਾਂ ਦਾ ਆਧਾਰ ਮੰਨੀ ਜਾਂਦੀ ਸੀ। ਇਸ ਸਾਂਝ ਨੇ ਦੋਵਾਂ ਧਿਰਾਂ ਨੂੰ ਇੱਕ-ਦੂਜੇ ਦੀ ਸਿਆਸੀ ਸ਼ਕਤੀ ਉਸਾਰਨ ਦਾ ਮੌਕਾ ਦਿੱਤਾ ਸੀ।

ਪਰ 2027 ਵੱਲ ਜਾਂਦਿਆਂ ਹਾਲਾਤ ਪਹਿਲਾਂ ਵਰਗੇ ਨਹੀਂ ਰਹੇ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਭਾਰੀ ਜਿੱਤ ਅਤੇ ਅਕਾਲੀ ਦਲ ਤੇ ਭਾਜਪਾ ਦੇ ਬਹੁਤ ਹੀ ਸੀਮਤ ਪ੍ਰਦਰਸ਼ਨ ਨੇ ਦਰਸਾਇਆ ਸੀ ਕਿ ਸੂਬੇ ਦਾ ਵੋਟਰ ਨਵੇਂ ਬਦਲਾਂ ਦੀ ਤਲਾਸ਼ ਵਿੱਚ ਰਿਹਾ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਦੋਵਾਂ ਪਾਰਟੀਆਂ ਦੇ ਵੱਖ-ਵੱਖ ਨਤੀਜੇ ਸਾਹਮਣੇ ਆਏ ਸਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੇ ਵਿੱਚ ਸਿਰਫ਼ ਪੁਰਾਣੀ ਸਾਂਝ ਦੇ ਨਾਂ 'ਤੇ ਸੱਤਾ ਦੀ ਦੌੜ ਜਿੱਤ ਲੈਣਾ ਆਸਾਨ ਨਹੀਂ ਜਾਪਦਾ।

ਸਿਆਸੀ ਮਾਹਿਰ ਡਾਕਟਰ ਖੁਸ਼ਹਾਲ ਸਿੰਘ ਦਾ ਕਹਿਣਾ ਹੈ ਕਿ ਅਮਿਤ ਸ਼ਾਹ ਵੱਲੋਂ ਇਹ ਕਹਿਣਾ ਕਿ ਅਕਾਲੀ ਦਲ ਵੱਡਾ ਭਰਾ ਰਹੇਗਾ ਅਤੇ ਵੱਡਾ ਭਰਾ ਹੀ ਮੁੱਖ ਮੰਤਰੀ ਹੁੰਦਾ ਹੈ, ਸਿਆਸੀ ਤੌਰ 'ਤੇ ਅਕਾਲੀ ਦਲ ਨੂੰ ਰਾਹਤ ਦੇਣ ਵਾਲਾ ਬਿਆਨ ਜ਼ਰੂਰ ਹੈ। ਇਸ ਨਾਲ ਅਕਾਲੀ ਲੀਡਰਸ਼ਿਪ ਦਾ ਮਨੋਬਲ ਵਧ ਸਕਦਾ ਹੈ, ਪਰ ਅਸਲ ਚੁਣੌਤੀ ਸੀਟਾਂ ਦੀ ਵੰਡ ਵੇਲੇ ਸਾਹਮਣੇ ਆਵੇਗੀ। ਦੋਵੇਂ ਪਾਰਟੀਆਂ ਪਹਿਲਾਂ 117 ਸੀਟਾਂ 'ਤੇ ਆਪਣੀ ਤਿਆਰੀ ਦੀਆਂ ਗੱਲਾਂ ਕਰ ਚੁੱਕੀਆਂ ਹਨ, ਅਤੇ ਕਈ ਹਲਕਿਆਂ ਵਿੱਚ ਦੋਵਾਂ ਦੇ ਦਾਅਵੇਦਾਰ ਆਹਮੋ-ਸਾਹਮਣੇ ਹਨ। ਜਦੋਂ ਤੱਕ ਸੀਟਾਂ ਦੀ ਗਿਣਤੀ ਅਤੇ ਹਲਕਿਆਂ ਦੀ ਵੰਡ ਸਪੱਸ਼ਟ ਨਹੀਂ ਹੁੰਦੀ, ਉਦੋਂ ਤੱਕ ਜ਼ਮੀਨੀ ਪੱਧਰ 'ਤੇ ਵਰਕਰਾਂ ਦਾ ਤਾਲਮੇਲ ਇੱਕ ਵੱਡਾ ਇਮਤਿਹਾਨ ਰਹੇਗਾ।

ਪੰਥਕ ਅਤੇ ਸਿਆਸੀ ਹਲਕਿਆਂ ਵਿੱਚ ਪ੍ਰਤੀਕਰਮ

ਇਸ ਗਠਜੋੜ 'ਤੇ ਵੱਖ-ਵੱਖ ਸਿਆਸੀ ਅਤੇ ਪੰਥਕ ਹਲਕਿਆਂ ਤੋਂ ਤਿੱਖੇ ਅਤੇ ਭਿੰਨ ਪ੍ਰਤੀਕਰਮ ਆ ਰਹੇ ਹਨ। ਵਿਰੋਧੀ ਧਿਰਾਂ—ਆਮ ਆਦਮੀ ਪਾਰਟੀ ਅਤੇ ਕਾਂਗਰਸ—ਨੇ ਇਸ ਨੂੰ 'ਮੌਕਾਪ੍ਰਸਤੀ' ਅਤੇ 'ਸੱਤਾ ਦੀ ਭੁੱਖ' ਕਰਾਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, 'ਪਹਿਲਾਂ ਸੁਖਬੀਰ ਬਾਦਲ ਕਹਿੰਦੇ ਸੀ ਕਿ ਭਾਜਪਾ, ਸੰਘ ਦੀ ਮਦਦ ਨਾਲ ਸਿੱਖ ਸੰਸਥਾਵਾਂ 'ਤੇ ਕਬਜ਼ਾ ਕਰ ਰਹੀ ਅਤੇ ਹੁਣ ਸੁਖਬੀਰ ਬਾਦਲ ਉਸੇ ਭਾਜਪਾ ਨਾਲ ਗਠਜੋੜ ਕਰ ਰਹੇ ਹਨ। ਇਹ ਸਿਰਫ਼ ਕੁਰਸੀ ਹਾਸਲ ਕਰਨ ਲਈ ਗਠਜੋੜ ਹੈ।' ਦੂਜੇ ਪਾਸੇ, ਕਾਂਗਰਸੀ ਪ੍ਰਧਾਨ ਪ੍ਰਗਟ ਸਿੰਘ ਨੇ ਇਸ ਨੂੰ ਅਕਾਲੀ ਦਲ ਦੀ ਸਿਆਸੀ ਹੋਂਦ ਬਚਾਉਣ ਦੀ ਕੋਸ਼ਿਸ਼ ਦੱਸਦਿਆਂ ਕਿਹਾ, 'ਜਿਨ੍ਹਾਂ ਮੁੱਦਿਆਂ ਕਰਕੇ ਗਠਜੋੜ ਟੁੱਟਿਆ ਸੀ, ਉਹ ਅਜੇ ਵੀ ਜਿਉਂ ਦੇ ਤਿਉਂ ਖੜ੍ਹੇ ਹਨ। ਜਿੱਥੋਂ ਤੱਕ ਕਾਂਗਰਸ ਦਾ ਸਵਾਲ ਹੈ, ਇਸ ਨਾਲ ਕੋਈ ਫਰਕ ਨਹੀਂ ਪਵੇਗਾ। ਅਸੀਂ ਉਨ੍ਹਾਂ ਨੂੰ 2002 ਅਤੇ 2017 ਵਿੱਚ ਉਦੋਂ ਵੀ ਹਰਾਇਆ ਸੀ ਜਦੋਂ ਉਹ ਇਕੱਠੇ ਸਨ ਅਤੇ ਅਸੀਂ 2027 ਵਿੱਚ ਵੀ ਉਨ੍ਹਾ ਨੂੰ ਹਰਾਵਾਂਗੇ'

ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮਨਪ੍ਰੀਤ ਸਿੰਘ ਇਆਲੀ ਨੇ ਇੱਕ ਪ੍ਰੈਸ ਕਾਨਫ਼ਰੰਸ ਵਿੱਚ ਕਿਹਾ, 'ਜਦੋਂ ਅਸੀਂ ਪੰਜਾਬ ਦੇ ਹੱਕਾਂ ਦੀ ਗੱਲ ਕਰਦੇ ਸੀ ਤਾਂ ਅਕਾਲੀ ਦਲ ਸਾਡੇ ਉੱਤੇ ਬੀਜੇਪੀ ਦੀ ਬੀ ਟੀਮ ਹੋਣ ਦਾ ਇਲਜ਼ਾਮ ਲਗਾਉਂਦੇਸੀ ਅਤੇ ਹੁਣ ਇਹ (ਅਕਾਲੀ ਦਲ) ਬੀਜੇਪੀ ਦੀ ਏ ਟੀਮ ਬਣ ਗਏ ਹਨ। ਅਸੀਂ ਚਾਹੁੰਦੇ ਹਾਂ ਸਾਰੀਆਂ ਪੰਥਕ ਧਿਰਾਂ ਪੰਜਾਬ ਵਿੱਚ ਇੱਕ ਥਾਂ ਇਕੱਠੀਆਂ ਹੋਣ।'

ਪੰਥਕ ਹਲਕਿਆਂ ਵਿੱਚ ਵੀ ਇਸ ਫ਼ੈਸਲੇ ਨੂੰ ਲੈ ਕੇ ਸ਼ੰਕੇ ਅਤੇ ਨਾਰਾਜ਼ਗੀ ਵੇਖੀ ਜਾ ਸਕਦੀ ਹੈ। ਕਈ ਪੰਥਕ ਆਗੂਆਂ ਅਤੇ ਜਥੇਬੰਦੀਆਂ ਦਾ ਮੰਨਣਾ ਹੈ ਕਿ ਖੇਤੀ ਕਾਨੂੰਨਾਂ ਦੇ ਵਿਰੋਧ, ਸਿੱਖ ਮਸਲਿਆਂ ਅਤੇ ਸੰਘੀ ਢਾਂਚੇ ਦੇ ਸਵਾਲਾਂ 'ਤੇ ਅਕਾਲੀ ਦਲ ਨੇ ਜੋ ਸਟੈਂਡ ਲਿਆ ਸੀ, ਉਸ ਤੋਂ ਪਿੱਛੇ ਹਟਣ ਨਾਲ ਪੰਥਕ ਸਿਆਸਤ ਵਿੱਚ ਉਸ ਦੀ ਭਰੋਸੇਯੋਗਤਾ ਨੂੰ ਸੱਟ ਵੱਜ ਸਕਦੀ ਹੈ। 'ਵਾਰਿਸ ਪੰਜਾਬ ਦੇ' ਵਰਗੀਆਂ ਧਿਰਾਂ ਵੱਲੋਂ ਅਕਾਲੀ ਦਲ ਨੂੰ ਨਿਸ਼ਾਨਾ ਬਣਾਉਣਾ ਇਹ ਦਰਸਾਉਂਦਾ ਹੈ ਕਿ ਪੰਥਕ ਵੋਟ ਬੈਂਕ ਵਿੱਚ ਅਕਾਲੀ ਦਲ ਦੀ ਏਕਾਧਿਕਾਰ ਵਾਲੀ ਸਥਿਤੀ ਹੁਣ ਚੁਣੌਤੀਆਂ ਘਿਰੀ ਹੋਈ ਹੈ।

ਕੀ ਬਾਦਲ ਦਲ ਨੂੰ ਨਰਾਜ਼ ਸਿੱਖ ਵੋਟ ਪੈ ਸਕੇਗੀ ?

ਇਹ ਸਭ ਤੋਂ ਅਹਿਮ ਅਤੇ ਸੰਵੇਦਨਸ਼ੀਲ ਸਵਾਲ ਹੈ। ਪੰਜਾਬ ਦੀ ਸਿੱਖ ਵੋਟ ਪਿਛਲੇ ਕੁਝ ਸਾਲਾਂ ਵਿੱਚ ਕਈ ਹਿੱਸਿਆਂ ਵਿੱਚ ਵੰਡੀ ਗਈ ਹੈ—ਕੁਝ 'ਆਪ' ਵੱਲ ਗਈ, ਕੁਝ ਕਾਂਗਰਸ ਜਾਂ ਵਾਰਿਸ ਪੰਜਾਬ ਦੇ ਪੰਥਕ ਉਮੀਦਵਾਰਾਂ ਵੱਲ, ਅਤੇ ਇੱਕ ਵੱਡਾ ਹਿੱਸਾ ਨਾਰਾਜ਼ਗੀ ਜਾਂ ਉਦਾਸੀਨਤਾ ਕਾਰਨ ਘਰਾਂ ਵਿੱਚ ਵੀ ਰਿਹਾ।

ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਅਨੁਸਾਰ ਬਾਦਲ ਦਲ ਨੂੰ ਖੁੱਸੀ ਸਿੱਖ ਵੋਟ ਮਿਲਣਾ ਕਈ ਸ਼ਰਤਾਂ 'ਤੇ ਨਿਰਭਰ ਕਰੇਗਾ। ਆਮ ਸਿੱਖ ਵੋਟਰ ਇਹ ਵੇਖੇਗਾ ਕਿ ਕੀ ਕੇਂਦਰ ਸਰਕਾਰ ਨਾਲ ਮਿਲ ਕੇ ਕਿਸਾਨੀ ਮੰਗਾਂ, ਬੰਦੀ ਸਿੰਘਾਂ, ਪਾਣੀਆਂ ਅਤੇ ਚੰਡੀਗੜ੍ਹ ਵਰਗੇ ਮਸਲਿਆਂ 'ਤੇ ਕੋਈ ਠੋਸ ਰਾਹ ਨਿਕਲਦਾ ਹੈ ਜਾਂ ਨਹੀਂ। ਜੇਕਰ ਵੋਟਰ ਨੂੰ ਇਹ ਲੱਗਿਆ ਕਿ ਇਹ ਗਠਜੋੜ ਸਿਰਫ਼ ਸੱਤਾ ਦੀ ਸਾਂਝ ਲਈ ਹੈ, ਤਾਂ ਖੁਸੀ ਵੋਟ ਮਿਲਣੀ ਮੁਸ਼ਕਿਲ ਹੋਵੇਗੀ। ਹਾਲੇ ਤੱਕ ਅਮਿਤ ਸ਼ਾਹ ਨੇ ਇਨ੍ਹਾਂ ਮੰਗਾਂ ਵਲ ਹੁੰਗਾਰਾ ਨਹੀਂ ਭਰਿਆ। ਉਹਨਾਂ ਦੀ ਬਿਰਤੀ ਟਾਲਮਟੋਲ ਵਾਲੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਪੰਥਕ ਅਤੇ ਟਕਸਾਲੀ ਆਗੂਆਂ ਵਿੱਚ ਬਾਦਲ ਦਲ ਦੀ ਲੀਡਰਸ਼ਿਪ ਦਾ ਭਰੋਸਾ ਬਹਾਲ ਨਹੀਂ ਹੁੰਦਾ, ਵੋਟ ਦਾ ਧਰੁਵੀਕਰਨ ਅਕਾਲੀ ਦਲ ਦੇ ਹੱਕ ਵਿੱਚ ਪੂਰੀ ਤਰ੍ਹਾਂ ਨਹੀਂ ਹੋ ਸਕਦਾ।

ਡਾਕਟਰ ਪ੍ਰਮੋਦ ਨੇ ਗੱਠਜੋੜ ਨੂੰ ਇੱਕ ਸਿਆਸੀ ਮਜਬੂਰੀ ਦੱਸਿਆ ਅਤੇ ਸੁਖਬੀਰ ਬਾਦਲ ਦੇ ਮਜ਼ਬੂਤ ਹੋਣ ਦੀ ਗੱਲ ਆਖੀ, ਉਨ੍ਹਾਂ ਕਿਹਾ, 'ਬਰਗਾੜੀ ਵਿਵਾਦ, ਅੰਮ੍ਰਿਤਪਾਲ ਸਿੰਘ ਦਾ ਉਭਾਰ ਅਤੇ ਪਾਰਟੀ ਦੀਆਂ ਅੰਦਰੂਨੀ ਚੁਣੌਤੀਆਂ ਦੇ ਬਾਵਜੂਦ ਸੁਖਬੀਰ ਸਿੰਘ ਬਾਦਲ ਨੇ ਪਾਰਟੀ 'ਤੇ ਆਪਣੀ ਪਕੜ ਮਜ਼ਬੂਤ ਕੀਤੀ ਹੈ।' ਹਾਲਾਂਕਿ ਉਨ੍ਹਾਂ ਦਾਅਵਾ ਕੀਤਾ ਕਿ ਨਵਾਂ ਗਠਜੋੜ ਪੁਰਾਣੇ ਵਰਗਾ ਨਹੀਂ ਹੋਵੇਗਾ ਕਿਉਂਕਿ ਹੁਣ ਸੂਬਾ ਵਿੱਚ ਖੇਤੀਬਾੜੀ, ਨਸ਼ਿਆਂ, ਪਾਕਿਸਤਾਨ ਨਾਲ ਵਪਾਰ, ਚੰਡੀਗੜ੍ਹ ਅਤੇ ਪਾਣੀਆਂ ਵਰਗੇ ਖੇਤਰੀ ਮੁੱਦਿਆਂ ਨੂੰ ਵੱਧ ਤਰਜੀਹ ਮਿਲ ਸਕਦੀ ਹੈ। ਜੇਕਰ ਦੋਵੇਂ ਪਾਰਟੀਆਂ ਪੰਜਾਬ ਦੇ ਵਿਕਾਸ, ਰੁਜ਼ਗਾਰ, ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਅਤੇ ਭਾਈਚਾਰਕ ਸਾਂਝ ਨੂੰ ਕੇਂਦਰ ਵਿੱਚ ਰੱਖਦੀਆਂ ਹਨ, ਤਾਂ ਹੀ ਉਹ ਨਾਰਾਜ਼ ਵੋਟਰਾਂ ਦਾ ਦਿਲ ਜਿੱਤ ਸਕਦੀਆਂ ਹਨ।

ਅਕਾਲੀ-ਭਾਜਪਾ ਗੱਠਜੋੜ ਦਾ ਮੁੜ ਸੁਰਜੀਤ ਹੋਣਾ ਪੰਜਾਬ ਦੀ ਸਿਆਸਤ ਵਿੱਚ ਇੱਕ ਵੱਡੀ ਘਟਨਾ ਜ਼ਰੂਰ ਹੈ, ਪਰ ਇਹ ਆਪਣੇ-ਆਪ ਵਿੱਚ ਜਿੱਤ ਦੀ ਗਰੰਟੀ ਨਹੀਂ ਹੈ। ਇਹ ਗੱਠਜੋੜ ਇੱਕ ਤਰ੍ਹਾਂ ਨਾਲ ਦੋਵਾਂ ਪਾਰਟੀਆਂ ਲਈ ਸਿਆਸੀ ਲੋੜ ਅਤੇ ਮਜਬੂਰੀ ਵਿੱਚੋਂ ਨਿਕਲਿਆ ਕਦਮ ਜਾਪਦਾ ਹੈ—ਭਾਜਪਾ ਨੂੰ ਪੰਜਾਬ ਵਿੱਚ ਜ਼ਮੀਨੀ ਸਹਿਯੋਗ ਦੀ ਲੋੜ ਹੈ ਅਤੇ ਅਕਾਲੀ ਦਲ ਨੂੰ ਸਿਆਸੀ ਤਾਕਤ ਤੇ ਸੰਸਾਧਨਾਂ ਦੀ। 2027 ਦੀਆਂ ਚੋਣਾਂ ਤੱਕ ਦਾ ਸਫ਼ਰ ਇਨ੍ਹਾਂ ਲਈ ਕਈ ਪਰਖਾਂ ਦਾ ਸਫ਼ਰ ਹੋਵੇਗਾ। ਸੀਟਾਂ ਦੀ ਵੰਡ, ਸਾਂਝੇ ਪ੍ਰੋਗਰਾਮ ਦੀ ਸਪੱਸ਼ਟਤਾ, ਕਿਸਾਨੀ ਤੇ ਪੰਥਕ ਮਸਲਿਆਂ 'ਤੇ ਕੇਂਦਰ ਦਾ ਰਵੱਈਆ ਅਤੇ ਜ਼ਮੀਨੀ ਪੱਧਰ 'ਤੇ ਹਿੰਦੂ-ਸਿੱਖ ਭਾਈਚਾਰੇ ਦਾ ਭਰੋਸਾ—ਇਹ ਸਾਰੇ ਤੱਤ ਤੈਅ ਕਰਨਗੇ ਕਿ ਇਹ ਗਠਜੋੜ ਸੱਤਾ ਦੇ ਦਰਵਾਜ਼ੇ ਤੱਕ ਪਹੁੰਚਦਾ ਹੈ ਜਾਂ ਸਿਰਫ਼ ਸਿਆਸੀ ਸਮੀਕਰਨਾਂ ਦੀ ਇੱਕ ਨਵੀਂ ਕਸਰਤ ਬਣ ਕੇ ਰਹਿ ਜਾਂਦਾ ਹੈ। ਪੰਜਾਬ ਦਾ ਵੋਟਰ ਸਿਆਸੀ ਬਿਆਨਬਾਜ਼ੀ ਤੋਂ ਅੱਗੇ ਵਧ ਕੇ ਜ਼ਮੀਨੀ ਨਤੀਜਿਆਂ ਅਤੇ ਭਰੋਸੇ ਦੀ ਕਸੌਟੀ 'ਤੇ ਹੀ ਆਪਣਾ ਫ਼ੈਸਲਾ ਸੁਣਾਏਗਾ।

ਕੈਲੀਫੋਰਨੀਆ ਪੰਥਕ ਕਾਨਫਰੰਸ ਵਿੱਚ ਗੁਰਦੁਆਰਾ ਸਾਹਿਬ ਦੀ ਕਮੇਟੀਆਂ ਅਤੇ ਜਥੇਬੰਦੀਆਂ ਦੇ ਮੈਂਬਰ ਸਾਹਿਬਾਨ ਦੀ ਭਾਰੀ ਸ਼ਮੂਲੀਅਤ

ਕਾਨਫਰੰਸ ਦਾ ਸੰਚਾਲਨ ਤੇ ਸਾਰੀ ਕਾਰਵਾਈ ਉਸਾਰੂ ਅਤੇ ਚੜ੍ਹਦੀ ਕਲਾ ਨਾਲ ਸੰਪੰਨ ਹੋਈ। ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿੱਚ ਸੱਭ ਤੋਂ ਪਹਿਲਾਂ ਇਹ ਫੈਸਲਾ ਕੀਤਾ ਗਿਆ ਕਿ :

1. ਕਿਸੇ ਵਿਅਕਤੀ ਜਾਂ ਸੰਸਥਾ ਵਿਰੁੱਧ ਨਿੱਜੀ ਟਿੱਪਣੀਆਂ ਨਾ ਕੀਤੀਆਂ ਜਾਣ: ਨਿੱਜੀ ਆਲੋਚਨਾ, ਦੋਸ਼ ਜਾਂ ਨਕਾਰਾਤਮਕ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ।

2. ਮਰਿਆਦਾ ਦੇ ਮਤਭੇਦਾਂ ਬਾਰੇ ਚਰਚਾ ਨਾ ਕੀਤੀ ਜਾਵੇ: ਸਿੱਖ ਮਰਿਆਦਾ, ਧਾਰਮਿਕ ਰਹੁ-ਰੀਤਾਂ ਜਾਂ ਵੱਖ-ਵੱਖ ਵਿਆਖਿਆਵਾਂ ਸਬੰਧੀ ਮਤਭੇਦਾਂ ਨੂੰ ਇਸ ਕਾਨਫਰੰਸ ਵਿੱਚ ਬਹਿਸ ਦਾ ਵਿਸ਼ਾ ਨਾ ਬਣਾਇਆ ਜਾਵੇ।

3. ਸਾਂਝੇ ਟੀਚਿਆਂ ਉੱਤੇ ਧਿਆਨ ਦਿੱਤਾ ਜਾਵੇ: ਸਾਰੀ ਵਿਚਾਰ-ਚਰਚਾ ਉਸਾਰੂ, ਸਤਿਕਾਰਯੋਗ ਅਤੇ ਪੰਥਕ ਏਕਤਾ, ਆਪਸੀ ਸਹਿਯੋਗ ਅਤੇ ਸਮੁੱਚੇ ਸਿੱਖ ਪੰਥ ਦੀ ਬਿਹਤਰੀ ਲਈ ਹੋਵੇ।

ਕਾਨਫਰੰਸ ਤੋਂ ਬਾਅਦ ਭਵਿੱਖ ਦੀ ਰਣਨੀਤੀ ਲਈ ਗੁਰਦੁਆਰਾ ਸਾਹਿਬ ਦੀ ਲਾਇਬਰੇਰੀ ਵਿੱਚ ਮੀਟਿੰਗ ਕੀਤੀ ਗਈ ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਸੀ ਕਿ ਅੱਜ ਦੀ ਮੀਟਿੰਗ ਤੋਂ ਬਾਅਦ ਅਗਲੀ ਮੀਟਿੰਗ ਤੱਕ ਇੱਕ ਕੁਆਰਡੀਨੇਸ਼ਨ ਕਮੇਟੀ ਬਣਾਈ ਜਾਵੇ ਜਿਸ ਵਿੱਚ ਹਰੇਕ ਜਥੇਬੰਦੀ ਅਤੇ ਗੁਰਦੁਆਰਾ ਸਾਹਿਬਾਨ ਦਾ ਇੱਕ ਇੱਕ ਮੈਂਬਰ ਲਿਆ ਜਾਵੇ।

ਇਸ ਕਾਨਫਰੰਸ ਦਾ ਮਕਸਦ ਸਾਨੂੰ ਇੱਕਜੁੱਟ ਕਰਨਾ ਹੈ, ਨਾ ਕਿ ਸਾਡੇ ਮਤਭੇਦਾਂ ਨੂੰ ਉਭਾਰਨਾ।

ਮੁੱਖ ਏਜੰਡਾ

1. ਪੰਥਕ ਸੇਵਾ ਲਈ ਸਨਮਾਨ ਅਤੇ ਸ਼ਲਾਘਾ

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਜਥੇਬੰਦੀਆਂ, ਸੇਵਾਦਾਰਾਂ ਅਤੇ ਪੰਥਕ ਕਾਰਕੁਨਾਂ ਵੱਲੋਂ ਸਿੱਖ ਪੰਥ ਅਤੇ ਸਮੁੱਚੇ ਭਾਈਚਾਰੇ ਦੀ ਬਿਹਤਰੀ ਲਈ ਕੀਤੀਆਂ ਜਾ ਰਹੀਆਂ ਸੇਵਾਵਾਂ, ਯੋਗਦਾਨਾਂ ਅਤੇ ਉਪਰਾਲਿਆਂ ਦੀ ਸ਼ਲਾਘਾ ਅਤੇ ਸਨਮਾਨ ਕਰਨਾ।

2. ਪੰਥਕ ਏਕਤਾ, ਆਪਸੀ ਸਹਿਯੋਗ ਅਤੇ ਸਾਂਝਾ ਘੱਟੋ-ਘੱਟ ਪ੍ਰੋਗਰਾਮ

ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਆਪਸ ਵਿੱਚ ਮਿਲ ਕੇ ਕੰਮ ਕਰਨ ਲਈ ਉਤਸ਼ਾਹਿਤ ਕਰਨਾ, ਸਾਂਝੇ ਮੁੱਦਿਆਂ ਦੀ ਪਛਾਣ ਕਰਨਾ ਅਤੇ ਇੱਕ ਵਿਹਾਰਕ ਸਾਂਝਾ ਘੱਟੋ-ਘੱਟ ਪ੍ਰੋਗਰਾਮ ਤਿਆਰ ਕਰਨਾ।

ਅਮਰੀਕਾ ਵਿੱਚ ਸਿੱਖ ਭਾਈਚਾਰੇ ਨੂੰ ਦਰਪੇਸ਼ ਚੁਣੌਤੀਆਂ, ਜਿਵੇਂ ਕਿ ਸਰਹੱਦਾਂ ਤੋਂ ਪਾਰ ਦਬਾਅ (Transnational Repression – TNR), ਨਾਗਰਿਕ ਅਧਿਕਾਰ, ਧਾਰਮਿਕ ਆਜ਼ਾਦੀ ਅਤੇ ਭਾਈਚਾਰੇ ਦੇ ਹੋਰ ਅਹਿਮ ਮੁੱਦਿਆਂ ਬਾਰੇ ਵਿਚਾਰ-ਵਟਾਂਦਰਾ ਕਰਨਾ।

3. ਨਕਾਰਾਤਮਕਤਾ, ਤੰਗ-ਪ੍ਰੇਸ਼ਾਨ ਕਰਨ ਅਤੇ ਬਦਨਾਮੀ ਵਾਲੀਆਂ ਮੁਹਿੰਮਾਂ ਦੀ ਨਿੰਦਾ

ਸਿੱਖ ਕਾਰਕੁਨਾਂ, ਸੇਵਾਦਾਰਾਂ ਅਤੇ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾਂਦੇ ਨਿੱਜੀ ਹਮਲਿਆਂ, ਕਿਰਦਾਰਕੁਸ਼ੀ, ਧੱਕੇਸ਼ਾਹੀ ਅਤੇ ਸੋਸ਼ਲ ਮੀਡੀਆ ਰਾਹੀਂ ਚਲਾਈਆਂ ਜਾਂਦੀਆਂ ਬਦਨਾਮੀ ਦੀਆਂ ਮੁਹਿੰਮਾਂ ਦੀ ਸਾਂਝੇ ਤੌਰ 'ਤੇ ਨਿੰਦਾ ਕਰਨੀ।

ਮਤਭੇਦਾਂ ਦੇ ਬਾਵਜੂਦ ਆਪਸੀ ਸਤਿਕਾਰ, ਜ਼ਿੰਮੇਵਾਰੀ ਅਤੇ ਉਸਾਰੂ ਸੰਵਾਦ ਨੂੰ ਉਤਸ਼ਾਹਿਤ ਕਰਨਾ।

ਮਤਾ 4: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰੱਖਣ ਲਈ ਡੈਸਟੀਨੇਸ਼ਨ ਵੈਡਿੰਗ ਦਾ ਵਿਰੋਧ

ਆਨੰਦ ਕਾਰਜ ਗੁਰੂ ਦੀ ਹਜ਼ੂਰੀ ਵਿੱਚ ਪਰਿਵਾਰਕ ਜੀਵਨ ਦੀ ਪਵਿੱਤਰ ਸ਼ੁਰੂਆਤ ਹੈ। ਇਸ ਦੀ ਮਰਿਆਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰੱਖਣਾ ਸਾਡਾ ਸਾਂਝਾ ਫ਼ਰਜ਼ ਹੈ।

ਕੁਝ ਮਹੀਨੇ ਪਹਿਲਾਂ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਵਿਖੇ ਇਸ ਮਸਲੇ ਸਬੰਧੀ ਇੱਕ ਮੀਟਿੰਗ ਹੋਈ ਸੀ। ਕੈਲੀਫੋਰਨੀਆ ਪੰਥਕ ਕਾਨਫਰੰਸ 2026 ਉਸ ਮੀਟਿੰਗ ਵਿੱਚ ਲਏ ਗਏ ਫ਼ੈਸਲਿਆਂ ਦਾ ਸਮਰਥਨ ਕਰਦੀ ਹੈ।

ਪ੍ਰਸਤਾਵਿਤ ਮਤਾ:

ਕੈਲੀਫੋਰਨੀਆ ਪੰਥਕ ਕਾਨਫਰੰਸ 2026 ਡੈਸਟੀਨੇਸ਼ਨ ਵੈਡਿੰਗ ਦੇ ਨਾਂ ਹੇਠ ਹੋਟਲਾਂ, ਰਿਜ਼ੋਰਟਾਂ, ਬੀਚਾਂ ਅਤੇ ਹੋਰ ਵਪਾਰਕ ਥਾਵਾਂ 'ਤੇ ਪਾਵਨ ਸਰੂਪ ਲਿਜਾ ਕੇ ਮਰਿਆਦਾ ਦੇ ਉਲਟ ਆਨੰਦ ਕਾਰਜ ਕਰਵਾਉਣ ਦੀ ਨਿੰਦਾ ਕਰਦੀ ਹੈ ਅਤੇ ਅਪੀਲ ਕਰਦੀ ਹੈ ਕਿ:

ਆਨੰਦ ਕਾਰਜ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹਦਾਇਤਾਂ ਅਤੇ ਸਿੱਖ ਰਹਿਤ ਮਰਿਆਦਾ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾਣ।

ਗੁਰਦੁਆਰਾ ਕਮੇਟੀਆਂ, ਗ੍ਰੰਥੀ ਸਿੰਘ ਅਤੇ ਰਾਗੀ ਜਥੇ ਅਜਿਹੇ ਸਮਾਗਮਾਂ ਲਈ ਪਾਵਨ ਸਰੂਪ ਲਿਜਾਣ ਜਾਂ ਆਨੰਦ ਕਾਰਜ ਕਰਵਾਉਣ ਵਿੱਚ ਸਹਿਯੋਗ ਨਾ ਦੇਣ।

ਪਰਿਵਾਰਾਂ, ਨੌਜਵਾਨਾਂ ਅਤੇ ਵਿਆਹ ਪ੍ਰਬੰਧਕਾਂ ਨੂੰ ਲਾਵਾਂ ਦੇ ਅਰਥ, ਗੁਰੂ ਸਾਹਿਬ ਦੇ ਸਤਿਕਾਰ ਅਤੇ ਮਰਿਆਦਾ ਬਾਰੇ ਸਮਾਗਮ ਦੀ ਬੁਕਿੰਗ ਤੋਂ ਪਹਿਲਾਂ ਜਾਣੂ ਕਰਵਾਇਆ ਜਾਵੇ।

ਗੁਰਦੁਆਰੇ ਸਾਦੇ ਅਤੇ ਘੱਟ ਖ਼ਰਚ ਵਾਲੇ ਵਿਆਹਾਂ ਲਈ ਸੁਖਾਲੇ ਪ੍ਰਬੰਧ ਕਰਨ ਅਤੇ ਪਰਿਵਾਰਾਂ ਨੂੰ ਬੇਲੋੜੇ ਦਿਖਾਵੇ ਤੋਂ ਬਚਣ ਲਈ ਪ੍ਰੇਰਿਤ ਕਰਨ।

ਗੁਰਦੁਆਰਾ ਕਮੇਟੀਆਂ ਸਾਂਝੇ ਤੌਰ 'ਤੇ ਮਤੇ ਦੀ ਪਾਲਣਾ ਯਕੀਨੀ ਬਣਾਉਣ ਅਤੇ ਉਲੰਘਣਾ ਦੇ ਪੁਸ਼ਟੀ ਕੀਤੇ ਮਾਮਲੇ, https://Dsatkar.com +1 (410) 472-8527 ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਧਿਆਨ ਵਿੱਚ ਲਿਆਉਣ।

5 ਲੰਮੇ ਸਮੇਂ ਲਈ ਪੰਥਕ ਤਾਲਮੇਲ ਅਤੇ ਨੌਜਵਾਨਾਂ ਦੀ ਸ਼ਮੂਲੀਅਤ

ਨਿਯਮਤ ਮੀਟਿੰਗਾਂ, ਨਿਰੰਤਰ ਸਹਿਯੋਗ ਅਤੇ ਸਾਂਝੇ ਤੌਰ 'ਤੇ ਸਮੱਸਿਆਵਾਂ ਦੇ ਹੱਲ ਲਈ ਇੱਕ ਢਾਂਚਾ ਤਿਆਰ ਕਰਨਾ।

ਸਾਂਝੇ ਭਾਈਚਾਰਕ ਪ੍ਰੋਗਰਾਮ ਉਲੀਕਣੇ, ਨੌਜਵਾਨਾਂ ਦੀ ਸਰਗਰਮ ਸ਼ਮੂਲੀਅਤ ਅਤੇ ਅਗਵਾਈ ਨੂੰ ਉਤਸ਼ਾਹਿਤ ਕਰਨਾ ਅਤੇ ਕਾਨਫਰੰਸ ਵਿੱਚ ਲਏ ਗਏ ਫ਼ੈਸਲਿਆਂ ਅਤੇ ਮਤੇ ਉੱਤੇ ਅਮਲ ਕਰਨ ਲਈ ਇੱਕ ਵਿਵਸਥਾ ਬਣਾਉਣਾ।





























ਕੈਲੀਫੋਰਨੀਆ ਪੰਥਕ ਕਾਨਫਰੰਸ ਦੀਆਂ ਵੱਖ-ਵੱਖ ਝਲਕੀਆਂ







ਟਰੰਪ ਦੀ ਸਖ਼ਤੀ ਨਾਲ ਅਮਰੀਕਾ ਵਸਦੇ ਭਾਰਤੀਆਂ 'ਚ ਸਹਿਮ: ਹਜ਼ਾਰਾਂ ਗ੍ਰਿਫ਼ਤਾਰੀਆਂ, 1,389 ਬੱਚੇ ਹਿਰਾਸਤ ਵਿੱਚ

ਕੌਮਾਂਤਰੀ ਵਿਦਿਆਰਥੀਆਂ ਦੀ ਘੱਟ ਗਿਣਤੀ ਕਾਰਨ ਅਮਰੀਕੀ ਅਰਥਚਾਰੇ ਨੂੰ 2.4 ਬਿਲੀਅਨ ਡਾਲਰ ਦਾ ਨੁਕਸਾਨ

ਗ੍ਰੀਨ ਕਾਰਡ ਧਾਰਕ ਵੀ ਨਿਸ਼ਾਨੇ 'ਤੇ; ਭਾਰਤ ਦੇ ਏ.ਆਈ. ਸੈਕਟਰ ਨੂੰ ਵੀ ਝਟਕਾ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਦਾ ਅਸਰ ਹੁਣ ਸਿੱਧੇ ਤੌਰ 'ਤੇ ਅਮਰੀਕਾ ਵਿੱਚ ਵਸਦੇ ਭਾਰਤੀਆਂ ਅਤੇ ਭਾਰਤ ਦੇ ਆਰਥਿਕ ਹਿੱਤਾਂ 'ਤੇ ਦਿਖਾਈ ਦੇਣ ਲੱਗਾ ਹੈ। ਇੱਕ ਪਾਸੇ ਜਿੱਥੇ ਅਮਰੀਕੀ ਇਮੀਗ੍ਰੇਸ਼ਨ ਵਿਭਾਗ ਵੱਲੋਂ ਗ਼ੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਹੁਣ ਤੱਕ ਦੀ ਸਭ ਤੋਂ ਵੱਡੀ ਮੁਹਿੰਮ ਚਲਾਈ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਟਰੰਪ ਪ੍ਰਸ਼ਾਸਨ ਨੇ ਭਾਰਤ ਵਿੱਚ ਡੇਟਾ ਸੈਂਟਰ ਬਣਾਉਣ ਵਾਲੀਆਂ ਅਮਰੀਕੀ ਕੰਪਨੀਆਂ 'ਤੇ ਭਾਰੀ ਟੈਕਸ ਲਗਾਉਣ ਦੀ ਚਿਤਾਵਨੀ ਦੇ ਕੇ ਨਵੀਂ ਹਲਚਲ ਮਚਾ ਦਿੱਤੀ ਹੈ। ਤਾਜ਼ਾ ਅੰਕੜਿਆਂ ਅਤੇ ਰਿਪੋਰਟਾਂ ਨੇ ਅਮਰੀਕਾ ਵਿੱਚ ਰਹਿੰਦੇ ਭਾਰਤੀ ਭਾਈਚਾਰੇ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਅਮਰੀਕਨ ਕਮਿਊਨਿਟੀ ਮੀਡੀਆ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ, ਜਨਵਰੀ 2025 ਤੋਂ ਅਗਸਤ 2026 ਦੇ ਵਿਚਕਾਰ ਯੂਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਨੇ 6,111 ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਅਮਰੀਕਾ ਦੇ ਇਤਿਹਾਸ ਵਿੱਚ ਭਾਰਤੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ।ਗ੍ਰਿਫ਼ਤਾਰ ਕੀਤੇ ਗਏ 6,111 ਭਾਰਤੀਆਂ ਵਿੱਚੋਂ 5,235 ਲੋਕਾਂ ਨੂੰ ਵੱਖ-ਵੱਖ ਨਜ਼ਰਬੰਦੀ ਕੇਂਦਰਾਂ ਵਿੱਚ ਰੱਖਿਆ ਗਿਆ। ਇਨ੍ਹਾਂ ਵਿੱਚੋਂ 2,349 ਭਾਰਤੀਆਂ ਨੂੰ ਵਾਪਸ ਭਾਰਤ ਡਿਪੋਰਟ (ਦੇਸ਼ ਨਿਕਾਲਾ) ਕਰ ਦਿੱਤਾ ਗਿਆ ਹੈ।



ਸਮਾਜਿਕ ਸੰਗਠਨ 'ਸਟਾਪ ਏ.ਏ.ਪੀ.ਆਈ. ਹੇਟ' ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਏਜੰਸੀ ਨੇ ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਛਾਪੇਮਾਰੀ ਬਹੁਤ ਤੇਜ਼ ਕਰ ਦਿੱਤੀ ਸੀ। ਸੰਗਠਨ ਅਨੁਸਾਰ, ਏਸ਼ੀਆ-ਪ੍ਰਸ਼ਾਂਤ ਖੇਤਰ ਦੇ ਦੇਸ਼ਾਂ ਵਿੱਚੋਂ ਸਭ ਤੋਂ ਵੱਧ ਨਿਸ਼ਾਨਾ ਭਾਰਤੀਆਂ ਨੂੰ ਬਣਾਇਆ ਗਿਆ ਹੈ। ਕੈਲੀਫੋਰਨੀਆ ਵਰਗੇ ਡੈਮੋਕ੍ਰੇਟਿਕ ਰਾਜ ਵਿੱਚ ਹੀ 850 ਤੋਂ ਵੱਧ ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿੱਚ ਫਰਿਜ਼ਨੋ, ਬੇਕਰਸਫੀਲਡ, ਸਟਾਕਟਨ ਅਤੇ ਸੈਨ ਬਰਨਾਰਡੀਨੋ ਵਰਗੇ ਸ਼ਹਿਰ ਸ਼ਾਮਲ ਹਨ, ਜਿੱਥੇ ਪੰਜਾਬੀ ਅਤੇ ਭਾਰਤੀ ਭਾਈਚਾਰੇ ਦੀ ਵੱਡੀ ਆਬਾਦੀ ਰਹਿੰਦੀ ਹੈ।

ਟਰੰਪ ਪ੍ਰਸ਼ਾਸਨ ਦੀ ਇਸ ਸਖ਼ਤੀ ਦੀ ਮਾਰ ਸਿਰਫ਼ ਗ਼ੈਰ-ਕਾਨੂੰਨੀ ਪਰਵਾਸੀਆਂ 'ਤੇ ਹੀ ਨਹੀਂ ਪੈ ਰਹੀ, ਸਗੋਂ ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕ ਵੀ ਪ੍ਰੇਸ਼ਾਨ ਹੋ ਰਹੇ ਹਨ। ਇਸ ਇਮੀਗ੍ਰੇਸ਼ਨ ਕਰੈਕਡਾਊਨ ਦਾ ਸਭ ਤੋਂ ਦਰਦਨਾਕ ਪੱਖ ਬੱਚਿਆਂ ਨਾਲ ਜੁੜਿਆ ਹੋਇਆ ਹੈ। ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਮੁਤਾਬਕ, ਸਾਲ 2023 ਤੋਂ ਲੈ ਕੇ ਹੁਣ ਤੱਕ 1,389 ਇਕੱਲੇ ਭਾਰਤੀ ਬੱਚਿਆਂ ਨੂੰ ਅਮਰੀਕੀ ਅਧਿਕਾਰੀਆਂ ਵੱਲੋਂ ਹਿਰਾਸਤ ਵਿੱਚ ਲਿਆ ਗਿਆ ਹੈ। ਚਿੰਤਾ ਦੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਬੱਚਿਆਂ ਨੂੰ ਅਜੇ ਤੱਕ ਵਾਪਸ ਭਾਰਤ ਨਹੀਂ ਭੇਜਿਆ ਗਿਆ ਅਤੇ ਉਹ ਅਮਰੀਕਾ ਵਿੱਚ ਬਿਨਾਂ ਕਿਸੇ ਸਰਪ੍ਰਸਤ ਦੇ ਰਹਿ ਰਹੇ ਹਨ।

ਸਾਲ ਦਰ ਸਾਲ ਫੜੇ ਗਏ ਇਕੱਲੇ ਭਾਰਤੀ ਬੱਚਿਆਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਵਿੱਤੀ ਸਾਲ 2023 ਵਿੱਚ 730 ਬੱਚਿਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ, ਜੋ 2024 ਵਿੱਚ ਘਟ ਕੇ 517 ਰਹਿ ਗਏ ਸਨ। ਇਸ ਤੋਂ ਬਾਅਦ ਟਰੰਪ ਪ੍ਰਸ਼ਾਸਨ ਦੀ ਸਖ਼ਤੀ ਕਾਰਨ ਇਹ ਗਿਣਤੀ ਤੇਜ਼ੀ ਨਾਲ ਹੇਠਾਂ ਆਈ ਅਤੇ 2025 ਵਿੱਚ ਸਿਰਫ਼ 91 ਬੱਚੇ ਫੜੇ ਗਏ, ਜਦੋਂ ਕਿ ਵਿੱਤੀ ਸਾਲ 2026 ਵਿੱਚ(ਬਾਕੀ ਸਫ਼ਾ 27 'ਤੇ)

ਟਰੰਪ-ਸ਼ੀ ਜਿਨਪਿੰਗ-ਪੁਤਿਨ ਦੀ ਤਿਕੋਣੀ ਮੀਟਿੰਗ 'ਚ ਹੋਈ ਵੱਖ ਵੱਖ ਮੁੱਦਿਆਂ 'ਤੇ ਚਰਚਾ

ਵਾਸ਼ਿੰਗਟਨ/ਏ.ਟੀ.ਨਿਊਜ਼: ਚੀਨ ਅਤੇ ਰੂਸ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਨਾਲ ਕਈ ਅਹਿਮ ਕੌਮਾਂਤਰੀ ਮੁੱਦਿਆਂ 'ਤੇ ਸਹਿਮਤੀ ਬਣੀ ਹੈ। ਇਨ੍ਹਾਂ ਵਿੱਚ ਯੁਨਾਇਟੇਡ ਨੇਸਨਜ਼ ਵਿੱਚ ਸੁਧਾਰ, ਵਿਸ਼ਵ ਪੱਧਰ 'ਤੇ ਤੇਲ ਦੀ ਸਪਲਾਈ ਵਧਾਉਣਾ ਅਤੇ ਪ੍ਰਮਾਣੂ ਹਥਿਆਰਾਂ ਦੇ ਖ਼ਤਰੇ ਨੂੰ ਘਟਾਉਣ ਲਈ ਗੱਲਬਾਤ ਸ਼ਾਮਲ ਹੈ। ਤਿੰਨਾਂ ਦੇਸ਼ਾਂ ਵਿਚਾਲੇ ਹੋਈ ਗੱਲਬਾਤ ਵਿੱਚ ਯੂ.ਐਨ.ਓ. ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ, ਊਰਜਾ ਸੁਰੱਖਿਆ ਮਜ਼ਬੂਤ ਕਰਨ ਅਤੇ ਪ੍ਰਮਾਣੂ ਹਥਿਆਰਾਂ ਦੇ ਫੈਲਾਅ ਨੂੰ ਰੋਕਣ ਵਰਗੇ ਮੁੱਦਿਆਂ 'ਤੇ ਵਿਚਾਰ ਕੀਤਾ ਗਿਆ ਹੈ।

ਇਸ ਤੋਂ ਇਲਾਵਾ, ਕੌਮਾਂਤਰੀ ਅਪਰਾਧਿਕ ਅਦਾਲਤ ਦੇ ਅਧਿਕਾਰ ਖੇਤਰ ਅਤੇ ਸਰਕਾਰੀ ਅਧਿਕਾਰੀਆਂ ਨੂੰ ਕਾਨੂੰਨੀ ਸੁਰੱਖਿਆ ਦੇਣ ਬਾਰੇ ਵੀ ਚਰਚਾ ਹੋਈ। ਪਿਛਲੇ ਸਮੇਂ ਦੌਰਾਨ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਖ਼ਿਲਾਫ਼ ਕਾਰਵਾਈ ਨੂੰ ਲੈਕੇ ਅਮਰੀਕਾ ਅਤੇ ਯੁਨਾਇਟੇਡ ਨੇਸਨਜ਼ ਵਿਚਾਲੇ ਤਲਖ਼ੀ ਦਾ ਮਾਹੌਲ ਬਣਿਆ ਰਿਹਾ। ਤਿੰਨਾਂ ਦੇਸ਼ਾਂ ਨੇ ਸਪੱਸ਼ਟ ਕੀਤਾ ਕਿ ਪ੍ਰਮਾਣੂ ਜੰਗ ਵਿੱਚ ਕਿਸੇ ਦੀ ਜਿੱਤ ਨਹੀਂ ਹੋ ਸਕਦੀ ਅਤੇ ਅਜਿਹੀ ਜੰਗ ਕਦੇ ਨਹੀਂ ਲੜੀ ਜਾਣੀ ਚਾਹੀਦੀ। ਇਸ ਸਹਿਮਤੀ ਨੂੰ ਦੁਨੀਆ ਦੀਆਂ ਤਿੰਨ ਵੱਡੀਆਂ ਤਾਕਤਾਂ ਵਿਚਾਲੇ ਕੂਟਨੀਤਕ ਸਹਿਯੋਗ ਵਧਾਉਣ ਦੀ ਇੱਕ ਅਹਿਮ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।



ਅਮਰੀਕਾ, ਚੀਨ ਅਤੇ ਰੂਦੇ ਦੇ ਰਾਸ਼ਟਰਪਤੀਆਂ ਟਰੰਪ-ਸ਼ੀ ਜਿਨਪਿੰਗ-ਪੁਤਿਨ ਦੀ ਬਹੁਚਰਚਿਤ ਤਿਕੋਣੀ ਮੀਟਿੰਗ ਸਮਾਪਤ ਹੋ ਗਈ ਹੈ। ਸਾਂਝੇ ਬਿਆਨ ਦੇ ਚਾਰ ਮੁੱਖ ਨੁਕਤੇ ਕੁਝ ਇਸ ਤਰ੍ਹਾਂ ਸਨ:

ਪ੍ਰਮਾਣੂ ਜੰਗ ਬੁਰੀ ਹੈ। ਕੌਮਾਂਤਰੀ ਅਪਰਾਧਿਕ ਅਦਾਲਤ ਦੀ ਲੋੜ ਨਹੀਂ। ਤੇਲ ਅਤੇ ਪੈਟਰੋਲੀਅਮ ਉਤਪਾਦ ਚੰਗੇ ਹਨ। ਸੰਯੁਕਤ ਰਾਸ਼ਟਰ ਨੂੰ ਆਪਣੀ ਕਾਰਗੁਜ਼ਾਰੀ ਵਿੱਚ ਹੋਰ ਸੁਧਾਰ ਕਰਨ ਦੀ ਲੋੜ ਹੈ।

ਇਸ ਮੌਕੇ ਡੋਨਾਲਡ ਟਰੰਪ ਨੇ ਕਿਹਾ ਕਿ ਤਿੰਨੋਂ ਦੇਸ਼ ਦੁਨੀਆ ਦੀਆਂ ਸਭ ਤੋਂ ਵੱਡੀਆਂ ਪ੍ਰਮਾਣੂ ਤਾਕਤਾਂ ਹਨ ਅਤੇ ਉਨ੍ਹਾਂ ਦੀ ਵਿਸ਼ਵ ਸ਼ਾਂਤੀ ਬਣਾਈ ਰੱਖਣ ਵਿੱਚ ਵਿਸ਼ੇਸ਼ ਜ਼ਿੰਮੇਵਾਰੀ ਹੈ। ਪ੍ਰਮਾਣੂ ਹਥਿਆਰਾਂ ਨੂੰ ਘਟਾਉਣ ਬਾਰੇ ਗੱਲਬਾਤ ਹੋਣੀ ਚਾਹੀਦੀ ਹੈ। ਗੱਲਬਾਤ ਦੇ ਮੌਕਿਆਂ ਨੂੰ ਰੱਦ ਕਰਕੇ ਕਦੇ ਵੀ ਸ਼ਾਂਤੀ ਕਾਇਮ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਮੀਟਿੰਗ ਨੂੰ ਇਤਿਹਾਸ ਰਚਣ ਵਾਲੀ ਦੱਸਿਆ। ਉਨ੍ਹਾਂ ਨੇ ਰੂਸ ਅਤੇ ਚੀਨ ਨਾਲ ਚੰਗੇ ਸਬੰਧਾਂ ਦੀ ਗੱਲ ਕੀਤੀ।ਇਸ ਮੌਕੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਸਪੱਸ਼ਟ ਸੰਦੇਸ਼ ਦਿੱਤਾ ਕਿ ਤਿੰਨਾਂ ਦੇਸ਼ਾਂ ਨੂੰ ਸ਼ਾਂਤੀ ਬਣਾਈ ਰੱਖਣ ਅਤੇ ਟਕਰਾਅ ਤੋਂ ਬਚਣ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।ਇਸ ਮੀਟਿੰਗ ਦੌਰਾਨ ਪੁਤਿਨ ਨੇ ਕਿਹਾ ਕਿ ਤਿੰਨਾਂ ਦੇਸ਼ਾਂ ਦੇ ਕਈ ਸਾਂਝੇ ਹਿੱਤ ਹਨ। ਯੂਕ੍ਰੇਨ ਸਮੇਤ ਦੁਨੀਆ ਦੇ ਵੱਖ-ਵੱਖ ਖੇਤਰਾਂ ਦੇ ਸੰਘਰਸ਼ਾਂ ਦਾ ਹੱਲ ਲੱਭਣ ਲਈ ਸਹਿਯੋਗ ਕਰਨਾ ਚਾਹੀਦਾ ਹੈ। ਤਿੰਨਾਂ ਦੇਸ਼ਾਂ ਦੀ ਵਿਸ਼ਵ ਸ਼ਾਂਤੀ ਅਤੇ ਸੁਰੱਖਿਆ ਬਣਾਈ ਰੱਖਣ ਵਿੱਚ ਸਾਂਝੀ ਜ਼ਿੰਮੇਵਾਰੀ ਹੈ। ਊਰਜਾ ਸੁਰੱਖਿਆ ਅਤੇ ਵਿਸ਼ਵ ਪੱਧਰੀ ਸਥਿਰਤਾ ਬਾਰੇ ਵਿਚਾਰ-ਵਟਾਂਦਰਾ ਹੋਣਾ ਚਾਹੀਦਾ ਹੈ। ਅਮਰੀਕਾ ਵੀ ਉਸਾਰੂ ਸਹਿਯੋਗ ਰਾਹੀਂ ਵਿਸ਼ਵ ਸਥਿਰਤਾ ਮਜ਼ਬੂਤ ਕਰ ਸਕਦਾ ਹੈ। (ਬਾਕੀ ਸਫ਼ਾ 26 'ਤੇ)

2032 ਤੱਕ ਬੰਦ ਹੋਵੇਗੀ ਨਿਊਯਾਰਕ ਦੀ 'ਰਾਈਕਰਜ਼ ਆਈਲੈਂਡ' ਜੇਲ੍ਹ, ਬਣਨਗੀਆਂ 4 ਨਵੀਆਂ ਜੇਲ੍ਹਾਂ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਨਿਊਯਾਰਕ ਸ਼ਹਿਰ ਦੀ ਸਭ ਤੋਂ ਬਦਨਾਮ ਅਤੇ ਵਿਵਾਦਿਤ 'ਰਾਈਕਰਜ਼ ਆਈਲੈਂਡ ਜੇਲ੍ਹ' ਨੂੰ ਲੈ ਕੇ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਨਿਊਯਾਰਕ ਦੇ ਮੇਅਰ ਜ਼ੋਹਰਾਨ ਮਮਦਾਨੀ ਨੇ ਐਲਾਨ ਕੀਤਾ ਹੈ ਕਿ ਅਗਲੇ ਛੇ ਸਾਲਾਂ ਵਿੱਚ ਯਾਨੀ ਸਾਲ 2032 ਤੱਕ ਇਸ ਜੇਲ੍ਹ ਕੰਪਲੈਕਸ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇਗਾ। ਮੇਅਰ ਮਮਦਾਨੀ ਨੇ ਇਸ ਸਬੰਧੀ ਇੱਕ ਵਿਆਪਕ ਯੋਜਨਾ ਪੇਸ਼ ਕੀਤੀ ਹੈ, ਜਿਸ ਤਹਿਤ ਇਸ ਪੁਰਾਣੀ ਜੇਲ੍ਹ ਨੂੰ ਬੰਦ ਕਰਕੇ ਸ਼ਹਿਰ ਵਿੱਚ ਚਾਰ ਨਵੀਆਂ ਜੇਲ੍ਹਾਂ ਬਣਾਈਆਂ ਜਾਣਗੀਆਂ ਅਤੇ ਹਿਰਾਸਤ ਵਿੱਚ ਰੱਖੇ ਜਾਣ ਵਾਲੇ ਕੈਦੀਆਂ ਦੀ ਗਿਣਤੀ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾਵੇਗਾ।

ਜ਼ੋਹਰਾਨ ਮਮਦਾਨੀ ਸ਼ੁਰੂ ਤੋਂ ਹੀ ਰਾਈਕਰਜ਼ ਜੇਲ੍ਹ ਨੂੰ ਬੰਦ ਕਰਨ ਦੇ ਹੱਕ ਵਿੱਚ ਰਹੇ ਹਨ। ਹਾਲਾਂਕਿ, ਨਵੀਆਂ ਜੇਲ੍ਹਾਂ ਬਣਾਉਣ ਦੀ ਇਸ ਯੋਜਨਾ ਦਾ ਪਹਿਲਾਂ ਕਾਫ਼ੀ ਵਿਰੋਧ ਵੀ ਹੁੰਦਾ ਰਿਹਾ ਹੈ, ਜਿਸ ਵਿੱਚ ਸਾਬਕਾ ਮੇਅਰ ਐਰਿਕ ਐਡਮਜ਼ ਵੀ ਸ਼ਾਮਲ ਸਨ। ਇਸ ਜੇਲ੍ਹ ਨੂੰ ਬੰਦ ਕਰਨ ਦਾ ਮਤਾ 2019 ਵਿੱਚ ਸਿਟੀ ਕੌਂਸਲ ਵੱਲੋਂ ਪਾਸ ਕੀਤਾ ਗਿਆ ਸੀ, ਪਰ ਕੈਦੀਆਂ ਨੂੰ ਕਿੱਥੇ ਤਬਦੀਲ ਕੀਤਾ ਜਾਵੇਗਾ, ਇਸ ਪ੍ਰਬੰਧਕੀ ਮੁਸ਼ਕਿਲ ਕਾਰਨ ਇਹ ਯੋਜਨਾ ਲਟਕਦੀ ਆ ਰਹੀ ਸੀ। ਹੁਣ ਮੇਅਰ ਮਮਦਾਨੀ ਨੇ ਡਾਨਾ ਕਪਲਾਨ ਨੂੰ ਇਸ ਪੂਰੀ ਯੋਜਨਾ ਦਾ ਮੁਖੀ ਨਿਯੁਕਤ ਕੀਤਾ ਹੈ। ਡਾਨਾ ਕਪਲਾਨ ਦਾ ਕਹਿਣਾ ਹੈ ਕਿ ਇਹ ਸਿਰਫ਼ ਇੱਕ ਖਸਤਾਹਾਲ ਇਮਾਰਤ ਤੋਂ ਛੁਟਕਾਰਾ ਪਾਉਣ ਦੀ ਗੱਲ ਨਹੀਂ ਹੈ, ਸਗੋਂ ਇਹ ਇੱਕ ਇਤਿਹਾਸਕ ਮੌਕਾ ਹੈ ਜਿਸ ਰਾਹੀਂ ਅਸੀਂ ਨਿਆਂ ਅਤੇ ਹਿਰਾਸਤ ਪ੍ਰਣਾਲੀ ਨੂੰ ਵਧੇਰੇ ਮਨੁੱਖੀ ਅਤੇ ਬਿਹਤਰ ਬਣਾ ਸਕਦੇ ਹਾਂ।

ਰਾਈਕਰਜ਼ ਆਈਲੈਂਡ ਜੇਲ੍ਹ ਬਾਰੇ 5 ਅਹਿਮ ਗੱਲਾਂ: ਰਾਈਕਰਜ਼ ਆਈਲੈਂਡ ਜੇਲ੍ਹ ਕੰਪਲੈਕਸ ਕੁਈਨਜ਼ ਅਤੇ ਬ੍ਰੌਂਕਸ ਦੇ ਵਿਚਕਾਰ 413 ਏਕੜ ਦੇ ਇੱਕ ਟਾਪੂ 'ਤੇ ਬਣਿਆ ਹੋਇਆ ਹੈ। ਇੱਥੋਂ ਦੇ ਮਾੜੇ ਹਾਲਾਤਾਂ ਅਤੇ ਕੈਦੀਆਂ ਨਾਲ ਹੋਣ ਵਾਲੇ ਸਲੂਕ ਕਾਰਨ ਇਸ ਨੂੰ 'ਗਲੈਡੀਏਟਰ ਸਕੂਲ' ਅਤੇ 'ਟਾਰਚਰ ਆਈਲੈਂਡ' (ਤਸੀਹਿਆਂ ਵਾਲਾ ਟਾਪੂ) ਵੀ ਕਿਹਾ ਜਾਂਦਾ ਹੈ। ਇਸ ਜੇਲ੍ਹ ਵਿੱਚ ਟੂਪੈਕ ਸ਼ਕੂਰ, ਡੀਐਮਐਕਸ ਅਤੇ ਹਾਰਵੇ ਵਾਈਨਸਟੀਨ ਵਰਗੇ ਕਈ ਹਾਈ-ਪ੍ਰੋਫਾਈਲ ਕੈਦੀ ਵੀ ਸਜ਼ਾ ਕੱਟ ਚੁੱਕੇ ਹਨ। ਇੱਥੇ ਇੱਕ ਸਮੇਂ ਵਿੱਚ 6,500 ਤੋਂ ਵੱਧ ਕੈਦੀ ਰੱਖੇ ਜਾਂਦੇ ਹਨ।

ਪਿਛਲੇ ਕਈ ਦਹਾਕਿਆਂ ਤੋਂ ਇਹ ਜੇਲ੍ਹ ਕੈਦੀਆਂ ਨਾਲ ਦੁਰਵਿਵਹਾਰ, ਲੋੜ ਤੋਂ ਵੱਧ ਭੀੜ, ਹਿੰਸਾ ਅਤੇ ਖਸਤਾਹਾਲ ਇਮਾਰਤਾਂ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਅਤੇ ਆਲੋਚਨਾ ਦਾ ਵਿਸ਼ਾ ਬਣੀ ਹੋਈ ਹੈ। ਇੱਥੇ ਬੁਨਿਆਦੀ ਸਹੂਲਤਾਂ ਦੀ ਭਾਰੀ ਘਾਟ ਕਾਰਨ ਕੈਦੀਆਂ ਦੀ ਹਾਲਤ ਬੇਹੱਦ ਤਰਸਯੋਗ ਬਣੀ ਹੋਈ ਹੈ।

ਇਹ ਅਮਰੀਕਾ ਦੇ ਸਭ ਤੋਂ ਵੱਡੇ ਜੇਲ੍ਹ ਕੰਪਲੈਕਸਾਂ ਵਿੱਚੋਂ ਇੱਕ ਹੈ। ਨਿਊਯਾਰਕ ਸ਼ਹਿਰ ਨੇ 1884 ਵਿੱਚ ਇਹ ਟਾਪੂ ਖਰੀਦਿਆ ਸੀ (ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਦਿੱਲੀ 'ਚ ਹੱਥ ਮਿਲੇ, ਪੰਜਾਬ 'ਚ ਇਮਤਿਹਾਨ



ਬਲਰਾਜ ਪੰਨੂੰ

ਲੰਘੇ ਦਿਨੀਂ ਦਿੱਲੀ ਵਿੱਚ ਭਾਜਪਾ ਦੇ ਮੁੱਖ ਦਫ਼ਤਰ ਵਿੱਚੋਂ ਅਮਿਤ ਸ਼ਾਹ ਵੱਲੋਂ ਫ਼ੁੱਲਾਂ ਦਾ ਗੁਲਦਸਤਾ ਸੁਖਬੀਰ ਬਾਦਲ ਨੂੰ ਫੜਾਉਂਦਿਆਂ ਜੋ ਵੀਡੀਓ ਜਾਂ ਫੋਟੋ ਰਿਲੀਜ਼ ਕੀਤੀ ਗਈ, ਉਹ ਪੂਰੇ ਭਾਰਤ ਦੇ ਲਈ ਤਾਂ ਹੈਰਾਨੀਜਨਕ ਹੋ ਸਕਦੀ ਹੈ ਪਰ ਪੰਜਾਬ ਲਈ ਇਹ ਨਵੀਂ ਨਹੀਂ। ਅਮਿਤ ਸ਼ਾਹ, ਨਿਤਿਨ ਨਬੀਨ ਤੇ ਸੁਖਬੀਰ ਬਾਦਲ ਇਕੱਠੇ ਬੈਠੇ ਤੇ ਐਲਾਨ ਕਰ ਦਿੱਤਾ ਕਿ ਪੰਜਾਬ ਵਿੱਚ ਉਹ ਇਕੱਠੇ ਚੋਣ ਲੜਨਗੇ। ਪੱਤਰਕਾਰ ਸੰਮੇਲਨ ਵਿੱਚ ਸੁਖਬੀਰ ਬਾਦਲ ਭਾਵੇਂ ਚੁੱਪ ਸੀ ਪਰ ਕਈ ਵਾਰੀ ਚੁੱਪ ਵੀ ਬਹੁਤ ਕੁੱਝ ਕਹਿ ਜਾਂਦੀ ਹੈ। ਦੂਜੇ ਪਾਸੇ ਅਮਿਤ ਸ਼ਾਹ ਨੇ ਪੰਜਾਬ ਨੂੰ ਵੱਡਾ ਭਰਾ ਤੇ ਆਪਣੇ ਆਪ ਨੂੰ ਛੋਟਾ ਭਰਾ ਦੱਸਿਆ ਜਿਸ ਦਾ ਸਿੱਧਾ ਮਤਲਬ ਇਹ ਸੀ ਕਿ ਜੇ ਕੋਈ ਸੀ.ਐਮ. ਹੋਵੇਗਾ ਤਾਂ ਉਹ ਅਕਾਲੀ ਪਾਰਟੀ ਦੇ ਵਿਚੋਂ ਹੋਵੇਗਾ। ਸੁਖਬੀਰ ਬਾਦਲ ਅੱਜ ਤੱਕ ਸੀ.ਐਮ. ਨਹੀਂ ਰਹੇ ਪਰ ਸੁਪਨੇ ਵੇਖਣਾ ਕੋਈ ਬੁਰੀ ਗੱਲ ਤਾਂ ਨਹੀਂ ਹੈ। ਸਤੰਬਰ 2020 ਦੇ ਵਿੱਚ ਤਿੰਨੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਅਕਾਲੀ ਦਲ ਬਾਦਲ ਨੇ ਭਾਜਪਾ ਦੇ ਨਾਲੋਂ ਨਾਤਾ ਤੋੜਿਆ। ਬੀਬੀ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫ਼ਾ ਦਿੱਤਾ। ਅਕਾਲੀ ਦਲ ਨੇ ਕਿਸਾਨ ਅੰਦੋਲਨ ਦੌਰਾਨ ਭਾਜਪਾ ਨਾਲ ਇਹ ਕਹਿ ਕੇ ਗੱਠਜੋੜ ਤੋੜਿਆ ਸੀ ਕਿ ਉਹ ਕਿਸਾਨਾਂ ਨਾਲ ਖੜੇ ਹਨ। ਕੀ ਕਿਸਾਨਾਂ ਦੇ ਮਸਲੇ ਹੱਲ ਹੋ ਗਏ ਨੇ? ਕੀ ਕਿਸਾਨਾਂ ਦੀ ਐਮ.ਐਸ.ਪੀ. ਦੀ ਮੰਗ ਪੂਰੀ ਹੋ ਗਈ ਹੈ? ਅਸਲ ਗੱਲ ਕੁਰਸੀ 'ਤੇ ਆ ਕੇ ਨਿਬੜਦੀ ਹੈ। ਜੋ ਅਕਾਲੀ ਦਲ ਕਦੇ ਪੰਜਾਬ ਦੇ ਵਿੱਚ ਸਰਕਾਰਾਂ ਬਣਾਉਂਦਾ ਤੇ ਵਿਗਾੜਦਾ ਸੀ, ਉਸ ਨੇ ਕੁਝ ਅਜਿਹੀਆਂ ਗਲਤੀਆਂ ਕੀਤੀਆਂ ਕਿ ਲੋਕਾਂ ਨੇ ਵਿਧਾਨ ਸਭਾ ਦੀ ਇੱਕ ਨੁਕਰ ਵਾਲੀ ਬੈਂਚ 'ਤੇ ਉਹਨਾਂ ਨੂੰ ਬੈਠਾ ਦਿੱਤਾ।

ਸੱਚ ਹੈ ਕਿ ਪੰਜਾਬ ਦੇ ਵਿੱਚ ਨਾ ਭਾਜਪਾ ਕੋਲ ਜ਼ਮੀਨ ਆਪਣੀ ਹੈ ਤੇ ਨਾ ਹੀ ਅਕਾਲੀਆਂ ਦੇ ਕੋਲ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਨੇ ਕਿ ਬੇਅਦਬੀਆਂ ਵਾਲੀ ਪਾਰਟੀ ਅਤੇ ਚੰਦਾ ਚੋਰਾਂ ਦੀ ਪਾਰਟੀ 'ਕੱਠੀਆਂ ਹੋ ਗਈਆਂ ਨੇ। ਅਸਲ ਦੇ ਵਿੱਚ ਇਹ ਦੋਵਾਂ ਪਾਰਟੀਆਂ ਦੀ ਮਜਬੂਰੀ ਹੈ ਕਿਉਂਕਿ 2022 ਦੌਰਾਨ ਵਿਧਾਨ ਸਭਾ ਚੋਣਾਂ ਵਿੱਚ ਵੱਖਰੇ- ਵੱਖਰੇ ਲੜ ਕੇ ਅਕਾਲੀ ਦਲ ਬਾਦਲ ਤਿੰਨ ਤੇ ਭਾਜਪਾ 2 ਸੀਟਾਂ 'ਤੇ ਆ ਕੇ ਸਿਮਟ ਗਈ ਸੀ। ਚੌਵੀ ਸਾਲ ਪੁਰਾਣਾ ਗੱਠਜੋੜ ਓਹੀ ਆ,ਪਰ ਲੋਕ ਸਰਕਾਰਾਂ ਦੇ ਰਵੱਈਏ ਤੋਂ ਬਹੁਤ ਸਮਝਦਾਰ ਤੇ ਸਰਕਾਰਾਂ ਦੀਆਂ ਰਮਜ਼ਾਂ ਨੂੰ ਪਛਾਨਣ ਵਾਲੇ ਸਾਬਤ ਹੋ ਰਹੇ ਹਨ। ਇੱਥੇ ਇਹ ਗੱਲ ਦੱਸਣਯੋਗ ਹੈ ਕਿ ਪੰਜਾਬ ਦੇ ਵਿੱਚ ਅੱਜ ਤੱਕ ਕਿਸੇ ਵੀ ਸਰਕਾਰ ਨੇ ਲਗਾਤਾਰ 10 ਸਾਲ ਰਾਜ ਨਹੀਂ ਕੀਤਾ ਪਰ ਇਸ ਗਠਜੋੜ ਨੇ ਸੱਤਾ ਦਾ ਲਗਾਤਾਰ ਦੋ ਟਰਮਾਂ ਦੇ ਵਿੱਚ ਆਨੰਦ ਮਾਣਿਆ ਹੈ। ਪਰ ਹੁਣ ਇਹਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ " ਜਿੱਥੇ ਗਈਆਂ ਬੇੜੀਆਂ ਤੇ ਉੱਥੇ ਗਏ ਮਲਾਹ।" ਭਾਵ ਨਾ ਤਾਂ ਪਹਿਲਾਂ ਵਾਲੇ ਵੋਟਰ ਰਹੇ ਨੇ, ਤੇ ਨਾ ਹੀ ਪਹਿਲਾਂ ਵਾਲੇ ਚਿਕਨੀਆਂ ਚੌਪੜੀਆਂ ਗੱਲਾਂ ਕਰਨ ਵਾਲੇ ਜਾਂ ਮੌਕੇ 'ਤੇ ਚੌਕਾ ਮਾਰਨ ਵਾਲੇ। ਹੁਣ ਤਾਂ ਸੁਖਬੀਰ ਬਾਦਲ ਨੂੰ ਡੀ.ਐਨ.ਏ. ਵਾਲੀ ਗੱਲ ਦਾ ਵੀ ਜਵਾਬ ਦੇਣਾ ਔਖਾ ਹੋਇਆ ਪਿਆ ਹੈ। ਕਿਸੇ ਸ਼ਾਇਰ ਨੇ ਕਿਹਾ ਸੀ ਕਿ 'ਦੁਸ਼ਮਣੀ ਜੰਮ ਕਰ ਕਰੋ, ਲੇਕਿਨ ਯੇ ਗੁੰਜਾਰਿਸ਼ ਰਹੇ, ਕਿ ਜਬ ਕਭੀ ਹਮ ਦੋਸਤ ਹੋ ਜਾਏਂ, ਤੋ ਸ਼ਰਮਿੰਦਾ ਨਾ ਹੋ' ਪਰ ਸਿਆਸਤ ਦੇ ਵਿੱਚ ਸ਼ਰਮਿੰਦਾ ਹੋਣਾ ਕਿਸ ਨੂੰ ਕਹਿੰਦੇ ਨੇ, ਇਹ ਤਾਂ ਸ਼ਾਇਦ ਏਨਾ ਦੇ ਚਿੱਤ ਚੇਤਿਆਂ ਵਿੱਚ ਵੀ ਨਹੀਂ।

ਇਸ ਗੱਠਜੋੜ 'ਤੇ ਕੁੱਝ ਬੁੱਧੀਜੀਵੀ ਇਹ ਗੱਲ ਕਹਿੰਦੇ ਨੇ ਕਿ ਸਰਵੇ ਵਿੱਚ ਆਇਆ ਹੈ ਕਿ ਇਹ ਦੋਵੇਂ ਸਿਆਸੀ ਪਾਰਟੀਆਂ ਗੱਠਜੋੜ ਦੇ ਰੂਪ ਵਿੱਚ ਪੰਜਾਬ ਦੀ ਸੱਤਾ ਵਿੱਚ ਆ ਸਕਦੀਆਂ ਨੇ ਪਰ ਇਹਨਾਂ ਦੋਵਾਂ ਦੀ ਵਿਚਾਰਧਾਰਾ ਬਿਲਕੁਲ ਵੱਖਰੀ ਹੈ ਤੇ ਕਲੈਕ ਵੀ ਵੱਖੋ ਵੱਖਰੇ ਨੇ। ਗੱਲ ਕਰੀਏ ਅਕਾਲੀ ਦਲ ਪਾਰਟੀ ਦੀ, ਤਾਂ ਬੇਅਦਬੀ ਵਾਲਾ ਮਾਮਲਾ, ਰਾਮ ਰਹੀਮ ਦੀ ਮੁਆਫ਼ੀ ਤੇ ਬੰਦੀ ਸਿੰਘਾਂ ਦੀ ਰਿਹਾਈ ਵਰਗੇ ਮੁੱਦਿਆਂ 'ਤੇ ਅਲੱਗ ਅਲੱਗ ਵਿਚਾਰ ਨੇ ਤੇ ਇਹੀ ਮਸਲਿਆਂ ਨੇ ਹੀ ਪੰਜਾਬ ਵਿਚੋਂ ਅਕਾਲੀਆਂ ਦਾ ਸੱਤਾ ਦਾ ਤਖ਼ਤਾ ਉਲਟਾ ਦਿੱਤਾ ਸੀ। ਬੀਜੇਪੀ ਕਿਸਾਨ ਵਿਰੋਧੀ ਨੀਤੀਆਂ ਕਰਕੇ ਲੋਕਾਂ ਦੇ ਦਿਲੋਂ ਲੱਥੀ ਹੋਈ ਪਾਰਟੀ ਹੈ। ਦੂਜੇ ਪਾਸੇ ਅਕਾਲੀ ਦਲ ਦੇ ਨਾਰਾਜ਼ ਲੀਡਰ ਬੀਜੇਪੀ ਦੇ ਪੱਲੜੇ ਵਿੱਚ ਬੈਠ ਗਏ ਸਨ। ਹੁਣ ਸਟੇਜ਼ ਸਾਂਝੀ ਕਰਨੀ ਉਹਨਾਂ ਲਈ ਵੀ ਇੱਕ ਮਸਲਾ ਹੋਵੇਗਾ। ਦੂਜੇ ਪਾਸੇ ਬਾਦਲ ਧਿਰ ਦੇ ਲਈ ਸਿੱਖ ਵੋਟ ਨੂੰ ਇਕੱਠੇ ਕਰਨਾ ਇੱਕ ਵੱਡਾ ਮਸਲਾ ਹੋਵੇਗਾ ਕਿਉਂਕਿ ਬਾਦਲਾਂ ਦੀ ਰਵਾਇਤੀ ਵੋਟ ਕੁਝ ਤਾਂ ਟੁੱਟ ਕੇ ਵਾਰਿਸ ਪੰਜਾਬ ਪਾਰਟੀ ਦੇ ਨਾਲ ਤੇ ਕੁਝ ਅਕਾਲੀ ਦਲ ਪੁਨਰ ਸੁਰਜੀਤ ਦੇ ਨਾਲ ਜੁੜ ਚੁੱਕੀ ਹੈ। ਪੁਨਰ ਸੁਰਜੀਤ ਪਾਰਟੀ ਤੋਂ ਯਾਦ ਆਇਆ ਕਿ ਕੱਲ੍ਹ ਗਿਆਨੀ ਹਰਪ੍ਰੀਤ ਸਿੰਘ ਨੇ ਟਿੱਪਣੀ ਕੀਤੀ ਸੀ ਕਿ "ਚੰਦਾ ਚੋਰ ਤੇ ਗੋਲਕ ਚੋਰ ਦੇ ਦੁਬਾਰਾਂ ਵਿਆਹ ਦੀਆਂ ਰਸਮਾਂ ਪੂਰੀਆਂ ਹੋਣ ਦੀਆਂ ਮੁਬਾਰਕਾਂ। ਵੈਸੇ ਡੀ.ਐਨ .ਏ .ਟੈਸਟ ਕਦੋਂ ਕਰਵਾਇਆ ਜਾ ਰਿਹਾ ਪ੍ਰਧਾਨ ਦਾ? ਤੇ ਕਿੱਥੇ ਕਰਵਾਇਆ ਜਾ ਰਿਹਾ?"

ਵੈਸੇ ਇੱਕ ਕੌਮ ਦੀ ਨੁਮਾਇੰਦਗੀ ਕਰ ਚੁੱਕੀ ਸਖ਼ਸ਼ੀਅਤ ਨੂੰ ਇਹੋ ਜਿਹਾ ਬਿਆਨ ਸ਼ੋਭਦਾ ਨਹੀਂ ਹੈ। ਚਲੋ ਖ਼ੈਰ! ਰਾਜਨੀਤੀ ਦੀ ਪਾਣ ਚੜ੍ਹੀ ਤੇ ਗੱਲਾਂ ਮੂੰਹ ਵਿਚੋਂ ਫਿਸਲ ਹੀ ਜਾਂਦੀਆਂ ਨੇ।

ਗੱਠਜੋੜ ਤਾਂ ਹੋ ਗਿਆ ਪਰ ਅਸਲੀ ਗੱਲ ਸੀਟਾਂ ਦੀ ਵੰਡ ਦੀ ਹੈ। ਹਾਲਾਂ ਕਿ ਇਹ ਕੰਮ ਭਾਜਪਾ ਬੜੇ ਵਧੀਆ ਤਰੀਕੇ ਦੇ ਨਾਲ ਨਿਭਾਉਂਦੀ ਹੈ। ਪੰਜਾਬ ਦੇ ਵਿੱਚ 117 ਸੀਟਾਂ ਨੇ, ਸਭ ਤੋਂ ਪੁਰਾਣੇ ਫਾਰਮੂਲੇ ਦੀ ਗੱਲ ਕਰੀਏ ਭਾਵ 1997 ਤੋਂ 2017 ਤੱਕ ਚੋਣਾਂ ਦੀ ਗੱਲ ਕਰੀਏ ਤਾਂ ਉਦੋਂ ਅਕਾਲੀ ਦਲ ਪਿੰਡਾਂ ਦੇ ਵਿਚੋਂ ਸੀਟਾਂ ਆਰਾਮ ਨਾਲ ਕੱਢ ਲੈਂਦਾ ਸੀ ਤੇ ਭਾਜਪਾ ਸ਼ਹਿਰੀ ਹਿੰਦੂ ਸੀਟਾਂ 'ਤੇ ਕਬਜ਼ਾ ਜਮਾ ਲੈਂਦੀ ਸੀ ਪਰ ਹੁਣ ਭਾਜਪਾ ਏਸ ਫਾਰਮੂਲੇ 'ਤੇ ਰਾਜੀ ਨਹੀਂ ਹੈ। ਸੰਭਾਵਨਾ ਇਹ ਹੈ ਕਿ ਨਵਾਂ ਫਾਰਮੂਲਾ ਇਹ ਹੋ ਸਕਦਾ ਹੈ ਕਿ ਅਕਾਲੀ ਦਲ 75 ਤੋਂ 82 ਤੇ ਭਾਜਪਾ 35 ਤੋਂ 42 ਸੀਟਾਂ ਦੇ ਵਿੱਚ ਲੜ ਸਕਦੀ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਦੇ ਵਿੱਚ ਭਾਜਪਾ ਦਾ ਵੋਟ ਸ਼ੇਅਰ 18.56 ਫ਼ੀਸਦੀ ਤੇ ਅਕਾਲੀ ਦਲ ਦਾ 13 ਫ਼ੀਸਦੀ ਤੋਂ ਕੁਝ ਵਧੇਰੇ ਸੀ। ਇਸ ਆਧਾਰ 'ਤੇ ਵੀ ਭਾਜਪਾ 30 ਤੋਂ 40 ਸੀਟਾਂ ਦੀ ਮੰਗ ਰੱਖ ਸਕਦੀ ਹੈ। ਸੁਣਨ ਵਿੱਚ ਤਾਂ ਇਹ ਵੀ ਆ ਰਿਹਾ ਹੈ ਕਿ ਬਰਾਬਰੀ ਦੀਆਂ ਸੀਟਾਂ 'ਤੇ ਵੀ ਗੱਲ ਹੋ ਸਕਦੀ ਹੈ ਕਾਰਨ ਇਹ ਕਿ ਭਾਜਪਾ ਦੇ ਵਿੱਚ ਸ਼ਾਮਲ ਸੁਨੀਲ ਜਾਖੜ ਤੇ ਕੇਵਲ ਸਿੰਘ ਢਿੱਲੋਂ ਦਾ ਗੁੱਟ ਇਹ ਮੰਨਦਾ ਹੈ ਕਿ ਪਿਛਲੇ ਕੁਝ ਸਾਲਾਂ ਦੇ ਵਿੱਚ ਦਲਿਤ ਵੋਟ ਬੈਂਕ ਅਤੇ ਡੇਰਾ ਬੱਲਾਂ ਦੇ ਸ਼ਰਧਾਲੂ ਬੀਜੇਪੀ ਦੇ ਵੱਲ ਉਲਾਰ ਹੁੰਦੇ ਨਜ਼ਰ ਆਏ ਨੇ। ਇਸ ਕਰਕੇ ਘੱਟੋ ਘੱਟ ਬੀਜੇਪੀ ਦੇ ਹਿੱਸੇ 45 ਤੋਂ 50 ਸੀਟਾਂ ਆਉਣੀਆਂ ਚਾਹੀਦੀਆਂ ਨੇ। ਅਸਲ ਦੇ ਵਿੱਚ ਇਸ ਵਾਰ ਸਿਰਫ਼ ਸੀਟਾਂ ਦੀ ਗਿਣਤੀ ਨਹੀਂ ਵਧੇਗੀ, ਸਗੋਂ ਸੀਟਾਂ ਦੀ ਅਦਲਾ ਬਦਲੀ ਵੀ ਤੈਅ ਹੈ। ਭਾਜਪਾ ਸ਼ਹਿਰੀ ਸੀਟਾਂ ਤੋਂ ਇਲਾਵਾ ਮਾਲਵਾ ਤੇ ਦੋਆਬਾ ਦੇ ਵਿੱਚ ਦਲਿਤ ਸੀਟਾਂ 'ਤੇ ਆਪਣਾ ਦਾਅਵਾ ਪੱਕਾ ਕਰ ਰਹੀ ਹੈ। ਖ਼ਾਸ ਕਰਕੇ ਉੱਥੇ, ਜਿੱਥੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵੱਡੇ ਨੇਤਾ ਭਾਜਪਾ ਵਿੱਚ ਆ ਗਏ ਹਨ। ਚੱਲੋ ਖ਼ੈਰ! ਕਿਹੜਾ ਹਿੱਸਾ ਕਿਹੜੀ ਪਾਰਟੀ ਕੋਲ ਆਉਂਦਾ ਹੈ, ਉਸ ਦੀ ਉਡੀਕ ਕਰਨੀ ਪਵੇਗੀ ਕਿਉਂਕਿ ਨਹੁੰ ਮਾਸ ਦਾ ਰਿਸ਼ਤਾ ਨਿਭਾਉਣਾ ਤਾਂ ਪਵੇਗਾ ਹੀ।

ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਨੇ ਕਿ ਭਾਜਪਾ ਇਸ ਗੱਠਜੋੜ ਤੋਂ ਵਧ ਫਾਇਦਾ ਲੈ ਸਕਦੀ ਹੈ ਪਰ ਅਕਾਲੀ ਦਲ ਬਾਦਲ ਲਈ ਇਹ ਗੱਠਜੋੜ ਆਖ਼ਰੀ ਸਹਾਰੇ ਵਰਗਾ ਹੈ ਪਰ ਪੰਜਾਬ ਦੇ ਲੋਕਾਂ ਮੁਤਾਬਿਕ ਦੋਵਾਂ ਪਾਰਟੀਆਂ ਦੇ ਲਈ ਹੀ ਇਹ ਆਖ਼ਰੀ ਪੱਤਾ ਹੋਵੇਗਾ ਕਿਉਂਕਿ ਸਾਰੇ ਹੀ ਜਾਣਦੇ ਨੇ ਇਹਨਾਂ ਦੋਵਾਂ ਪਾਰਟੀਆਂ ਨੇ ਅਲੱਗ ਅਲੱਗ ਖੂਹ ਪੁੱਟ ਕੇ ਵੇਖ ਲਏ ਨੇ ਪਰ ਨੀਅਤ ਸਾਫ਼ ਨਾ ਹੋਣ ਕਰਕੇ ਉਸ ਖੂਹ ਵਿਚੋਂ ਪਾਣੀ ਕਿਸੇ ਤੀਜੀ ਧਿਰ ਨੇ ਭਰ ਲਿਆ ਸੀ। ਇਹਨਾਂ ਨੂੰ ਸਮਝਣਾ ਚਾਹੀਦਾ ਹੈ ਕਿ ਵੋਟ ਬੋਰੀ ਵਿੱਚ ਭਰੀ ਕਣਕ ਨਹੀਂ ਕਿ ਜੀਹਨੂੰ ਇੱਕ ਗੋਦਾਮ ਵਿਚੋਂ ਚੁਕ ਕੇ ਦੂਜੇ ਗੋਦਾਮ ਵਿੱਚ ਰੱਖ ਦਿੱਤਾ ਜਾਵੇਗਾ। ਦਿੱਲੀ ਦੇ ਵਿੱਚ ਹੱਥ ਤਾਂ ਭਾਵੇਂ ਦੋਵਾਂ ਧਿਰਾਂ ਦੇ ਮਿਲ ਗਏ ਨੇ ਪਰ ਅਸਲੀ ਇਮਤਿਹਾਨ ਤਾਂ ਪੰਜਾਬ ਵਿੱਚ ਹੀ ਹੋਣਾ ਹੈ। ਉਦਾਹਰਣ ਦੇ ਤੌਰ 'ਤੇ ਲੁਧਿਆਣਾ ਦੇ ਵਿੱਚ ਹੌਜ਼ਰੀ ਫੈਕਟਰੀ ਦੇ ਮਾਲਕ ਤੇ ਮਾਨਸਾ ਦੇ ਪਿੰਡ ਵਿੱਚ ਬੈਠੇ ਕਿਸਾਨ ਨੂੰ ਇੱਕ ਹੀ ਬਟਨ ਦਬਾਉਣ ਲਈ ਪ੍ਰੇਰਿਤ ਕਰਨਾ ਕਿੰਨਾ ਮੁਸ਼ਕਿਲ ਹੋਵੇਗਾ। ਇਹਨਾਂ ਦੋਵਾਂ ਦੀਆਂ ਸ਼ਿਕਾਇਤਾਂ ਵੀ ਅਲੱਗ ਨੇ, ਉਮੀਦਾਂ ਵੀ ਅਲੱਗ ਨੇ ਤੇ ਨਾਰਾਜ਼ਗੀ ਦਾ ਕਾਰਨ ਵੀ ਅਲੱਗ ਹੈ। ਗੱਠਜੋੜ ਦਾ ਐਲਾਨ ਦਿੱਲੀ ਵਿੱਚ ਹੋਇਆ ਪਰ ਨਿਭਾਉਣਾ ਪੰਜਾਬ ਵਿੱਚ ਪਵੇਗਾ ਤੇ ਪੰਜਾਬ ਰੈਲੀਆਂ ਵਿੱਚ ਕਹੀਆਂ ਗਈਆਂ ਗੱਲਾਂ 'ਤੇ ਘੱਟ ਹੀ ਵਿਸ਼ਵਾਸ਼ ਕਰਦਾ ਹੈ। ਮੁੱਕਦੀ ਗੱਲ ਪਵਿੱਤਰ ਦਿਹਾੜੇ 'ਤੇ ਏਸ ਗੱਠਜੋੜ ਨੇ ਸ਼ਰਧਾ ਵੀ ਦਿਖਾ ਦਿੱਤੀ, ਸੰਦੇਸ਼ ਵੀ ਦਿੱਤਾ ਤੇ ਗੱਠਜੋੜ ਵੀ ਹੋ ਗਿਆ ਤੇ ਓਧਰ ਪੰਜਾਬ ਦੇ ਲੋਕਾਂ ਦੇ ਸੰਜੀਦਾ ਮਸਲਿਆਂ 'ਤੇ ਆਏ ਖ਼ਰੂੰਡ ਫੇਰ ਹਰੇ ਹੋ ਗਏ।

ਪਵਿੱਤਰ ਦਿਹਾੜੇ ਮੌਕੇ ਗ਼ੈਰਸਿਧਾਂਤਕ ਅਪਵਿੱਤਰ ਗਠਜੋੜ : ਦਲ ਖ਼ਾਲਸਾ

ਬਹੁ-ਪ੍ਰਚਾਰਿਤ 'ਨਹੁੰ-ਮਾਸ ਦਾ ਰਿਸ਼ਤਾ' ਦੱਸਣ ਉੱਤੇ ਵਿਅੰਗ ਕੱਸਦਿਆਂ ਦਲ ਖ਼ਾਲਸਾ ਨੇ ਕਿਹਾ, ਇਨ੍ਹਾਂ ਨਹੁੰਆਂ ਨੇ ਹੀ ਸਾਡੇ ਮਾਸ ਨੂੰ ਨੋਚਿਆ ਹੈ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਦੇ ਮੁੜ ਗੱਠਜੋੜ ਨੂੰ ਹਿੰਦੂ-ਸਿੱਖ ਏਕਤਾ ਦਾ ਨਾਂ ਦੇਣ ਦੀ ਭਿੱਖੀ ਨਿਖੇਧੀ ਕਰਦਿਆਂ ਦਲ ਖ਼ਾਲਸਾ ਨੇ ਕਿਹਾ ਹੈ ਕਿ ਨਾ ਤਾਂ ਭਾਜਪਾ ਹਿੰਦੂਆਂ ਦੀ ਇਕਲੌਤੀ ਠੇਕੇਦਾਰ ਹੈ ਅਤੇ ਨਾ ਹੀ ਬਾਦਲ ਦਲ ਕੋਲ ਹੁਣ ਕੋਈ ਪੰਥਕ ਸਾਖ ਬਚੀ ਹੈ। ਦਲ ਖ਼ਾਲਸਾ ਦਾ ਸਪੱਸ਼ਟ ਮੱਤ ਹੈ ਕਿ ਭਾਜਪਾ ਅਤੇ ਬਾਦਲ ਦਲ ਦੇ ਇਸ ਅਪਵਿੱਤਰ ਤੇ ਸਿਧਾਂਤਹੀਣ ਗੱਠਜੋੜ ਵਿੱਚ ਪੰਜਾਬ ਅਤੇ ਸਿੱਖਾਂ ਦੇ ਭਲੇ ਅਤੇ ਬੇਹਤਰ ਭਵਿੱਖ ਵਾਲੀ ਕੋਈ ਗੱਲ ਨਹੀਂ ਹੈ।

ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ, ਇਸ ਸਿਆਸੀ ਸਾਂਝ ਲਈ ਗੁਰਪੁਰਬ ਦੇ ਦਿਹਾੜੇ ਦੀ ਚੋਣ ਕਰਨੀ ਵਿਸ਼ੇਸ਼ ਤੌਰ 'ਤੇ ਚਿੰਤਾਜਨਕ ਹੈ। ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਨੇ ਜਾਣਬੁੱਝ ਕੇ ਇਸ ਪਾਵਨ ਦਿਹਾੜੇ ਨੂੰ ਚੁਣਿਆ ਹੈ ਤਾਂ ਜੋ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਿਆਸੀ ਲਾਹਾ ਖੱਟਿਆ ਜਾ ਸਕੇ।

ਉਨ੍ਹਾਂ ਕਿਹਾ ਕਿ ਜਿਸ ਵੇਲੇ ਸਿੱਖ ਸੰਗਤਾਂ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸਮੁੱਚੀ ਮਨੁੱਖਤਾ ਨਾਲ ਪਿਆਰ ਅਤੇ ਸਤਿਕਾਰ ਦਾ



ਸਰਬ-ਸਾਂਝਾ ਸੁਨੇਹਾ ਦੇ ਰਹੀਆਂ ਸਨ, ਉਸੇ ਵੇਲੇ ਬਾਦਲਾਂ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਹਿੰਦੂਤਵੀ ਸੋਚ ਦੀ ਧਾਰਨੀ ਅਤੇ ਨਫ਼ਰਤ ਫੈਲਾਉਣ ਵਾਲੀ ਭਾਰਤੀ ਜਨਤਾ ਪਾਰਟੀ ਨਾਲ ਅਪਵਿੱਤਰ ਤੇ ਸਿਧਾਂਤਹੀਣ ਗੱਠਜੋੜ ਕਰਕੇ ਸਿੱਖ ਕੌਮ ਦੇ ਜ਼ਖ਼ਮਾਂ ਉੱਤੇ ਲੂਣ ਛਿੜਕਿਆ ਹੈ।

ਸਿੱਖ ਹੱਕਾਂ ਦੀ ਅਲੰਬਰਦਾਰ ਸਿਆਸੀ ਜਥੇਬੰਦੀ ਦਲ ਖ਼ਾਲਸਾ ਨੇ ਕਿਹਾ ਕਿ ਪੰਜਾਬ ਦੀਆਂ ਚਿਰੋਕਣੀਆਂ ਮੰਗਾਂ ਅਤੇ ਗੰਭੀਰ ਮਸਲਿਆਂ ਨੂੰ ਹੱਲ ਕਰਵਾਏ ਬਿਨਾਂ ਕੀਤਾ ਗਿਆ ਇਹ ਗੱਠਜੋੜ ਪੰਜਾਬ ਦੇ ਲੋਕਾਂ ਦੇ ਵਿਸ਼ਵਾਸਾਂ ਨਾਲ ਧ੍ਰੋਹ ਹੈ। ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੁੱਲ੍ਹਵਾਉਣ, ਅਟਾਰੀ ਸਰਹੱਦ ਰਾਹੀਂ ਵਪਾਰ ਮੁੜ ਸ਼ੁਰੂ ਕਰਵਾਉਣ, ਕਿਸਾਨੀ ਸੰਕਟ ਦੇ ਹੱਲ, ਪੰਜਾਬ ਨਾਲ ਹੋਈਆਂ ਸੰਵਿਧਾਨਕ ਵਧੀਕੀਆਂ, ਬੰਦੀ ਸਿੰਘਾਂ ਦੀ ਰਿਹਾਈ, ਦਾਗ਼ੀ ਪੁਲਿਸ ਮੁਲਾਜ਼ਮਾਂ ਨੂੰ ਸਜ਼ਾਵਾਂ ਅਤੇ ਗੁਰੂ ਸਾਹਿਬ ਦੇ ਅਪਮਾਨ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਰਗੇ ਅਹਿਮ ਮਸਲਿਆਂ ਨੂੰ ਦਰਕਿਨਾਰ ਕਰਕੇ ਕੀਤੇ ਇਸ ਸਮਝੌਤੇ ਲਈ ਪੰਜਾਬ ਦੇ ਲੋਕ ਬਾਦਲਾਂ ਨੂੰ ਨਾ ਕਦੇ ਮੁਆਫ਼ ਕਰਨਗੇ ਅਤੇ ਨਾ ਹੀ ਉਨ੍ਹਾਂ ਦੀ ਇਸ

ਪੰਨੂ ਕਤਲ ਸਾਜ਼ਿਸ਼ ਦਾ ਮਾਮਲਾ

ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਅਮਰੀਕਾ 'ਚ 19 ਸਾਲ 7 ਮਹੀਨੇ ਦੀ ਕੈਦ

ਨਿਊਯਾਰਕ ਅਦਾਲਤ ਦਾ ਫ਼ੈਸਲਾ, ਕੈਦ ਪੂਰੀ ਹੋਣ 'ਤੇ ਹੋਵੇਗਾ ਭਾਰਤ ਡਿਪੋਰਟ

ਗੁਪਤਾ ਨੂੰ ਸਜ਼ਾ ਮਗਰੋਂ ਅਮਰੀਕਾ ਦੇ ਨਿਸ਼ਾਨੇ 'ਉੱਪਰ ਸਾਬਕਾ ਭਾਰਤੀ ਅਧਿਕਾਰੀ ਵਿਕਾਸ ਯਾਦਵ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੀ ਧਰਤੀ 'ਤੇ ਖ਼ਾਲਿਸਤਾਨੀ ਆਗੂ ਅਤੇ 'ਸਿੱਖਸ ਫ਼ਾਰ ਜਸਟਿਸ' ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਨਾਕਾਮ ਸਾਜ਼ਿਸ਼ ਰਚਣ ਦੇ ਮਾਮਲੇ ਵਿੱਚ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ 235 ਮਹੀਨੇ ਯਾਨੀ 19 ਸਾਲ ਅਤੇ 7 ਮਹੀਨੇ (ਸਾਢੇ 19 ਸਾਲ ਤੋਂ ਵੱਧ) ਕੈਦ ਦੀ ਸਜ਼ਾ ਸੁਣਾਈ ਹੈ। ਮੈਨਹਟਨ ਦੀ ਸੰਘੀ ਅਦਾਲਤ ਦੇ ਜ਼ਿਲ੍ਹਾ ਜੱਜ ਵਿਕਟਰ ਮਾਰੇਰੋ ਵੱਲੋਂ ਪਿਛਲੇ ਦਿਨੀਂ ਇਹ ਫ਼ੈਸਲਾ ਸੁਣਾਇਆ ਗਿਆ ਸੀ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਸਜ਼ਾ ਪੂਰੀ ਹੋਣ ਤੋਂ ਬਾਅਦ ਨਿਖਿਲ ਗੁਪਤਾ ਨੂੰ ਭਾਰਤ ਡਿਪੋਰਟ ਕਰ ਦਿੱਤਾ ਜਾਵੇਗਾ।

ਇਸ ਹਾਈ-ਪ੍ਰੋਫ਼ਾਈਲ ਮਾਮਲੇ ਦੇ ਫ਼ੈਸਲੇ ਨੇ ਨਾ ਸਿਰਫ਼ ਕੌਮਾਂਤਰੀ ਪੱਧਰ 'ਤੇ ਭਾਰਤ-ਅਮਰੀਕਾ ਅਤੇ ਭਾਰਤ-ਕੈਨੇਡਾ ਸਬੰਧਾਂ ਦੀ ਸੰਵੇਦਨਸ਼ੀਲਤਾ ਨੂੰ ਮੁੜ ਉਭਾਰਿਆ ਹੈ, ਸਗੋਂ ਇਹ ਸਵਾਲ ਵੀ ਖੜ੍ਹਾ ਕਰ ਦਿੱਤਾ ਹੈ ਕਿ ਇਹ ਕਾਨੂੰਨੀ ਅਤੇ ਕੂਟਨੀਤਕ ਜਾਂਚ ਅੱਗੇ ਕਿੱਥੋਂ ਤੱਕ ਜਾਵੇਗੀ ਅਤੇ ਕੀ ਇਸ ਵਿੱਚ ਭਾਰਤੀ ਤੰਤਰ ਦੇ ਹੋਰ ਉੱਚ ਅਧਿਕਾਰੀਆਂ ਦੇ ਨਾਮ ਵੀ ਸਾਹਮਣੇ ਆ ਸਕਦੇ ਹਨ।

ਕਿਵੇਂ ਰਚੀ ਗਈ ਸੀ ਕਤਲ ਦੀ ਸਾਜ਼ਿਸ਼ ਅਤੇ ਕੀ ਹੋਇਆ ਅਦਾਲਤ ਵਿੱਚ ?

ਅਮਰੀਕੀ ਨਿਆਂ ਵਿਭਾਗ ਅਤੇ ਇਸਤਗਾਸਾ ਪੱਖ ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ, ਇਹ ਸਾਰੀ ਸਾਜ਼ਿਸ਼ ਮਈ 2023 ਵਿੱਚ ਸ਼ੁਰੂ ਹੋਈ ਸੀ। ਅਮਰੀਕੀ ਵਕੀਲਾਂ ਦਾ ਦੋਸ਼ ਹੈ ਕਿ ਭਾਰਤ ਸਰਕਾਰ ਦੇ ਇੱਕ ਸਾਬਕਾ ਅਧਿਕਾਰੀ ਵਿਕਾਸ ਯਾਦਵ ਨੇ ਨਿਖਿਲ ਗੁਪਤਾ ਨੂੰ ਨਿਊਯਾਰਕ ਵਿੱਚ ਰਹਿ ਰਹੇ ਅਮਰੀਕੀ-ਕੈਨੇਡੀਅਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦਾ ਪ੍ਰਬੰਧ ਕਰਨ ਲਈ ਭਰਤੀ ਕੀਤਾ ਸੀ। ਅਦਾਲਤੀ ਰਿਕਾਰਡ ਮੁਤਾਬਕ, ਵਿਕਾਸ ਯਾਦਵ ਨੇ ਪੰਨੂ ਦੇ ਕਤਲ ਲਈ 1,00,000 ਅਮਰੀਕੀ ਡਾਲਰ ਦੇਣ ਦੀ ਸਹਿਮਤੀ ਦਿੱਤੀ ਸੀ। ਗੁਪਤਾ ਨੇ ਇਸ ਕੰਮ ਲਈ ਇੱਕ ਅਜਿਹੇ ਵਿਅਕਤੀ ਨਾਲ ਸੰਪਰਕ ਕੀਤਾ ਜਿਸ ਨੂੰ ਉਹ ਅਪਰਾਧਿਕ ਜਗਤ ਦਾ ਸਾਥੀ ਸਮਝਦਾ ਸੀ, ਪਰ ਉਹ ਅਸਲ ਵਿੱਚ ਅਮਰੀਕੀ ਡਰੱਗ ਇਨਫ਼ੋਰਸਮੈਂਟ ਐਡਮਿਨਿਸਟ੍ਰੇਸ਼ਨ ਦਾ ਗੁਪਤ ਮੁਖਬਰ ਨਿਕਲਿਆ। ਉਸ ਮੁਖਬਰ ਨੇ ਗੁਪਤਾ ਦੀ ਮੁਲਾਕਾਤ ਇੱਕ 'ਹਿੱਟਮੈਨ' (ਭਾੜੇ ਦੇ ਕਾਤਲ) ਨਾਲ ਕਰਵਾਈ, ਜੋ ਕਿ ਅਸਲ ਵਿੱਚ ਡਰੱਗ ਇਨਫ਼ੋਰਸਮੈਂਟ ਐਡਮਿਨਿਸਟ੍ਰੇਸ਼ਨ ਦਾ ਇੱਕ ਅੰਡਰਕਵਰ ਅਧਿਕਾਰੀ ਸੀ।

9 ਜੂਨ 2023 ਦੇ ਆਸ-ਪਾਸ ਗੁਪਤਾ ਅਤੇ ਯਾਦਵ ਨੇ ਆਪਣੇ ਇੱਕ ਸਹਿਯੋਗੀ ਰਾਹੀਂ ਉਸ ਅੰਡਰਕਵਰ ਅਧਿਕਾਰੀ ਨੂੰ ਪੇਸ਼ਗੀ ਵਜੋਂ 15,000 ਡਾਲਰ ਨਕਦ ਪਹੁੰਚਾਏ ਸਨ। ਇਲਜ਼ਾਮ ਹੈ ਕਿ



ਯਾਦਵ ਨੇ ਗੁਪਤਾ ਨੂੰ ਪੰਨੂ ਦੇ ਨਿਊਯਾਰਕ ਸਥਿਤ ਘਰ ਦਾ ਪਤਾ, ਫ਼ੋਨ ਨੰਬਰ ਅਤੇ ਉਸ ਦੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਦੇ ਵੇਰਵੇ ਮੁਹੱਈਆ ਕਰਵਾਏ ਸਨ, ਜੋ ਗੁਪਤਾ ਨੇ ਅੱਗੇ ਕਾਤਲ ਬਣੇ ਅਧਿਕਾਰੀ ਨੂੰ ਦਿੱਤੇ ਅਤੇ ਪੰਨੂ ਦੀਆਂ ਨਿਗਰਾਨੀ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਸਨ।ਨਿਖਿਲ ਗੁਪਤਾ ਨੂੰ 30 ਜੂਨ 2023 ਨੂੰ ਅਮਰੀਕਾ ਦੀ ਬੇਨਤੀ 'ਤੇ ਚੈੱਕ ਗਣਰਾਜ (ਪ੍ਰਾਗ) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਅਮਰੀਕਾ ਹਵਾਲੇ ਕੀਤਾ ਗਿਆ। ਫ਼ਰਵਰੀ 2026 ਵਿੱਚ ਗੁਪਤਾ ਨੇ ਕਤਲ ਦੀ ਸੁਪਾਰੀ ਦੇਣ, ਕਤਲ ਦੀ ਸਾਜ਼ਿਸ਼ ਰਚਣ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਦੇ ਤਿੰਨੋਂ ਦੋਸ਼ ਕਬੂਲ ਕਰ ਲਏ ਸਨ।ਸਜ਼ਾ ਸੁਣਾਏ ਜਾਣ ਮੌਕੇ ਅਦਾਲਤ ਵਿੱਚ ਬੋਲਦਿਆਂ ਨਿਖਿਲ ਗੁਪਤਾ ਨੇ ਪਛਤਾਵਾ ਜ਼ਾਹਰ ਕੀਤਾ। ਉਸ ਨੇ ਕਿਹਾ ਕਿ ਉਹ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਮਾਰਗ ਤੋਂ ਭਟਕ ਗਿਆ ਸੀ। ਗੁਪਤਾ ਨੇ ਅਦਾਲਤ ਵਿੱਚ ਕਿਹਾ, 'ਮੈਂ ਪੰਨੂ ਤੋਂ ਮੁਆਫ਼ੀ ਮੰਗਦਾ ਹਾਂ, ਮੈਂ ਉਨ੍ਹਾਂ ਭਾਈਚਾਰਿਆਂ ਤੋਂ ਮੁਆਫ਼ੀ ਮੰਗਦਾ ਹਾਂ ਜਿਨ੍ਹਾਂ ਨੂੰ ਮੈਂ ਠੇਸ ਪਹੁੰਚਾਈ ਹੈ, ਅਤੇ ਮੈਂ ਆਪਣੇ ਪਰਿਵਾਰ ਤੋਂ ਵੀ ਮੁਆਫ਼ੀ ਮੰਗਦਾ ਹਾਂ।' ਇਸਤਗਾਸਾ ਪੱਖ ਨੇ ਗੁਪਤਾ ਲਈ ਲਗਭਗ 24 ਸਾਲ ਦੀ ਸਜ਼ਾ ਦੀ ਮੰਗ ਕੀਤੀ ਸੀ, ਪਰ ਜੱਜ ਨੇ 235 ਮਹੀਨੇ (19 ਸਾਲ 7 ਮਹੀਨੇ) ਦੀ ਸਜ਼ਾ ਤੈਅ ਕੀਤੀ।

ਦੂਜੇ ਪਾਸੇ, ਅਦਾਲਤ ਵਿੱਚ ਮੌਜੂਦ ਗੁਰਪਤਵੰਤ ਸਿੰਘ ਪੰਨੂ ਨੇ ਗੁਪਤਾ ਨੂੰ ਮਹਿਜ਼ ਇੱਕ 'ਪਿਆਦਾ' ਕਰਾਰ ਦਿੰਦਿਆਂ ਸਿੱਧੇ ਤੌਰ 'ਤੇ ਭਾਰਤ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ। ਪੰਨੂ ਨੇ (ਬਾਕੀ ਸਫ਼ਾ 26 'ਤੇ)

ਭਾਰਤ-ਅਮਰੀਕਾ ਕੂਟਨੀਤਕ ਤਣਾਅ ਡੂੰਘਾ ਹੋਇਆ

ਅਜੀਤ ਡੋਭਾਲ ਅਤੇ ਸਾਮੰਤ ਗੋਇਲ ਖ਼ਿਲਾਫ਼ ਅਮਰੀਕੀ ਅਦਾਲਤ ਦੀ ਵੱਡੀ ਕਾਰਵਾਈ

ਨਵੀਂ ਦਿੱਲੀ/ਏ.ਟੀ.ਨਿਊਜ਼: ਖ਼ਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਵੱਲੋਂ ਦਾਇਰ ਕੀਤੇ ਗਏ ਸਿਵਲ ਮੁਕੱਦਮੇ ਵਿੱਚ ਨਿਊਯਾਰਕ ਦੀ ਇੱਕ ਅਮਰੀਕੀ ਸੰਘੀ ਅਦਾਲਤ ਨੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਅਤੇ ਰਾਅ ਦੇ ਸਾਬਕਾ ਮੁਖੀ ਸਾਮੰਤ ਗੋਇਲ ਨੂੰ ਸੰਮਨ ਪਹੁੰਚਾਉਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਹੈ।ਅਮਰੀਕੀ ਅਦਾਲਤ ਨੇ ਇਸ ਮਾਮਲੇ ਵਿੱਚ ਦਿੱਲੀ ਦੀਆਂ ਤਿੰਨ ਜ਼ਿਲ੍ਹਾ ਅਦਾਲਤਾਂ—ਪਟਿਆਲਾ ਹਾਊਸ, ਦਵਾਰਕਾ ਅਤੇ ਤੀਸ ਹਜ਼ਾਰੀ ਤੋਂ ਸਹਿਯੋਗ ਮੰਗਿਆ ਹੈ। ਦੂਜੇ ਪਾਸੇ, ਭਾਰਤ ਸਰਕਾਰ ਨੇ ਇਸ ਪੂਰੇ ਮੁਕੱਦਮੇ ਨੂੰ ਪੂਰੀ ਤਰ੍ਹਾਂ ਬੇਬੁਨਿਆਦ, ਮਨਘੜਤ ਕਰਾਰ ਦਿੰਦਿਆਂ ਸਖ਼ਤ ਇਤਰਾਜ਼ ਜਤਾਇਆ ਹੈ।

ਹੇਗ ਕਨਵੈਨਸ਼ਨ ਤਹਿਤ ਅਪਣਾਇਆ ਬਦਲਵਾਂ ਰਸਤਾ

ਨਿਊਯਾਰਕ ਦੀ ਸਾਊਦਰਨ ਡਿਸਟ੍ਰਿਕਟ ਕੋਰਟ ਦੀ ਜੱਜ ਕੈਥਰੀਨ ਪੋਲਕ ਫੈਇਲਾ ਨੇ 13 ਨਵੰਬਰ 2026 ਨੂੰ ਇੱਕ ਆਦੇਸ਼ ਜਾਰੀ ਕਰਕੇ ਅਦਾਲਤ ਦੇ ਕਲਰਕ ਨੂੰ ਨਿਰਦੇਸ਼ ਦਿੱਤੇ ਕਿ ਡੋਭਾਲ ਅਤੇ ਗੋਇਲ ਖ਼ਿਲਾਫ਼ ਜਾਰੀ ਸੰਮਨ ਅਤੇ ਸਬੰਧਿਤ ਨਿਆਂਇਕ ਦਸਤਾਵੇਜ਼ ਦਿੱਲੀ ਦੀਆਂ ਤਿੰਨੋਂ ਜ਼ਿਲ੍ਹਾ ਅਦਾਲਤਾਂ ਨੂੰ ਭੇਜੇ ਜਾਣ। ਜਾਣਕਾਰੀ ਅਨੁਸਾਰ, 21 ਨਵੰਬਰ ਨੂੰ ਇਹ ਦਸਤਾਵੇਜ਼ 'ਫੈੱਡਐਕਸ' ਰਾਹੀਂ ਦਿੱਲੀ ਭੇਜ ਦਿੱਤੇ ਗਏ ਹਨ।

ਅਮਰੀਕੀ ਅਦਾਲਤ ਨੇ ਦੱਸਿਆ ਕਿ ਪਹਿਲਾਂ ਹੇਗ ਕਨਵੈਨਸ਼ਨ ਦੇ ਆਰਟੀਕਲ 5 ਤਹਿਤ ਭਾਰਤ ਦੀ ਨਿਰਧਾਰਤ ਕੇਂਦਰੀ ਅਥਾਰਟੀ ਰਾਹੀਂ ਸੰਮਨ ਭੇਜਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਉਹ ਸਫਲ ਨਹੀਂ ਹੋ ਸਕੀ। ਇਸ ਤੋਂ ਬਾਅਦ ਅਦਾਲਤ ਨੇ ਆਰਟੀਕਲ 19 ਅਤੇ ਭਾਰਤੀ ਸਿਵਲ ਪ੍ਰਕਿਰਿਆ ਸੰਹਿਤਾ ਦੀ ਧਾਰਾ 29(ਫ) ਤੇ ਆਰਡਰ ਰੂਲ 21 ਦਾ ਹਵਾਲਾ ਦਿੰਦਿਆਂ ਸਿੱਧਾ ਦਿੱਲੀ ਦੀਆਂ ਅਦਾਲਤਾਂ ਰਾਹੀਂ ਸੰਮਨ ਤਾਮੀਲ ਕਰਵਾਉਣ ਦਾ ਬਦਲਵਾਂ ਰਸਤਾ ਚੁਣਿਆ ਹੈ। ਅਦਾਲਤ ਨੇ ਇਸ ਪ੍ਰਕਿਰਿਆ ਦਾ ਲਿਖਤੀ ਰਿਕਾਰਡ ਵੀ ਵਾਪਸ ਮੰਗਿਆ ਹੈ। ਇਸ ਤੋਂ ਪਹਿਲਾਂ ਫਰਵਰੀ 2025 ਵਿੱਚ ਡੋਭਾਲ ਦੀ ਅਮਰੀਕਾ ਫੇਰੀ ਦੌਰਾਨ ਵੀ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਸੰਮਨ (ਬਾਕੀ ਸਫ਼ਾ 26 'ਤੇ)



ਅਮਰੀਕਾ ਵਿੱਚ ਨਸ਼ਿਆਂ ਦੀ ਸਮੱਸਿਆ ਹੁਣ ਸਿਰਫ਼ ਇੱਕ ਜੁਰਮ ਜਾਂ ਸਮਾਜਿਕ ਬੁਰਾਈ ਨਹੀਂ ਰਹੀ, ਸਗੋਂ ਇਹ ਇਨਸਾਨੀ ਜ਼ਿੰਦਗੀ, ਸਿਹਤ ਅਤੇ ਸਰਕਾਰਾਂ ਦੀਆਂ ਨੀਤੀਆਂ ਲਈ ਬਹੁਤ ਵੱਡਾ ਖ਼ਤਰਾ ਬਣ ਚੁੱਕੀ ਹੈ। ਦੁਨੀਆ ਦਾ ਸਭ ਤੋਂ ਤਾਕਤਵਰ ਅਤੇ ਅਮੀਰ ਦੇਸ਼ ਅਮਰੀਕਾ ਅੱਜ ਇੱਕ ਅਜਿਹੇ ਕੈਮੀਕਲ ਸੰਕਟ ਵਿੱਚ ਫਸ ਗਿਆ ਹੈ, ਜਿਸ ਦਾ ਸਬੰਧ ਲੈਬਾਰਟਰੀਆਂ, ਘਰਾਂ ਦੇ ਬਾਥਟੱਬਾਂ ਵਿੱਚ ਬਣਦੇ ਨਕਲੀ ਨਸ਼ਿਆਂ ਅਤੇ ਦਰਦ ਨਿਵਾਰਕ ਦਵਾਈਆਂ ਦੇ ਲਾਪਰਵਾਹ ਵਪਾਰ ਨਾਲ ਹੈ।

ਪਿਛਲੇ ਸਾਲਾਂ ਵਿੱਚ ਹੋਈਆਂ ਲੱਖਾਂ ਮੌਤਾਂ ਨੇ ਦਿਖਾ ਦਿੱਤਾ ਹੈ ਕਿ ਇਨ੍ਹਾਂ ਨਵੇਂ ਸਿੰਥੈਟਿਕ ਨਸ਼ਿਆਂ ਅੱਗੇ ਪੁਰਾਣੇ ਕਾਨੂੰਨ ਅਤੇ ਪੁਲਿਸ ਦੇ ਤਰੀਕੇ ਪੂਰੀ ਤਰ੍ਹਾਂ ਫ਼ੇਲ੍ਹ ਹੋ ਚੁੱਕੇ ਹਨ। ਇਹਨਾਂ ਜਾਨਲੇਵਾ ਨਸ਼ਿਆਂ ਨੇ ਹਰ ਗਲੀ-ਮੁਹੱਲੇ ਨੂੰ ਮੌਤ ਦੇ ਮੈਦਾਨ ਵਿੱਚ ਬਦਲ ਕੇ ਰੱਖ ਦਿੱਤਾ ਹੈ। ਤਿੰਨ-ਚਾਰ ਡਾਲਰ ਦੀ ਇਹ ਖੁਰਾਕ ਅਮਰੀਕਾ ਦੇ ਲੋਕਾਂ ਲਈ ਜਾਨਲੇਵਾ ਬਣ ਰਿਹਾ ਹੈ।

ਅਮਰੀਕਾ ਵਿੱਚ ਨਸ਼ਿਆਂ ਦੀ ਹਾਲਤ ਹੁਣ ਪਹਿਲਾਂ ਨਾਲੋਂ ਕਿਤੇ ਵੱਧ ਖ਼ਤਰਨਾਕ ਅਤੇ ਬੇਕਾਬੂ ਹੋ ਚੁੱਕੀ ਹੈ। ਸਾਲ 2022 ਵਿੱਚ ਜਦੋਂ ਨਸ਼ੇ ਦੀ ਵੱਧ ਖ਼ੁਰਾਕ (ਓਵਰਡੋਜ਼) ਕਾਰਨ 1 ਲੱਖ 10 ਹਜ਼ਾਰ ਲੋਕ ਮਾਰੇ ਗਏ ਸਨ, ਤਾਂ ਜਾਨ ਬਚਾਉਣ ਵਾਲੀ ਨੱਕ ਦੀ ਸਪਰੇਅ (ਨਾਰਕਨ) ਘਰ-ਘਰ ਵੰਡ ਕੇ ਮੌਤਾਂ ਦਾ ਅੰਕੜਾ ਘਟਾ ਕੇ 70 ਹਜ਼ਾਰ 'ਤੇ ਲਿਆਂਦਾ ਗਿਆ ਸੀ।

ਪਰ ਖ਼ਤਰਾ ਅਜੇ ਟਲਿਆ ਨਹੀਂ। ਅਸਲੀਅਤ ਇਹ ਹੈ ਕਿ ਤਸਕਰਾਂ ਨੇ ਹੁਣ ਲੈਬਾਂ ਵਿੱਚ ਅਜਿਹੇ ਨਵੇਂ ਅਤੇ ਤੇਜ਼ ਜ਼ਹਿਰੀਲੇ ਕੈਮੀਕਲ ਬਣਾਉਣੇ ਸ਼ੁਰੂ ਕਰ ਦਿੱਤੇ ਹਨ, ਜਿਨ੍ਹਾਂ ਉੱਤੇ ਇਹ ਜਾਨ ਬਚਾਊ ਦਵਾਈਆਂ ਅਤੇ ਹਸਪਤਾਲਾਂ ਦੇ ਇਲਾਜ ਵੀ ਬੇਅਸਰ ਸਾਬਤ ਹੋ ਰਹੇ ਹਨ।

ਰਵਾਇਤੀ ਤੌਰ 'ਤੇ ਨਸ਼ੇ ਅਫ਼ਗਾਨਿਸਤਾਨ ਦੇ ਭੁੱਕੀ ਦੇ ਖੇਤਾਂ ਜਾਂ ਮੈਕਸੀਕੋ ਅਤੇ ਕੋਲੰਬੀਆ ਦੇ ਕੋਕਾ ਬਾਗ਼ਾਂ ਵਿੱਚੋਂ ਲੰਮੀ ਤਸਕਰੀ ਰਾਹੀਂ ਸਰਹੱਦਾਂ ਪਾਰ ਕਰਦੇ ਸਨ। ਸਿੰਥੈਟਿਕ ਨਸ਼ਿਆਂ ਨੇ ਨਸ਼ੇ ਦੇ ਪੂਰੇ ਕਾਰੋਬਾਰ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ; ਹੁਣ ਨਾ ਤਾਂ ਨਸ਼ਿਆਂ ਲਈ ਖੇਤੀ ਦੀ ਲੋੜ ਹੈ, ਨਾ ਮੌਸਮ ਦਾ ਝੰਜਟ ਅਤੇ ਨਾ ਹੀ ਮਾਲ ਢੋਣ ਲਈ ਵੱਡੇ ਨੈਟਵਰਕ ਦੀ।

ਸ਼ਿਕਾਗੋ ਦੇ ਪੁਲਿਸ ਅਫ਼ਸਰ (ਸ਼ੈਰਿਫ਼) ਟੌਮ ਡਾਰਟ ਮੁਤਾਬਕ, ਲੋਕ ਆਪਣੇ ਘਰਾਂ ਦੇ ਸਿੰਕਾਂ ਅਤੇ ਬਾਥਟੱਬਾਂ ਵਿੱਚ ਕੈਮੀਕਲ ਰਲਾ ਕੇ ਹੀ ਇਹ ਮਾਰੂ ਜ਼ਹਿਰ ਤਿਆਰ ਕਰ ਲੈਂਦੇ ਹਨ।

ਸਭ ਤੋਂ ਵੱਧ ਪ੍ਰਚਲਿਤ ਅਤੇ ਘਾਤਕ ਨਸ਼ਾ ਫੈਂਟਾਨਿਲ ਹੈ, ਜੋ ਮਾਰਫ਼ੀਨ ਨਾਲੋਂ 100 ਗੁਣਾ ਅਤੇ ਆਮ ਹੈਰੋਇਨ ਨਾਲੋਂ 50 ਗੁਣਾ ਵੱਧ ਤਾਕਤਵਰ ਸਿੰਥੈਟਿਕ ਓਪੀਔਇਡ ਹੈ। ਲੂਣ ਦੇ ਦੋ ਨਿੱਕੇ ਦਾਣਿਆਂ ਜਿੰਨੀ ਮਾਤਰਾ ਵੀ ਮਨੁੱਖੀ ਸਾਹ ਪ੍ਰਣਾਲੀ ਨੂੰ ਜਾਮ ਕਰਕੇ ਤੁਰੰਤ ਮੌਤ ਦਾ ਕਾਰਨ ਬਣ ਸਕਦੀ ਹੈ। ਪਰ ਹੁਣ ਮੁਨਾਫ਼ੇ ਦੇ ਭੁੱਖੇ ਤਸਕਰ ਇਸ ਵਿੱਚ ਜ਼ਾਇਲਾਜ਼ੀਨ (ਟ੍ਰੈਂਕ) ਵਰਗੇ ਘੋੜਿਆਂ ਅਤੇ ਵੱਡੇ ਜਾਨਵਰਾਂ ਨੂੰ ਬੇਹੋਸ਼ ਕਰਨ ਵਾਲੇ ਕੈਮੀਕਲ ਮਿਲਾ ਰਹੇ ਹਨ। ਜ਼ਾਇਲਾਜ਼ੀਨ ਸੇਵਨ ਕਰਨ ਕਾਰਣ ਖ਼ੂਨ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ। ਇਸ ਕਾਰਨ ਮਾਸਪੇਸ਼ੀਆਂ ਅਤੇ ਚਮੜੀ ਦੇ ਸੈੱਲ ਗਲਣ ਲੱਗਦੇ ਹਨ ਅਤੇ ਸਰੀਰ 'ਤੇ ਹੱਡੀਆਂ ਤੱਕ ਪਹੁੰਚਣ ਵਾਲੇ ਡੂੰਘੇ ਜ਼ਖ਼ਮ ਬਣ ਜਾਂਦੇ ਹਨ। ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਜ਼ਾਇਲਾਜ਼ੀਨ ਗ਼ੈਰ-ਓਪੀਔਇਡ ਹੋਣ ਕਾਰਨ ਨਾਰਕਨ ਸਪਰੇਅ ਇਸ ਦੇ ਅਸਰ ਨੂੰ ਖ਼ਤਮ ਨਹੀਂ ਕਰ ਸਕਦੀ।

ਇਸੇ ਲੜੀ ਵਿੱਚ ਹੁਣ ਮੈਡੇਟੋਮੀਡੀਨ ਅਤੇ ਸਾਈਕਲੋਰਫ਼ੀਨ ਵਰਗੇ ਨਵੇਂ ਸਿੰਥੈਟਿਕ ਜ਼ਹਿਰ ਲੋਕਾਂ ਤਕ ਵਡੀ ਪੱਧਰ ਉਪਰ ਪਹੁੰਚ ਚੁੱਕੇ ਹਨ। ਸਾਈਕਲੋਰਫ਼ੀਨ 1960 ਦੇ ਦਹਾਕੇ ਵਿੱਚ ਕੈਂਸਰ ਦੇ ਦਰਦ ਨਿਵਾਰਕ ਵਜੋਂ ਲੈਬਾਂ ਵਿੱਚ ਖੋਜਿਆ ਗਿਆ ਸੀ, ਪਰ ਬਹੁਤ ਜ਼ਿਆਦਾ ਖ਼ਤਰਨਾਕ ਹੋਣ ਕਾਰਨ ਮਨੁੱਖੀ ਵਰਤੋਂ ਲਈ ਰੱਦ ਕਰ ਦਿੱਤਾ ਗਿਆ ਸੀ। ਮਾਹਿਰਾਂ ਮੁਤਾਬਕ ਇਹ ਫੈਂਟਾਨਿਲ ਨਾਲੋਂ ਵੀ 10 ਗੁਣਾ ਵੱਧ ਤਾਕਤਵਰ ਹੈ। ਜੇਕਰ ਇਸ ਨਸ਼ੇ ਦੀ ਵੱਧ ਮਾਤਰਾ (ਓਵਰਡੋਜ਼) ਸਰੀਰ ਅੰਦਰ ਚਲੀ ਜਾਵੇ, ਤਾਂ ਜਾਨ ਬਚਾਉਣ ਵਾਲੀ 'ਨਾਰਕਨ' ਦਵਾਈ ਦੀਆਂ ਕਈ ਖ਼ੁਰਾਕਾਂ ਵੀ ਬੇਅਸਰ ਰਹਿ ਜਾਂਦੀਆਂ ਹਨ; ਨਾਲ ਹੀ, ਬਾਜ਼ਾਰ ਵਿੱਚ ਮਿਲਦੀਆਂ ਆਮ ਜਾਂਚ ਪੱਟੀਆਂ (ਟੈਸਟ ਸਟ੍ਰਿਪਸ) ਵੀ ਇਸ ਜ਼ਹਿਰ ਨੂੰ ਫੜਨ ਵਿੱਚ ਨਾਕਾਮ ਸਾਬਤ ਹੁੰਦੀਆਂ ਹਨ।

ਨਸ਼ਿਆਂ ਦੇ ਇਸ ਬਦਲਦੇ ਦੌਰ ਦਾ ਸਭ ਤੋਂ ਵੱਡਾ ਖ਼ਤਰਾ ਆਮ ਉਤੇਜਕ ਨਸ਼ੇ ਵਰਤਣ ਵਾਲਿਆਂ ਨੂੰ ਹੋ ਰਿਹਾ ਹੈ। ਕੋਲੰਬਸ ਵਿੱਚ 'ਹੋਪ ਡੀਲਰਜ਼' ਸੰਸਥਾ ਚਲਾਉਣ ਵਾਲੇ ਸਕੌਟ ਸੈਂਡਰਜ਼ ਦੱਸਦੇ ਹਨ ਕਿ ਪਿਛਲੇ ਸਾਲ ਫ਼ੈਂਕਲਿਨ ਕਾਊਂਟੀ ਵਿੱਚ ਹੋਈਆਂ 78 ਫ਼ੀਸਦੀ ਓਵਰਡੋਜ਼ ਮੌਤਾਂ ਇਹਨਾਂ ਖ਼ਤਰਨਾਕ ਨਸ਼ਿਆਂ ਕਾਰਨ ਹੋਈਆਂ ਸਨ। ਲੋਕ ਸੋਚਦੇ ਹਨ ਕਿ ਉਹ ਸਿਰਫ਼ ਜਾਗਦੇ ਰਹਿਣ ਲਈ ਕ੍ਰੈਕ ਕੋਕੀਨ ਲੈ ਰਹੇ ਹਨ, ਪਰ ਉਸ ਵਿੱਚ ਫੈਂਟਾਨਿਲ ਮਿਲਿਆ ਹੁੰਦਾ ਹੈ। ਉਤੇਜਕ ਲੈਣ ਵਾਲੇ ਵਿਅਕਤੀ ਦਾ ਸਰੀਰ ਓਪੀਔਇਡਜ਼ ਨੂੰ ਝੱਲਣ ਦੇ ਕਾਬਲ ਨਹੀਂ ਹੁੰਦਾ। ਇਸ ਕਾਰਨ ਪਹਿਲੀ ਖੁਰਾਕ ਹੀ ਮੌਤ ਦਾ ਕਾਰਨ ਬਣ ਜਾਂਦੀ ਹੈ, ਜਿਸ ਨੂੰ ਗਲੀਆਂ ਵਿੱਚ 'ਹੌਟ ਡੋਜ਼' ਕਿਹਾ ਜਾਂਦਾ ਹੈ।

ਇਹ ਸਿੰਥੈਟਿਕ ਜ਼ਹਿਰ ਜੇਲ੍ਹਾਂ ਵਿਚ ਪਹੁੰਚ ਰਿਹਾ ਹੈ

ਮਾਨਵਤਾ ਦੇ ਪੁਜਾਰੀ ਸਨ ਸ਼੍ਰ. ਹਰਵਿੰਦਰ ਸਿੰਘ ਮੰਡੇਰ

ਸਿੱਖ ਐਜੂਕੇਸ਼ਨ ਕੌਂਸਲ ਦੀ ਰੂਹ ਸਨ ਹਰਵਿੰਦਰ ਸਿੰਘ

ਹਰ ਦਿਨ 'ਸਰਬੱਤ ਦੇ ਭਲੇ' ਦੀ ਕਰਦੇ ਸਨ ਅਰਦਾਸ



ਸਿੱਖ ਹਲਕਿਆਂ ਵਿੱਚ ਇਹ ਖ਼ਬਰ ਬਹੁਤ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਸਿੱਖ ਐਜੂਕੇਸ਼ਨ ਕੌਂਸਲ ਦੀ ਰੂਹ ਵਜੋਂ ਪ੍ਰਸਿੱਧ ਸ਼੍ਰ. ਹਰਵਿੰਦਰ ਸਿੰਘ ਮੰਡੇਰ ਲੰਘੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ।ਸ਼੍ਰ. ਹਰਵਿੰਦਰ ਸਿੰਘ ਮੰਡੇਰ ਇੱਕ ਬ੍ਰਿਟਿਸ਼ ਸਿੱਖ ਸਿੱਖਿਅਕ, ਲੇਖਕ, ਪ੍ਰਸਾਰਕ ਅਤੇ ਯੂਨਾਈਟਿਡ ਕਿੰਗਡਮ ਵਿੱਚ 'ਸਿੱਖ ਐਜੂਕੇਸ਼ਨ ਕੌਂਸਲ' ਵਿਖੇ ਪ੍ਰੋਗਰਾਮ ਡਾਇਰੈਕਟਰ ਸਨ। ਉਹ ਸਿੱਖ ਮੀਡੀਆ ਪਲੇਟਫਾਰਮ 'ਨੌਜਵਾਨੀ' ਨਾਲ ਵੀ ਜੁੜੇ ਹੋਏ ਸਨ।ਹਰ ਕੰਮ ਵਿੱਚ ਉਨ੍ਹਾਂ ਦੀ ਸੂਝ-ਬੂਝ, ਲਗਨ ਅਤੇ ਅਪਣੱਤ ਝਲਕਦੀ ਸੀ। ਉਨ੍ਹਾਂ ਦੇ ਜਾਣ ਨਾਲ ਇੱਕ ਬਹੁਤ ਵੱਡਾ ਖਲਾਅ ਪੈਦਾ ਹੋ ਗਿਆ ਹੈ।ਉਨ੍ਹਾਂ ਦਾ ਪੂਰਾ ਉਪਨਾਮ 'ਮੰਡੇਰ', ਬ੍ਰਿਟਿਸ਼ 'ਕੰਪਨੀਜ਼ ਹਾਊਸ' ਦੇ ਅਧਿਕਾਰਤ ਰਿਕਾਰਡਾਂ ਤੋਂ ਪੁਸ਼ਟੀ ਹੁੰਦਾ ਹੈ।

ਸ਼੍ਰ. ਹਰਵਿੰਦਰ ਸਿੰਘ ਮੰਡੇਰ ਦਾ ਜਨਮ ਮਾਰਚ 1980 ਵਿੱਚ ਹੋਇਆ ਸੀ। ਬ੍ਰਿਟਿਸ਼ ਰਾਸ਼ਟਰੀਅਤਾ ਵਾਲੇ ਸ਼੍ਰ. ਹਰਵਿੰਦਰ ਸਿੰਘ ਮੰਡੇਰ ਲੰਡਨ, ਇੰਗਲੈਂਡ ਦੇ ਨਿਵਾਸੀ ਸਨ। ਉਹਨਾਂ ਨੇ ਦਮਦਮੀ ਟਕਸਾਲ ਤੋਂ 1999-2008 ਦੌਰਾਨ ਧਾਰਮਿਕ ਸਿੱਖਿਆ ਪ੍ਰਾਪਤ ਕੀਤੀ ਸੀ। ਪੇਸ਼ੇ ਵਜੋਂ ਉਹ ਸੰਪਾਦਕ, ਡਿਜੀਟਲ ਨਿਰਮਾਤਾ ਅਤੇ ਸਿੱਖ ਸਿੱਖਿਅਕ ਸਨ। ਸਿੱਖ ਐਜੂਕੇਸ਼ਨ ਕੌਂਸਲ ਨਾਲ ਉਹ ਜੁਲਾਈ 1996 ਤੋਂ ਜੁੜੇ ਹੋਏ ਸਨ ਅਤੇ ਇਸ ਸਮੇਂ ਸਿੱਖ ਐਜੂਕੇਸ਼ਨ ਕੌਂਸਲ ਦੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਅਸਲ ਵਿੱਚ ਉਹ ਸਿੱਖ ਐਜੂਕੇਸ਼ਨ ਕੌਂਸਲ ਦੇ ਡਾਇਰੈਕਟਰ, ਟਰੱਸਟੀ, ਫੈਲੋ ਅਤੇ ਸਿੱਖਿਅਕ ਸਨ। ਉਹ 'ਨੌਜਵਾਨੀ' ਦੇ ਸੰਪਾਦਕ ਅਤੇ ਡਿਜੀਟਲ ਮੀਡੀਆ ਯੋਗਦਾਨਕਰਤਾ ਸਨ।ਉਹ ਸਿੱਖ ਸੁਨੇਹਾ ਸਿੱਖ ਅਧਿਐਨਾਂ ਬਾਰੇ ਤਿਮਾਹੀ ਖੋਜ ਪ੍ਰਕਾਸ਼ਨ ਦੇ ਸੰਪਾਦਕ,ਸਿੱਖ ਸਟੱਡੀਜ਼ ਕੋਰਸ ਦੇ ਕਨਵੀਨਰ ਅਤੇ ਸਿੱਖਿਅਕ ਸਨ।ਉਨ੍ਹਾਂ ਕੋਲ ਵਿਦਿਅਕ ਪ੍ਰੋਗਰਾਮ ਚਲਾਉਣ ਦਾ ਦੋ ਦਹਾਕਿਆਂ ਤੋਂ ਵੱਧ ਦਾ ਤਜਰਬਾ ਸੀ, ਖਾਸ ਤੌਰ 'ਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਕੰਮਕਾਜੀ ਪੇਸ਼ੇਵਰਾਂ ਲਈ।

ਉਨ੍ਹਾਂ ਦੀਆਂ ਲਿਖਤਾਂ ਅਤੇ ਜਨਤਕ ਪੇਸ਼ਕਾਰੀਆਂ ਵਿੱਚ ਸਿੱਖ ਪ੍ਰਭੂਸੱਤਾ, ਮੀਰੀ-ਪੀਰੀ, ਸਿੱਖ ਸਿਆਸੀ ਚੇਤਨਾ, ਮਨੁੱਖੀ ਅਧਿਕਾਰ ਅਤੇ 1984 ਦੀਆਂ ਘਟਨਾਵਾਂ ਵਰਗੇ ਵਿਸ਼ੇ ਸ਼ਾਮਲ ਹਨ।

ਉਹਨਾਂ ਨੇ 2006 ਦੌਰਾਨ 'ਨੌਜਵਾਨੀ' ਮੀਡੀਆ ਪਲੇਟਫਾਰਮ ਦੀ ਸ਼ੁਰੂਆਤ ਕੀਤੀ। ਸਾਲ 2012 ਦੌਰਾਨ ਦਲਜੀਤ ਸਿੰਘ ਬਿੱਟੂ ਅਤੇ ਕੁਲਬੀਰ ਸਿੰਘ ਬੜਾਪਿੰਡ ਦੀ ਰਿਹਾਈ ਲਈ ਆਵਾਜ਼ ਉਠਾਈ। ਸਾਲ 2012 ਦੌਰਾਨ ਬਲਵੰਤ ਸਿੰਘ ਰਾਜੋਆਣਾ ਦੇ ਸਬੰਧ ਵਿੱਚ ਚਲਾਈ ਗਈ 'ਕੇਸਰੀ ਲਹਿਰ' ਮੁਹਿੰਮ ਦਾ ਸਮਰਥਨ ਕੀਤਾ।

2015 ਦੌਰਾਨ 'ਰਾਈਟਿੰਗ ਦ ਰੈਂਗਸ ਆਫ਼ 1984' ਪ੍ਰਕਾਸ਼ਿਤ ਕੀਤਾ, 2022 ਦੌਰਾਨ ਦਲਜੀਤ ਸਿੰਘ ਬਿੱਟੂ ਦੀ ਕਿਤਾਬ 'ਖਾੜਕੂ ਸੰਘਰਸ਼ ਦੀ ਸਾਖੀ' ਦੀ ਯੂ.ਕੇ. ਵਿੱਚ ਰਿਲੀਜ਼ (ਜਾਰੀ ਕਰਨ ਦੀ ਪ੍ਰਕਿਰਿਆ) ਦੀ ਮੇਜ਼ਬਾਨੀ ਕੀਤੀ।

2023 ਵਿੱਚ ਅਵਤਾਰ ਸਿੰਘ ਖੰਡਾ ਦੀ ਮੌਤ ਬਾਰੇ ਇੱਕ ਲੇਖ ਪ੍ਰਕਾਸ਼ਿਤ ਕੀਤਾ।

2024 ਵਿੱਚ 'ਹੁਕਮ ਅਤੇ 1984' ਸਿਰਲੇਖ ਹੇਠ ਇੱਕ ਖੋਜ ਪੱਤਰ ਪੇਸ਼ ਕੀਤਾ।

2025 ਦੌਰਾਨ ਲੰਡਨ ਵਿੱਚ 'ਜਨਰਲ ਸ਼ੁਬੇਗ ਸਿੰਘ ਸਾਲਾਨਾ ਲੈਕਚਰ' ਦਿੱਤਾ।

2025 ਦੌਰਾਨ ਲੰਡਨ ਵਿਖੇ ਵਿਸਾਖੀ ਸਮਾਗਮ ਦੌਰਾਨ ਖ਼ਾਲਸਾ ਰਾਜ, ਮੀਰੀ-ਪੀਰੀ ਅਤੇ ਸਿੱਖ ਪ੍ਰਭੂਸੱਤਾ ਬਾਰੇ ਚਰਚਾ ਕੀਤੀ।

ਉਹਨਾਂ ਦੀਆਂ ਦਸਤਾਵੇਜ਼ੀ ਗਤੀਵਿਧੀਆਂ ਸਿੱਖ ਸਿਆਸੀ ਮੁੱਦਿਆਂ ਅਤੇ ਪ੍ਰਭੂਸੱਤਾ ਬਾਰੇ ਚਰਚਾ ਵਿੱਚ ਲੰਬੇ ਸਮੇਂ ਤੋਂ ਸ਼ਮੂਲੀਅਤ ਨੂੰ ਦਰਸਾਉਂਦੀਆਂ ਹਨ। ਹਾਲਾਂਕਿ, ਉਪਲਬਧ ਸਬੂਤ ਕਿਸੇ ਵੀ ਖਾੜਕੂ ਜਥੇਬੰਦੀ ਵਿੱਚ ਉਨ੍ਹਾਂ ਦੀ ਰਸਮੀ ਮੈਂਬਰਸ਼ਿਪ ਦੀ ਪੁਸ਼ਟੀ ਨਹੀਂ ਕਰਦੇ।

ਉਹਨਾਂ ਨੇ 1984 ਦੇ ਅਨਿਆਂ ਨੂੰ ਸੁਧਾਰਨਾ, 1 ਜੂਨ 2015 ਦੌਰਾਨ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਅਤੇ ਸਿੱਖਾਂ 'ਤੇ ਇਸ ਦੇ ਲਗਾਤਾਰ ਪੈ ਰਹੇ ਪ੍ਰਭਾਵਾਂ ਬਾਰੇ ਵਿਆਖਿਆ ਕੀਤੀ।

ਉਹਨਾਂ ਨੇ 'ਅਵਤਾਰ ਸਿੰਘ ਖੰਡਾ ਨੂੰ ਕਿਸ ਨੇ ਮਾਰਿਆ ?' ਲੇਖ ਅਤੇ 31 ਜੁਲਾਈ 2023 ਨੂੰ ਯੂ.ਕੇ. ਸਥਿਤ ਸਿੱਖ ਕਾਰਕੁਨ ਦੀ ਮੌਤ ਬਾਰੇ ਚਰਚਾ ਕੀਤੀ।

11 ਅਕਤੂਬਰ 2024 ਨੂੰ ਦਾਨੀ ਫੰਡਾਂ ਨਾਲ ਸਬੰਧਿਤ ਅਪਰਾਧਿਕ ਦੋਸ਼ ਸਾਬਿਤ ਹੋਣ ਬਾਰੇ ਚਰਚਾ ਕੀਤੀ।'ਖਾੜਕੂ ਸੰਘਰਸ਼ ਦੀ ਸਾਖੀ' - ਭਾਈ ਦਲਜੀਤ ਸਿੰਘ ਦੀ ਕਿਤਾਬ ਯੂ.ਕੇ. ਵਿੱਚ ਜਾਰੀ ਕੀਤੀ।

11 ਜੁਲਾਈ 2022 ਨੂੰ ਇੰਗਲੈਂਡ ਦੇ ਹਿਚਿਨ ਵਿੱਚ ਦਲਜੀਤ ਸਿੰਘ ਬਿੱਟੂ ਦੀ ਦੀ ਕਿਤਾਬ ਜਾਰੀ ਹੋਣ ਬਾਰੇ ਰਿਪੋਰਟ ਤਿਆਰ ਕੀਤੀ। ਉਨ੍ਹਾਂ ਦੇ ਲੇਖਾਂ ਦੇ ਪੂਰੇ ਸੰਗ੍ਰਹਿ ਵਿੱਚ ਵੀਡੀਓ ਇੰਟਰਵਿਊਆਂ, ਖ਼ਾਲਸਾ ਰਾਜ ਦੀਆਂ ਬੁਨਿਆਦਾਂ ਸ਼ਾਮਲ ਹਨ।ਉਹਨਾਂ ਨੇ 19 ਮਈ 2025 ਨੂੰ ਮੀਰੀ-ਪੀਰੀ, ਸਿੱਖ ਪ੍ਰਭੂਸੱਤਾ ਅਤੇ ਖ਼ਾਲਸਾ ਅਗਵਾਈ ਬਾਰੇ ਚਰਚਾ ਕੀਤੀ।

13 ਮਈ 2022 ਨੂੰ ਸਿੱਖ ਵਿਦਵਤਾ ਅਤੇ ਸਿੱਖਿਆ ਬਾਰੇ 93 ਮਿੰਟ ਦੀ ਇੰਟਰਵਿਊ ਕੀਤੀ।

ਹਰਵਿੰਦਰ ਸਿੰਘ ਮੰਡੇਰ ਦੇ ਪੰਥਕ ਅਤੇ ਸਿਆਸੀ ਪਿਛੋਕੜ ਦੇ ਵਧੇਰੇ ਵਿਸਤ੍ਰਿਤ ਮੁਲਾਂਕਣ ਲਈ, ਹੇਠਾਂ ਦਿੱਤੇ ਪਹਿਲੂਆਂ ਦੀ ਜਾਂਚ ਕਰਨੀ ਲਾਹੇਵੰਦ ਹੋਵੇਗੀ:

* ਦਲਜੀਤ ਸਿੰਘ ਬਿੱਟੂ ਨਾਲ ਉਨ੍ਹਾਂ ਦਾ ਜਨਤਕ ਤੌਰ 'ਤੇ ਦਰਜ ਸਬੰਧ।
* 'ਸਿੱਖਸ ਫਾਰ ਜਸਟਿਸ' ਅਤੇ 'ਕੇਸਰੀ ਲਹਿਰ' ਮੁਹਿੰਮ ਨਾਲ ਉਨ੍ਹਾਂ ਦਾ ਇਤਿਹਾਸਕ ਜੁੜਾਅ।
* ਖ਼ਾਲਿਸਤਾਨ ਅਤੇ ਸਿੱਖ ਪ੍ਰਭੂਸੱਤਾ ਬਾਰੇ ਉਨ੍ਹਾਂ ਦੇ ਬਿਆਨ।
* ਦਮਦਮੀ ਟਕਸਾਲ ਨਾਲ ਉਨ੍ਹਾਂ ਦੀ ਸ਼ਮੂਲੀਅਤ।
* 1984-1995 ਦੇ ਸਿੱਖ ਹਥਿਆਰਬੰਦ ਸੰਘਰਸ਼ ਬਾਰੇ ਉਨ੍ਹਾਂ ਦਾ ਸਟੈਂਡ (ਪੱਖ)।
* ਕੈਨੇਡਾ, ਅਮਰੀਕਾ ਅਤੇ ਪੰਜਾਬ ਵਿੱਚ ਸਿੱਖ ਸੰਸਥਾਵਾਂ ਨਾਲ ਉਨ੍ਹਾਂ ਦੇ ਸੰਪਰਕ।
* 'ਸਿੱਖ ਐਜੂਕੇਸ਼ਨ ਕੌਂਸਲ' ਦੇ ਵਿੱਤੀ ਦਸਤਾਵੇਜ਼ ਅਤੇ ਸੰਸਥਾਗਤ ਭਾਈਵਾਲੀ।

ਇੱਕ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਪ੍ਰਕਾਸ਼ਿਤ ਉਨ੍ਹਾਂ ਦੇ ਲੇਖ, ਉਨ੍ਹਾਂ ਦੇ ਵਿਚਾਰਧਾਰਕ ਅਤੇ ਸਿਆਸੀ ਪੱਖਾਂ ਦੀ ਜਾਂਚ ਕਰਨ ਲਈ ਇੱਕ ਮਹੱਤਵਪੂਰਨ 'ਮੁੱਢਲੇ ਸਰੋਤ' ਵਜੋਂ ਕੰਮ ਕਰਦੇ ਹਨ।

ਚੋਣਾਂ ਤੋਂ ਪਹਿਲਾਂ ਵਿਕਟੋਰੀਆ ਦੇ ਪ੍ਰੀਮੀਅਰ ਬੈਨ ਕੈਰੋਲ ਦਾ ਐਲਾਨ

ਸੂਬੇ ਦੇ ਪਹਿਲੇ ਸਿੱਖ ਸਕੂਲ ਲਈ ਮਿਲਣਗੇ 1.5 ਕਰੋੜ ਡਾਲਰ



ਮੈਲਬੌਰਨ/ਏ.ਟੀ.ਨਿਊਜ਼: ਆਸਟ੍ਰੇਲੀਆ ਦੇ ਸੂਬੇ ਵਿਕਟੋਰੀਆ ਵਿੱਚ ਵੱਸਦੇ ਸਿੱਖ ਭਾਈਚਾਰੇ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਬੂਰ ਪੈਂਦਾ ਨਜ਼ਰ ਆ ਰਿਹਾ ਹੈ। 28 ਨਵੰਬਰ ਨੂੰ ਹੋਣ ਵਾਲੀਆਂ ਸੂਬਾਈ ਚੋਣਾਂ ਦੇ ਮੱਦੇਨਜ਼ਰ ਲੇਬਰ ਪਾਰਟੀ ਨੇ ਵਿਕਟੋਰੀਆ ਦਾ ਪਹਿਲਾ ਸਿੱਖ ਸਕੂਲ ਸਥਾਪਤ ਕਰਨ ਲਈ 1.5 ਕਰੋੜ ਆਸਟ੍ਰੇਲੀਆਈ ਡਾਲਰ ਦੇ ਫੰਡ ਦਾ ਵੱਡਾ ਚੋਣ ਵਾਅਦਾ ਕੀਤਾ ਹੈ। ਸਿੱਖ ਭਾਈਚਾਰੇ ਵੱਲੋਂ ਇਸ ਫੈਸਲੇ ਦਾ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ।

ਸੂਬੇ ਦੇ ਮੁੱਖ ਮੰਤਰੀ (ਪ੍ਰੀਮੀਅਰ) ਬੈਨ ਕੈਰੋਲ ਨੇ ਇਹ ਐਲਾਨ ਪਿਛਲੇ ਦਿਨੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸਾਹਿਬ ਅਕਾਲ ਛਾਉਣੀ, ਲੈਂਗਵਾਰਿਨ ਵਿਖੇ ਸਜਾਏ ਗਏ ਨਗਰ ਕੀਰਤਨ ਦੌਰਾਨ ਕੀਤਾ ਸੀ। ਇਸ ਮੌਕੇ 'ਸਿੱਖ ਵਲੰਟੀਅਰਜ਼ ਆਸਟ੍ਰੇਲੀਆ' ਵੱਲੋਂ ਮੁੱਖ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਗਿਆ ਸੀ। ਪ੍ਰੀਮੀਅਰ ਬੈਨ ਕੈਰੋਲ ਨੇ ਕਿਹਾ ਸੀ ਕਿ ਹਰ ਪਰਿਵਾਰ ਨੂੰ ਆਪਣੇ ਧਰਮ ਅਤੇ ਕਦਰਾਂ-ਕੀਮਤਾਂ ਨਾਲ ਮੇਲ ਖਾਂਦੇ ਸਕੂਲ ਦੀ ਚੋਣ ਕਰਨ ਦਾ ਹੱਕ ਮਿਲਣਾ ਚਾਹੀਦਾ ਹੈ। ਉਪ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਗੈਬਰੀਏਲ ਵਿਲੀਅਮਜ਼ ਨੇ ਵੀ ਇਸ ਪਹਿਲਕਦਮੀ ਦੀ ਹਮਾਇਤ ਕਰਦਿਆਂ ਬਹੁ-ਸੱਭਿਆਚਾਰਕ ਵਿਕਟੋਰੀਆ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੁਹਰਾਈ।

ਪ੍ਰਸਤਾਵਿਤ 1.5 ਕਰੋੜ ਡਾਲਰ ਦੀ ਰਾਸ਼ੀ ਸਕੂਲ ਦੀ ਯੋਜਨਾਬੰਦੀ, ਸੰਭਾਵਨਾਵਾਂ ਦੇ ਅਧਿਐਨ ਅਤੇ ਇਮਾਰਤ ਦੀ ਉਸਾਰੀ 'ਤੇ ਖਰਚੀ ਜਾਵੇਗੀ। ਇਸ ਸਕੂਲ ਵਿੱਚ ਵਿਕਟੋਰੀਆ ਦੇ ਸਰਕਾਰੀ ਪਾਠਕ੍ਰਮ ਦੇ ਨਾਲ-ਨਾਲ ਬੱਚਿਆਂ ਨੂੰ ਸਿੱਖ ਧਰਮ, ਇਤਿਹਾਸ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰਕ ਵਿਰਸੇ ਦੀ ਸਿੱਖਿਆ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਲੇਬਰ ਪਾਰਟੀ ਨੇ ਧਾਰਮਿਕ ਅਤੇ ਸੁਤੰਤਰ ਸਕੂਲਾਂ ਦੇ ਨਵੀਨੀਕਰਨ ਲਈ 50 ਕਰੋੜ ਡਾਲਰ, ਮੰਦਰਾਂ ਤੇ ਗੁਰਦੁਆਰਿਆਂ ਦੀ ਸੁਰੱਖਿਆ ਲਈ 1.2 ਕਰੋੜ ਡਾਲਰ ਅਤੇ ਸਿੱਖ ਹੈਲਪਲਾਈਨ ਲਈ 10 ਲੱਖ ਡਾਲਰ ਦੇਣ ਦਾ ਐਲਾਨ ਵੀ ਕੀਤਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਸਿੱਖ ਵਲੰਟੀਅਰਜ਼ ਆਸਟ੍ਰੇਲੀਆ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਸਿੱਖ ਸਕੂਲ ਤੋਂ ਇਲਾਵਾ ਅਦਾਲਤਾਂ ਅਤੇ ਮੈਲਬੌਰਨ ਕ੍ਰਿਕਟ ਗਰਾਊਂਡ ਵਿੱਚ ਅੰਮ੍ਰਿਤਧਾਰੀ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਛੋਟ, ਅਤੇ ਉਸਾਰੀ ਵਾਲੀਆਂ ਥਾਵਾਂ ਤੇ ਮੋਟਰਸਾਈਕਲ ਚਲਾਉਣ ਸਮੇਂ ਦਸਤਾਰਧਾਰੀ ਸਿੱਖਾਂ ਨੂੰ ਹੈਲਮੈਂਟ ਤੋਂ ਛੋਟ ਦੇਣ ਦੀਆਂ ਮੰਗਾਂ ਰੱਖੀਆਂ ਸਨ। ਸਿੱਖਿਆ ਮੰਤਰੀ ਨੇ ਭਰੋਸਾ ਦਿੱਤਾ ਕਿ ਸਰਕਾਰ ਅਦਾਲਤਾਂ ਵਿੱਚ ਕਿਰਪਾਨ ਦੀ ਛੋਟ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

ਚੋਣ ਵਾਅਦੇ 'ਤੇ ਸਿਆਸੀ ਘਮਾਸਾਣ ਅਤੇ ਆਲੋਚਨਾ

ਜਿੱਥੇ ਇੱਕ ਪਾਸੇ ਸਿੱਖ ਭਾਈਚਾਰਾ ਇਸ ਐਲਾਨ ਨੂੰ ਇਤਿਹਾਸਕ ਦੱਸ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਚੋਣਾਂ ਤੋਂ ਐਨ ਪਹਿਲਾਂ ਕੀਤੇ ਗਏ ਇਸ ਐਲਾਨ ਦੀ ਆਲੋਚਨਾ ਵੀ ਸ਼ੁਰੂ ਹੋ ਗਈ ਹੈ। ਆਸਟ੍ਰੇਲੀਆਈ ਨਿਊਜ਼ ਚੈਨਲ 'ਨਿਊਜ਼ 24' ਦੀ ਐਂਕਰ ਡੈਨਿਕਾ ਡੀ ਜਾਰਜੀਓ ਸਮੇਤ ਕਈ ਆਲੋਚਕਾਂ ਨੇ ਲੇਬਰ ਸਰਕਾਰ ਦੇ ਇਸ 1.5 ਕਰੋੜ ਡਾਲਰ ਦੇ ਵਾਅਦੇ 'ਤੇ ਸਵਾਲ ਚੁੱਕਦਿਆਂ ਇਸ ਦੀ ਨਿਖੇਧੀ ਕੀਤੀ ਹੈ। ਵਿਰੋਧੀਆਂ ਵੱਲੋਂ ਇਸ ਨੂੰ ਵੋਟ ਬੈਂਕ ਦੀ ਸਿਆਸਤ ਵਜੋਂ ਦੇਖਿਆ ਜਾ ਰਿਹਾ ਹੈ, ਜਦਕਿ ਲੇਬਰ ਪਾਰਟੀ ਨੇ ਵਿਰੋਧੀ ਲਿਬਰਲ-ਵਨ ਨੇਸ਼ਨ ਗੱਠਜੋੜ 'ਤੇ ਜਨਤਕ ਸੇਵਾਵਾਂ ਅਤੇ ਸਕੂਲਾਂ ਦੇ ਬਜਟ ਵਿੱਚ 4,000 ਕਰੋੜ ਡਾਲਰ ਦੀ ਕਟੌਤੀ ਕਰਨ ਦੇ ਦੋਸ਼ ਲਾਏ ਹਨ। ਫਿਲਹਾਲ, ਇਹ ਸਕੂਲ ਹੋਂਦ ਵਿੱਚ ਆਵੇਗਾ ਜਾਂ ਨਹੀਂ, ਇਹ 28 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਲੇਬਰ ਪਾਰਟੀ ਦੀ ਮੁੜ ਸੱਤਾ ਵਿੱਚ ਵਾਪਸੀ 'ਤੇ ਨਿਰਭਰ ਕਰੇਗਾ।

ਭਾਈ ਰਾਜੋਆਣਾ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਫ਼ੈਸਲਾ ਰੱਖਿਆ ਰਾਖਵਾਂ

ਸਾਲ 2024 ਵਿੱਚ ਭਾਈ ਰਾਜੋਆਣਾ ਨੇ ਆਪਣੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਅਪੀਲ ਕੀਤੀ ਸੀ ਦਾਇਰ



ਪਟਿਆਲਾ/ ਏ.ਟੀ.ਨਿਊਜ਼ : ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਵਿੱਚ ਪਿਛਲੇ ਸਮੇਂ ਤੋਂ ਫ਼ਾਂਸੀ ਦੀ ਸਜ਼ਾ ਤਹਿਤ ਪਟਿਆਲਾ ਜੇਲ੍ਹ ਵਿੱਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਸਬੰਧੀ ਮਾਮਲੇ 'ਤੇ ਫ਼ੈਸਲਾ ਸੁਪਰੀਮ ਕੋਰਟ ਨੇ ਰਾਖਵਾਂ ਰੱਖ ਲਿਆ ਹੈ। ਜ਼ਿਕਰਯੋਗ ਹੈ ਕਿ ਰਾਜੋਆਣਾ ਵੱਲੋਂ ਸਾਲ 2024 ਵਿੱਚ ਆਪਣੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਅਪੀਲ ਦਾਇਰ ਕੀਤੀ ਗਈ ਸੀ।

ਇਸ ਸਬੰਧੀ ਪਿਛਲੇ ਦਿਨੀ ਉਹਨਾਂ ਦੇ ਵਕੀਲ ਮੁਕੁਲ ਰੋਹਤਗੀ ਵੱਲੋਂ ਬਹਿਸ ਮੁਕੰਮਲ ਕਰ ਲਈ ਗਈ ਸੀ ਤੇ ਅੱਜ ਅਦਾਲਤ ਨੇ ਕੋਈ ਫ਼ੈਸਲਾ ਦੇਣਾ ਸੀ ਪਰੰਤੂ ਅੱਜ ਫ਼ੇਰ ਇਹ ਫ਼ੈਸਲਾ ਰਾਖਵਾਂ ਰੱਖ ਲਿਆ ਗਿਆ ਹੈ। ਇਸੇ ਦੌਰਾਨ ਰਾਜੋਆਣਾ ਸਮੇਤ ਹੋਰ ਬੰਦੀ ਸਿੰਘਾਂ ਦੇ ਕੇਸਾਂ ਨਾਲ ਜੁੜੇ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਆਖਿਆ ਕਿ ਇਸ ਬਾਬਤ ਅਦਾਲਤ ਨੇ ਅਜੇ ਕੋਈ ਅਗਲੀ ਮਿਤੀ ਤੈਅ ਨਹੀਂ ਕੀਤੀ। ਇਸ ਸਬੰਧੀ ਲਿਖਤੀ ਹੁਕਮ ਆਉਣ 'ਤੇ ਹੀ ਸਥਿਤੀ ਸਪੱਸ਼ਟ ਹੋ ਸਕੇਗੀ।

ਕੈਨੇਡਾ ਦੀ ਸਿਆਸਤ 'ਚ ਨਵਦੀਪ ਬੈਂਸ ਦੀ ਜ਼ੋਰਦਾਰ ਵਾਪਸੀ



ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਦੇ ਆਬਾਦੀ ਪੱਖੋਂ ਸਭ ਤੋਂ ਵੱਡੇ ਸੂਬੇ ਓਨਟਾਰੀਓ ਵਿੱਚ ਵਿਰੋਧੀ ਧਿਰ ਦੀ ਲਿਬਰਲ ਪਾਰਟੀ ਦੀ ਕਮਾਨ ਪੰਜਾਬੀ ਮੂਲ ਦੇ ਉੱਘੇ ਆਗੂ ਨਵਦੀਪ ਸਿੰਘ ਬੈਂਸ ਦੇ ਹੱਥਾਂ ਵਿੱਚ ਆ ਗਈ ਹੈ। ਕਰੀਬ ਨੌਂ ਮਹੀਨੇ ਚੱਲੀ ਤਿੰਨ ਗੇੜਾਂ ਵਾਲੀ ਲੀਡਰਸ਼ਿਪ ਦੌੜ ਦੇ ਆਖਰੀ ਪੜਾਅ ਵਿੱਚ ਉਨ੍ਹਾਂ ਨੇ ਲਗਭਗ 50.3 ਫੀਸਦੀ ਵੋਟਾਂ ਹਾਸਲ ਕਰਕੇ ਆਪਣੀ ਵਿਰੋਧੀ ਉਮੀਦਵਾਰ ਲੀ ਫੇਅਰਕਲੌਂ ਨੂੰ ਹਰਾਇਆ। ਇਸ ਜਿੱਤ ਨਾਲ ਉਨ੍ਹਾਂ ਨੇ ਸੂਬਾਈ ਪੱਧਰ 'ਤੇ ਸਰਗਰਮ ਸਿਆਸਤ ਵਿੱਚ ਮੁੜ ਵਾਪਸੀ ਕੀਤੀ ਹੈ।

ਪਰਿਵਾਰਕ ਅਤੇ ਸਿਆਸੀ ਪਿਛੋਕੜ

ਨਵਦੀਪ ਸਿੰਘ ਬੈਂਸ ਦਾ ਪਰਿਵਾਰ ਮੂਲ ਰੂਪ ਵਿੱਚ ਭਾਰਤ ਦੇ ਰਾਜਸਥਾਨ ਸੂਬੇ ਦੇ

(ਬਾਕੀ ਸਫ਼ਾ 26 'ਤੇ)

WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

ਇਟਲੀ ਦੇ ਟੀ.ਵੀ. ਡਰਾਮੇ 'ਚ ਪਾਲਕੀ ਸਾਹਿਬ ਤੇ ਕਿਰਪਾਨ ਦੀ ਬੇਅਦਬੀ ਦੇ ਇਲਜ਼ਾਮ

ਸਿੱਖ ਜਥੇਬੰਦੀਆਂ ਵੱਲੋਂ ਕਾਨੂੰਨੀ ਕਾਰਵਾਈ ਦੀ ਤਿਆਰੀ, ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਪਹੁੰਚਿਆ ਮਾਮਲਾ

ਇਟਲੀ ਵਿੱਚ ਵੱਸਦੇ ਸਿੱਖ ਭਾਈਚਾਰੇ ਵਿੱਚ ਉਸ ਵੇਲੇ ਭਾਰੀ ਰੋਸ ਦੀ ਲਹਿਰ ਦੌੜ ਗਈ, ਜਦੋਂ ਇਟਲੀ ਦੇ ਇੱਕ ਪ੍ਰਸਿੱਧ ਟੈਲੀਵਿਜ਼ਨ ਡਰਾਮੇ 'ਐਸਟ੍ਰਾਨੇਈ' ਵਿੱਚ ਸਿੱਖ ਧਰਮ, ਸਿੱਖ ਰਵਾਇਤਾਂ ਅਤੇ ਪਵਿੱਤਰ ਚਿੰਨ੍ਹਾਂ ਨੂੰ ਕਥਿਤ ਤੌਰ 'ਤੇ ਗਲਤ ਅਤੇ ਇਤਰਾਜ਼ਯੋਗ ਤਰੀਕੇ ਨਾਲ ਪੇਸ਼ ਕੀਤਾ ਗਿਆ। ਇਹ ਲੜੀਵਾਰ 'ਰਾਏ ਫਿਕਸ਼ਨ' ਅਤੇ 'ਈਗਲ ਓਰੀਜਨਲ ਕੰਟੈਂਟ' ਵੱਲੋਂ ਸਾਂਝੇ ਤੌਰ 'ਤੇ ਤਿਆਰ ਕੀਤਾ ਗਿਆ ਹੈ ਅਤੇ 9 ਤੋਂ 30 ਅਕਤੂਬਰ 2026 ਤੱਕ ਇਟਲੀ ਦੇ ਟੈਲੀਵਿਜ਼ਨ 'ਤੇ ਪ੍ਰਸਾਰਿਤ ਹੋਇਆ। ਇਸ ਵਿਵਾਦ ਨੇ ਨਾ ਸਿਰਫ਼ ਸ਼ੋਅ ਦੇ ਨਿਰਮਾਤਾਵਾਂ, ਸਗੋਂ ਇਟਲੀ ਦੀਆਂ ਕੁਝ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਭੂਮਿਕਾ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕਰ ਦਿੱਤਾ ਹੈ।

ਇਸ ਟੀ.ਵੀ. ਸ਼ੋਅ ਦੀ ਕਹਾਣੀ ਇਟਲੀ ਦੇ ਇਮੀਲੀਆ-ਰੋਮਾਗਨਾ ਖੇਤਰ ਦੇ ਸ਼ਹਿਰ ਨੋਵੇਲਾਰਾ ਦੇ ਆਲੇ-ਦੁਆਲੇ ਘੁੰਮਦੀ ਹੈ, ਜਿੱਥੇ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਵੱਸਦਾ ਹੈ। ਸ਼ੋਅ ਦੇ ਕੁਝ ਦ੍ਰਿਸ਼ਾਂ ਨੂੰ ਲੈ ਕੇ ਸਿੱਖ ਸੰਗਤ ਵਿੱਚ ਤਿੱਖਾ ਵਿਰੋਧ ਦੇਖਣ ਨੂੰ ਮਿਲ ਰਿਹਾ ਹੈ। ਸ਼ੋਅ ਵਿੱਚ ਇੱਕ ਨਾਬਾਲਗ ਬੱਚੇ ਨੂੰ ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇੱਕ, ਪਵਿੱਤਰ 'ਕਿਰਪਾਨ' ਨੂੰ ਇੱਕ ਹਥਿਆਰ ਵਜੋਂ ਵਰਤਦਿਆਂ ਦਿਖਾਇਆ ਗਿਆ ਹੈ। ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਇਸ ਨਾਲ ਇਟਲੀ ਦੇ ਮੁੱਖ ਧਾਰਾ ਦੇ ਮੀਡੀਆ ਵਿੱਚ ਸਿੱਖ ਪਛਾਣ ਦਾ ਗਲਤ ਅਕਸ ਪੇਸ਼ ਹੋਇਆ ਹੈ। ਲੜੀਵਾਰ ਵਿੱਚ ਇੱਕ ਅੰਮ੍ਰਿਤਧਾਰੀ ਸਿੱਖ ਕਿਰਦਾਰ ਨੂੰ ਸਮਲਿੰਗੀ ਗਤੀਵਿਧੀਆਂ ਵਿੱਚ ਸ਼ਾਮਲ ਦਿਖਾਇਆ ਗਿਆ ਹੈ, ਜਿਸ 'ਤੇ ਭਾਈਚਾਰੇ ਦੇ ਇੱਕ ਵੱਡੇ ਹਿੱਸੇ ਨੇ ਸਖ਼ਤ ਇਤਰਾਜ਼ ਜਤਾਇਆ ਹੈ।

ਵਿਵਾਦ ਦਾ ਸਭ ਤੋਂ ਵੱਡਾ ਕਾਰਣ ਇੱਕ ਅਜਿਹਾ ਦ੍ਰਿਸ਼ ਹੈ ਜਿਸ ਵਿੱਚ ਸਿੱਖ ਸੰਗਤ ਦਾ ਇਕੱਠ ਦਿਖਾਇਆ ਗਿਆ ਹੈ, ਜਿੱਥੇ ਪਾਲਕੀ ਸਾਹਿਬ ਸਜਾਈ ਗਈ ਹੈ। ਇੱਕ ਗ੍ਰੰਥੀ ਸਿੰਘ ਚੌਰ ਸਾਹਿਬ ਦੀ



ਸੇਵਾ ਕਰ ਰਿਹਾ ਹੈ। ਸੰਗਤ ਦਾ ਇਲਜ਼ਾਮ ਹੈ ਕਿ ਸ਼ੂਟਿੰਗ ਦੌਰਾਨ ਪਾਲਕੀ ਸਾਹਿਬ ਦੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਸੀ, ਜਿਸ ਨਾਲ ਧਾਰਮਿਕ ਮਰਿਆਦਾ ਦੀ ਉਲੰਘਣਾ ਹੋਈ ਹੈ ਅਤੇ ਗੁੰਮਰਾਹਕੁੰਨ ਦ੍ਰਿਸ਼ ਪੇਸ਼ ਕੀਤੇ ਗਏ ਹਨ।

ਭਾਈਚਾਰੇ ਵਿੱਚ ਫੈਲੀਆਂ ਖ਼ਬਰਾਂ ਮੁਤਾਬਕ, ਸ਼ੋਅ ਦੀ ਸ਼ੂਟਿੰਗ ਦੌਰਾਨ ਪ੍ਰੋਡਕਸ਼ਨ ਟੀਮ ਦੇ ਮੈਂਬਰਾਂ ਵੱਲੋਂ ਧਾਰਮਿਕ ਸਥਾਨਾਂ ਵਰਗੇ ਬਣਾਏ ਗਏ ਸੈੱਟਾਂ 'ਤੇ ਭਾਰੀ ਬੇਅਦਬੀ ਕੀਤੀ ਗਈ। ਇਲਜ਼ਾਮ ਹਨ ਕਿ ਟੀਮ ਦੇ ਮੈਂਬਰ ਜੁੱਤੀਆਂ ਪਾ ਕੇ ਧਾਰਮਿਕ ਗਤੀਵਿਧੀਆਂ ਵਾਲੇ ਹਿੱਸੇ ਵਿੱਚ ਗਏ ਅਤੇ ਲੰਗਰ ਵਾਲੇ ਦ੍ਰਿਸ਼ਾਂ ਦੀ ਸ਼ੂਟਿੰਗ ਦੌਰਾਨ ਸਿਗਰਟਾਂ ਪੀਤੀਆਂ ਗਈਆਂ ਤੇ ਸ਼ਰਾਬ ਦਾ ਸੇਵਨ ਵੀ ਕੀਤਾ ਗਿਆ। ਹਾਲਾਂਕਿ ਇਨ੍ਹਾਂ ਦਾਅਵਿਆਂ ਦੀ ਅਜੇ ਤੱਕ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ, ਪਰ ਸਿੱਖ ਸੰਗਤ ਵੱਲੋਂ ਇਸ ਸ਼ੂਟਿੰਗ ਦੀ ਇਜਾਜ਼ਤ ਦੇਣ ਵਾਲਿਆਂ ਤੋਂ ਸਖ਼ਤ ਜਵਾਬ ਮੰਗਿਆ ਜਾ ਰਿਹਾ ਹੈ।

ਇਸ ਵਿਵਾਦ ਨੇ ਉਦੋਂ ਹੋਰ ਗੰਭੀਰ ਰੂਪ ਧਾਰਨ ਕਰ ਲਿਆ ਜਦੋਂ ਇਹ ਗੱਲ ਸਾਹਮਣੇ ਆਈ ਕਿ 'ਸਿੱਖ ਯੂਨੀਅਨ ਇਟਲੀ' ਨਾਲ ਜੁੜੇ ਕੁਝ ਵਿਅਕਤੀਆਂ ਨੇ ਇਤਰਾਜ਼ਯੋਗ ਸਮੱਗਰੀ ਬਾਰੇ ਜਾਣਕਾਰੀ ਹੋਣ ਦੇ ਬਾਵਜੂਦ ਇਸ ਸ਼ੋਅ ਨੂੰ ਬਣਾਉਣ ਵਿੱਚ ਮਦਦ ਕੀਤੀ।

ਖ਼ਾਸ ਤੌਰ 'ਤੇ 'ਸਿੱਖ ਯੂਨੀਅਨ ਇਟਲੀ' ਦੇ ਪ੍ਰਧਾਨ ਸਤਵਿੰਦਰ ਸਿੰਘ ਬਾਜਵਾ ਅਤੇ ਇਕਬਾਲ ਸਿੰਘ ਸੋਢੀ ਦੀ ਭੂਮਿਕਾ 'ਤੇ ਸਵਾਲ ਚੁੱਕੇ ਜਾ ਰਹੇ ਹਨ। ਇਕਬਾਲ ਸਿੰਘ ਸੋਢੀ ਨੋਵੇਲਾਰਾ ਦੇ ਗੁਰਦੁਆਰਾ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਹਨ। ਇਸ ਪੂਰੇ ਮਾਮਲੇ ਵਿੱਚ ਕੁਝ ਵਿਅਕਤੀਆਂ ਵੱਲੋਂ ਪੈਸਿਆਂ ਦੇ ਲੈਣ-ਦੇਣ ਕੀਤੇ ਜਾਣ ਦੇ ਇਲਜ਼ਾਮ ਵੀ ਲੱਗੇ ਹਨ, ਹਾਲਾਂਕਿ ਕਿਸ ਨੂੰ ਕਿੰਨੇ ਪੈਸੇ ਮਿਲੇ, ਇਸ ਦੀ ਅਜੇ ਤੱਕ ਪੁਸ਼ਟੀ ਨਹੀਂ ਹੋ ਸਕੀ ਹੈ।

ਇਸ ਤੋਂ ਇਲਾਵਾ, ਨੋਵੇਲਾਰਾ ਗੁਰਦੁਆਰਾ ਸਾਹਿਬ ਨਾਲ ਜੁੜੇ ਕਈ ਵਿਅਕਤੀ, ਜਿਨ੍ਹਾਂ ਵਿੱਚ ਇਕਬਾਲ ਸਿੰਘ ਸੋਢੀ, ਸੇਵਾ ਸਿੰਘ ਅਤੇ ਪ੍ਰਿਥੀਪਾਲ ਸਿੰਘ ਸ਼ਾਮਲ ਹਨ, ਖੁਦ ਇਸ ਟੀ.ਵੀ. ਸ਼ੋਅ ਵਿੱਚ ਨਜ਼ਰ ਆਏ ਹਨ। ਇਸ ਨਾਲ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਸ਼ੂਟਿੰਗ ਤੋਂ ਪਹਿਲਾਂ ਸਿੱਖ ਮਰਿਆਦਾ ਨੂੰ ਕਾਇਮ ਰੱਖਣ ਲਈ ਕੋਈ ਸਹੀ ਨਿਯਮ ਤੈਅ ਕੀਤੇ ਗਏ ਸਨ ਜਾਂ ਨਹੀਂ।

ਇਸ ਮਾਮਲੇ ਵਿੱਚ ਨੋਵੇਲਾਰਾ ਵਿੱਚ ਸਰਗਰਮ ਇੱਕ ਨੌਜਵਾਨ ਸਿੱਖ ਵਕੀਲ ਇੰਦਰਪ੍ਰੀਤ ਸਿੰਘ ਵੀ ਆਲੋਚਕਾਂ ਦੇ ਨਿਸ਼ਾਨੇ 'ਤੇ ਹਨ। ਇੰਦਰਪ੍ਰੀਤ ਸਿੰਘ 'ਸਿੱਖ ਯੂਨੀਅਨ ਇਟਲੀ' ਦੀਆਂ ਗਤੀਵਿਧੀਆਂ ਅਤੇ 'ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ' ਇਟਲੀ ਨਾਲ ਜੁੜੇ ਹੋਏ ਹਨ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਪਹਿਲਾਂ ਇਸ ਸ਼ੋਅ ਦਾ ਪ੍ਰਚਾਰ ਕੀਤਾ ਅਤੇ ਇਸ ਦੀ ਪ੍ਰਚਾਰ ਸਮੱਗਰੀ ਵਿੱਚ ਵੀ ਦਿਖਾਈ ਦਿੱਤੇ, ਪਰ ਜਦੋਂ ਵਿਵਾਦ ਵਧਿਆ ਤਾਂ ਉਨ੍ਹਾਂ ਨੇ ਖੁਦ ਨੂੰ ਇਸ ਪ੍ਰੋਜੈਕਟ ਤੋਂ ਵੱਖ ਕਰ ਲਿਆ।ਇਸ ਵਿਵਾਦ ਨੇ ਨੋਵੇਲਾਰਾ ਦੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧਾਂ ਅਤੇ 'ਸਿੱਖ ਯੂਨੀਅਨ ਇਟਲੀ' ਦੀ ਕਾਰਜਸ਼ੈਲੀ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। (ਬਾਕੀ ਸਫ਼ਾ 27 'ਤੇ)

ਬਿਨਾਂ ਦਾਨ ਲਏ 10 ਲੱਖ ਲੋਕਾਂ ਨੂੰ ਭੋਜਨ ਛਕਾਉਣ ਦਾ ਮਿਸ਼ਨ

ਕੈਨੇਡਾ ਵਿੱਚ ਛਾਇਆ ਗੁਮਨਾਮ ਸਿੱਖ ਸੇਵਾਦਾਰ

ਸਿੱਖ ਧਰਮ ਵਿੱਚ 'ਸੇਵਾ' ਅਤੇ 'ਲੰਗਰ' ਦੀ ਪਰੰਪਰਾ ਦਾ ਸਭ ਤੋਂ ਉੱਚਾ ਸਥਾਨ ਹੈ। ਇਸੇ ਮਹਾਨ ਵਿਰਸੇ ਨੂੰ ਅੱਗੇ ਤੋਰਦਿਆਂ ਕੈਨੇਡਾ ਵਿੱਚ ਰਹਿਣ ਵਾਲੇ ਇੱਕ ਭਾਰਤੀ ਮੂਲ ਦੇ ਸਿੱਖ ਨੌਜਵਾਨ ਨੇ ਇਨਸਾਨੀਅਤ ਦੀ ਇੱਕ ਅਜਿਹੀ ਮਿਸਾਲ ਪੇਸ਼ ਕੀਤੀ ਹੈ, ਜਿਸ ਦੀ ਚਰਚਾ ਪੂਰੀ ਦੁਨੀਆ ਵਿੱਚ ਹੋ ਰਹੀ ਹੈ। ਇਸ ਨੌਜਵਾਨ ਨੇ ਆਪਣੇ ਦਮ 'ਤੇ 10 ਲੱਖ (ਇੱਕ ਮਿਲੀਅਨ) ਲੋੜਵੰਦ ਲੋਕਾਂ ਨੂੰ ਭੋਜਨ ਛਕਾਉਣ ਦਾ ਵੱਡਾ ਟੀਚਾ ਮਿੱਥਿਆ ਹੈ। ਸਭ ਤੋਂ ਖਾਸ ਗੱਲ ਇਹ ਹੈ ਕਿ ਇਸ ਨੇਕ ਕਾਰਜ ਲਈ ਉਹ ਕਿਸੇ ਵੀ ਸੰਸਥਾ ਜਾਂ ਆਮ ਲੋਕਾਂ ਤੋਂ ਇੱਕ ਰੁਪਿਆ ਵੀ ਦਾਨ ਵਜੋਂ ਨਹੀਂ ਲੈ ਰਿਹਾ, ਸਗੋਂ ਸਾਰਾ ਖਰਚਾ ਆਪਣੀ ਜੇਬ ਵਿੱਚੋਂ ਕਰ ਰਿਹਾ ਹੈ।

ਅੱਜ ਦੇ ਦੌਰ ਵਿੱਚ ਜਿੱਥੇ ਲੋਕ ਛੋਟੀ ਜਿਹੀ ਮਦਦ ਕਰਕੇ ਵੀ ਆਪਣਾ ਨਾਮ ਚਮਕਾਉਣ ਦੀ ਕੋਸ਼ਿਸ਼ ਕਰਦੇ ਹਨ, ਉੱਥੇ ਹੀ ਇਸ ਨੌਜਵਾਨ ਨੇ ਆਪਣੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਹੋਈ ਹੈ। ਉਹ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ 'ਤੇ ਆਪਣੀ ਇਸ ਮੁਹਿੰਮ ਦੀਆਂ ਝਲਕੀਆਂ ਸਾਂਝੀਆਂ ਕਰਦਾ ਹੈ, ਪਰ ਕਿਸੇ ਵੀ ਵੀਡੀਓ



ਵਿੱਚ ਆਪਣਾ ਚਿਹਰਾ ਨਹੀਂ ਦਿਖਾਉਂਦਾ। ਉਸ ਦਾ ਮੰਨਣਾ ਹੈ ਕਿ ਸੇਵਾ ਦਾ ਅਸਲ ਮਕਸਦ ਲੋਕਾਂ ਦੀ ਭੁੱਖ ਮਿਟਾਉਣਾ ਹੈ, ਨਾ ਕਿ ਨਿੱਜੀ ਪ੍ਰਸਿੱਧੀ ਖੱਟਣਾ।

ਉਹ ਮੁੱਖ ਤੌਰ 'ਤੇ ਕੈਨੇਡਾ ਦੇ ਸ਼ਹਿਰ ਵੈਨਕੂਵਰ ਦੀਆਂ ਸੜਕਾਂ 'ਤੇ ਜਾ ਕੇ ਬੇਘਰ ਅਤੇ ਲੋੜਵੰਦ ਲੋਕਾਂ ਨੂੰ ਤਾਜ਼ਾ ਭੋਜਨ ਵੰਡਦਾ ਹੈ। ਆਪਣੀ ਇੱਕ ਸ਼ੁਰੂਆਤੀ ਪੋਸਟ ਵਿੱਚ ਉਸ ਨੇ ਦੱਸਿਆ ਸੀ ਕਿ ਸਿਰਫ਼ 19 ਦਿਨਾਂ ਦੇ ਅੰਦਰ ਹੀ ਉਸ ਨੇ 3,946 ਲੋਕਾਂ ਨੂੰ ਭੋਜਨ ਛਕਾ ਦਿੱਤਾ ਸੀ ਅਤੇ ਉਹ ਜਲਦੀ ਹੀ 4,000 ਦੇ ਅੰਕੜੇ ਨੂੰ ਪਾਰ ਕਰਨ ਜਾ ਰਿਹਾ ਹੈ। ਸਿੱਖ ਨੌਜਵਾਨ ਦਾ ਕਹਿਣਾ ਹੈ ਕਿ ਇਸ ਮਿਸ਼ਨ ਵਿੱਚ ਸਿਰਫ਼ ਉਹ ਅਤੇ ਉਸ ਦਾ ਗੁਰੂ ਸ਼ਾਮਲ ਹਨ। ਉਸ ਦੀ ਇਸ ਨਿਮਰਤਾ ਅਤੇ ਨਿਸ਼ਕਾਮ ਭਾਵਨਾ ਨੇ ਦੁਨੀਆ ਭਰ ਵਿੱਚ ਵੱਸਦੇ ਸਿੱਖ ਭਾਈਚਾਰੇ ਅਤੇ ਪੰਜਾਬੀਆਂ ਦਾ ਦਿਲ ਜਿੱਤ ਲਿਆ ਹੈ।

ਜਦੋਂ ਸੇਵਾਦਾਰ ਨੇ ਉਸ ਮਹਿਲਾ ਨੂੰ ਪੁੱਛਿਆ ਕਿ ਸਮਾਜ ਨਸ਼ੇ ਨਾਲ ਜੂਝ ਰਹੇ ਲੋਕਾਂ ਦੀ ਮਦਦ ਕਿਵੇਂ ਕਰ ਸਕਦਾ ਹੈ, ਤਾਂ ਮਹਿਲਾ ਨੇ ਬੜਾ ਭਾਵੁਕ ਜਵਾਬ ਦਿੱਤਾ ਕਿ ਲੋਕਾਂ ਨੂੰ ਉਨ੍ਹਾਂ ਪ੍ਰਤੀ ਆਪਣੀ ਸੋਚ ਬਦਲਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਨਫ਼ਰਤ ਜਾਂ ਸ਼ੱਕ ਦੀ ਨਜ਼ਰ ਨਾਲ ਨਹੀਂ ਦੇਖਣਾ ਚਾਹੀਦਾ। ਇਸ ਗੱਲਬਾਤ ਨੇ ਇੰਟਰਨੈੱਟ 'ਤੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ ਕਿ ਬੇਘਰ ਅਤੇ ਨਸ਼ਾ ਪੀੜਤ ਲੋਕਾਂ ਨੂੰ ਭੋਜਨ ਦੇ ਨਾਲ-ਨਾਲ ਪਿਆਰ, ਸਤਿਕਾਰ ਅਤੇ ਉਨ੍ਹਾਂ ਦੀ ਗੱਲ ਸੁਣਨ ਵਾਲੇ ਇਨਸਾਨਾਂ ਦੀ ਵੀ ਸਖ਼ਤ ਲੋੜ ਹੈ।

ਇਸ ਨੌਜਵਾਨ ਦੀ ਸੇਵਾ ਦਾ ਦਾਇਰਾ ਸਿਰਫ਼ ਕੈਨੇਡਾ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਸ ਦੀਆਂ ਤਾਰਾਂ ਪੰਜਾਬ ਦੀ ਪਵਿੱਤਰ ਧਰਤੀ ਨਾਲ ਵੀ ਜੁੜੀਆਂ ਹੋਈਆਂ ਹਨ। ਆਪਣੀ ਇੱਕ ਹੋਰ ਸੋਸ਼ਲ ਮੀਡੀਆ ਪੋਸਟ ਰਾਹੀਂ ਉਸ ਨੇ ਜਾਣਕਾਰੀ ਦਿੱਤੀ ਕਿ ਉਸ ਨੇ ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਹਾਲ ਲਈ ਵੀ ਰਸਦ ਭੇਜੀ ਹੈ।

ਸਿੱਖ ਇਤਿਹਾਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਗਈ ਲੰਗਰ ਪ੍ਰਥਾ ਬਿਨਾਂ ਕਿਸੇ ਜਾਤ-ਪਾਤ, ਧਰਮ ਜਾਂ ਅਮੀਰੀ-ਗਰੀਬੀ ਦੇ ਵਿਤਕਰੇ ਤੋਂ ਹਰ ਇਨਸਾਨ ਨੂੰ ਬਰਾਬਰ ਬਿਠਾ ਕੇ ਭੋਜਨ ਛਕਾਉਣ ਦਾ ਸੰਦੇਸ਼ ਦਿੰਦੀ ਹੈ। ਵਿਦੇਸ਼ ਦੀ ਧਰਤੀ 'ਤੇ ਰਹਿ ਕੇ ਇਸ ਨੌਜਵਾਨ ਵੱਲੋਂ ਸ਼ੁਰੂ ਕੀਤਾ ਗਿਆ ਇਹ ਉਪਰਾਲਾ ਸਿੱਖੀ ਦੇ ਇਸੇ ਮੂਲ ਸਿਧਾਂਤ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਨੂੰ ਸੱਚ ਕਰ ਦਿਖਾਉਂਦਾ ਹੈ।

ਗੁਰਦਾਸਪੁਰ ਦੇ 'ਟ੍ਰੀ ਮੈਨ' ਰਣਜੀਤ ਸਿੰਘ ਛੀਨਾ 18 ਸਾਲਾਂ ਤੋਂ ਵਾਤਾਵਰਣ ਸੰਭਾਲ ਅਤੇ ਮਾਨਵਤਾ ਦੀ ਨਿਸ਼ਕਾਮ ਸੇਵਾ ਦੀ ਮਿਸਾਲ ਬਣਿਆ

ਅੱਜ ਦੇ ਦੌਰ ਵਿੱਚ ਜਿੱਥੇ ਜ਼ਿਆਦਾਤਰ ਲੋਕ ਆਪਣੀ ਨਿੱਜੀ ਜ਼ਿੰਦਗੀ ਵਿੱਚ ਰੁੱਝੇ ਰਹਿੰਦੇ ਹਨ, ਉੱਥੇ ਹੀ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦੇ ਇੱਕ ਸਰਕਾਰੀ ਸਕੂਲ ਅਧਿਆਪਕ ਰਣਜੀਤ ਸਿੰਘ ਛੀਨਾ ਨੇ ਆਪਣੇ ਨਿਵੇਕਲੇ ਕਾਰਜਾਂ ਰਾਹੀਂ ਸਮਾਜ ਲਈ ਇੱਕ ਵੱਡੀ ਮਿਸਾਲ ਕਾਇਮ ਕੀਤੀ ਹੈ। ਪਿਛਲੇ 18 ਸਾਲਾਂ ਤੋਂ ਵਾਤਾਵਰਣ ਦੀ ਸੰਭਾਲ ਅਤੇ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਸਦਕਾ ਉਹ ਇਲਾਕੇ ਵਿੱਚ 'ਟ੍ਰੀ ਮੈਨ ਆਫ਼ ਗੁਰਦਾਸਪੁਰ' (ਗੁਰਦਾਸਪੁਰ ਦਾ ਰੁੱਖਾਂ ਵਾਲਾ ਮਨੁੱਖ) ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਇਹ ਨਿਰੰਤਰ ਸੇਵਾ ਅੱਜ ਸਮੁੱਚੇ ਭਾਈਚਾਰੇ ਲਈ ਪ੍ਰੇਰਨਾ ਦਾ ਸਰੋਤ ਬਣੀ ਹੋਈ ਹੈ।

ਰਣਜੀਤ ਸਿੰਘ ਛੀਨਾ ਨੇ ਕਰੀਬ ਦੋ ਦਹਾਕੇ ਪਹਿਲਾਂ ਆਪਣੇ ਜ਼ਿਲ੍ਹੇ ਨੂੰ ਹਰਿਆ-ਭਰਿਆ ਬਣਾਉਣ ਦਾ ਬੀੜਾ ਚੁੱਕਿਆ ਸੀ। ਪਿਛਲੇ 18 ਸਾਲਾਂ ਵਿੱਚ ਉਨ੍ਹਾਂ ਨੇ ਕੌਮੀ ਰਾਜਮਾਰਗਾਂ, ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਹੋਰ ਸਾਂਝੀਆਂ ਥਾਵਾਂ 'ਤੇ ਸੈਂਕੜੇ ਰੁੱਖ ਲਗਾਏ ਹਨ ਅਤੇ ਉਨ੍ਹਾਂ ਦੀ ਪੂਰੀ ਸੰਭਾਲ ਵੀ ਕੀਤੀ ਹੈ। ਉਨ੍ਹਾਂ ਦੀ ਇਸ ਮੁਹਿੰਮ ਦੀ ਖ਼ਾਸੀਅਤ ਇਹ ਹੈ ਕਿ ਉਹ ਸਿਰਫ਼ ਰੁੱਖ ਲਗਾ ਕੇ ਭੁੱਲ ਨਹੀਂ ਜਾਂਦੇ, ਸਗੋਂ ਉਨ੍ਹਾਂ ਦੇ ਵੱਡੇ ਹੋਣ ਤੱਕ ਪੂਰੀ ਦੇਖਭਾਲ ਕਰਦੇ ਹਨ। ਉਨ੍ਹਾਂ ਵੱਲੋਂ ਲਗਾਏ ਗਏ ਬੂਟਿਆਂ ਵਿੱਚ ਫ਼ਲਦਾਰ ਅਤੇ ਔਸ਼ਧੀ ਗੁਣਾਂ ਵਾਲੇ (ਦਵਾਈਆਂ ਵਾਲੇ) ਰੁੱਖ ਖ਼ਾਸ ਤੌਰ 'ਤੇ ਸ਼ਾਮਲ ਹਨ। ਸ਼ੁਰੂਆਤ ਵਿੱਚ ਉਨ੍ਹਾਂ ਨੇ ਵੱਡੀਆਂ ਸੜਕਾਂ ਨੂੰ



ਚੁਣਿਆ ਅਤੇ ਫਿਰ ਹੌਲੀ-ਹੌਲੀ ਵਿੱਚ ਜੋੜਨ ਵਾਲੀਆਂ ਛੋਟੀਆਂ ਸਰਹੱਦੀ ਜ਼ਿਲ੍ਹੇ ਦੇ ਪਿੰਡਾਂ ਨੂੰ ਆਪਸ ਸੜਕਾਂ ਤੱਕ ਆਪਣੀ ਮੁਹਿੰਮ ਦਾ ਵਿਸਥਾਰ ਕੀਤਾ।

ਗੁਰਦਾਸਪੁਰ ਜ਼ਿਲ੍ਹੇ ਵਿੱਚ ਜੰਗਲਾਂ ਹੇਠ ਰਕਬਾ ਬਹੁਤ ਘੱਟ ਹੋਣ ਕਾਰਨ ਰਣਜੀਤ ਸਿੰਘ ਛੀਨਾ ਦੇ ਇਹ ਯਤਨ ਹੋਰ ਵੀ ਮਹੱਤਵਪੂਰਨ ਹੋ ਜਾਂਦੇ ਹਨ। 'ਇੰਡੀਆ ਸਟੇਟ ਆਫ਼ ਫਾਰੈਸਟ ਰਿਪੋਰਟ' ਦੇ ਅੰਕੜਿਆਂ ਅਨੁਸਾਰ, ਗੁਰਦਾਸਪੁਰ ਜ਼ਿਲ੍ਹੇ ਵਿੱਚ ਸਿਰਫ਼ 23.91 ਵਰਗ ਕਿਲੋਮੀਟਰ ਹੀ ਜੰਗਲੀ ਖੇਤਰ ਹੈ। ਇਸ ਵਿੱਚੋਂ 5.55 ਵਰਗ ਕਿਲੋਮੀਟਰ ਦਰਮਿਆਨਾ ਸੰਘਣਾ ਜੰਗਲ ਹੈ ਅਤੇ 18.36 ਵਰਗ ਕਿਲੋਮੀਟਰ ਖੁੱਲ੍ਹਾ ਜੰਗਲੀ ਇਲਾਕਾ ਹੈ। ਅਜਿਹੇ ਹਾਲਾਤਾਂ ਵਿੱਚ ਛੀਨਾ ਦਾ ਇਹ ਵਿਅਕਤੀਗਤ ਉਪਰਾਲਾ ਵਾਤਾਵਰਣ ਸੰਤੁਲਨ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਸਮਾਜ ਸੇਵਾ ਦੇ ਖੇਤਰ ਵਿੱਚ ਪਾਏ ਗਏ ਇਨ੍ਹਾਂ ਸ਼ਾਨਦਾਰ ਯੋਗਦਾਨਾਂ ਲਈ ਰਣਜੀਤ ਸਿੰਘ ਛੀਨਾ ਨੂੰ 'ਭਾਈ ਘਨ੍ਹੱਈਆ ਐਵਾਰਡ' ਸਮੇਤ ਕਈ ਸਮਾਜਿਕ ਅਤੇ ਸਵੈ-ਸੇਵੀ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਹਾਲਾਂਕਿ, ਇਨ੍ਹਾਂ ਮਾਣ-ਸਨਮਾਨਾਂ ਦੇ ਬਾਵਜੂਦ ਉਹ ਨਿੱਜੀ ਪ੍ਰਸਿੱਧੀ ਨਾਲੋਂ ਲੋਕ ਸੇਵਾ ਨੂੰ ਵੱਧ ਤਰਜੀਹ ਦਿੰਦੇ ਹਨ।

ਛੀਨਾ ਦਾ ਮੰਨਣਾ ਹੈ ਕਿ ਜੇਕਰ ਗੈਰ-ਸਰਕਾਰੀ ਸੰਗਠਨ (ਐਨ.ਜੀ.ਓ.) ਅਤੇ ਆਮ ਲੋਕ ਇਸ ਮੁਹਿੰਮ ਵਿੱਚ ਵੱਧ-ਚ



ਭਾਰਤ ਇੱਕ ਅਜਿਹਾ ਵਿਸ਼ਾਲ ਖੇਤਰਫ਼ਲ ਵਾਲਾ ਦੇਸ਼ ਹੈ, ਜਿੱਥੇ 'ਅਨੇਕਤਾ ਵਿੱਚ ਏਕਤਾ ਅਤੇ ਏਕਤਾ ਵਿੱਚ ਅਨੇਕਤਾ' ਦਾ ਸਿਧਾਂਤ ਲਾਗੂ ਕੀਤਾ ਹੋਇਆ ਹੈ। ਭਾਰਤ ਵਿੱਚ ਵੱਖ ਵੱਖ ਧਰਮਾਂ, ਨਸਲਾਂ, ਰੰਗਾਂ ਅਤੇ ਜਾਤੀਆਂ ਦੇ ਲੋਕਾਂ ਨੂੰ ਇੱਕੋ ਜਿਹੇ ਸਮਾਨ ਅਧਿਕਾਰ ਭਾਰਤੀ ਸੰਵਿਧਾਨ ਰਾਹੀਂ ਦਿੱਤੇ ਹੋਏ ਹਨ। ਇਹ ਅਧਿਕਾਰ ਦੇਣ ਮੌਕੇ ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਪਰ ਪਿਛਲੇ ਕੁਝ ਸਾਲਾਂ ਤੋਂ ਭਾਰਤ ਵਿੱਚ ਰਹਿ ਰਹੇ ਘੱਟਗਿਣਤੀ ਭਾਈਚਾਰਿਆਂ ਦੇ ਲੋਕਾਂ ਨੂੰ ਬੇਗਾਨੇਪਣ ਦਾ ਅਹਿਸਾਸ ਹੋਣ ਲੱਗਿਆ ਹੈ।

ਅੰਮ੍ਰਿਤਸਰ ਟਾਈਮਜ਼ ਬਿਊਰੋ

ਭਾਰਤ ਦੇ ਸੱਤਾਧਾਰੀ ਸਿਆਸਤਦਾਨ ਅਕਸਰ ਦਾਅਵਾ ਕਰਦੇ ਹਨ ਕਿ ਭਾਰਤ ਅਮਨ ਪਸੰਦ ਦੇਸ਼ ਹੈ। ਕੇਂਦਰੀ ਸੱਤਾਧਾਰੀਆਂ ਵੱਲੋਂ ਇਸ ਸਮੇਂ ਭਾਰਤ ਵੱਲੋਂ ਰੂਸ ਅਤੇ ਯੂਕ੍ਰੇਨ ਵਿਚਾਲੇ ਹੋ ਰਹੀ ਜੰਗ ਨੂੰ ਰੋਕਣ ਲਈ ਯਤਨ ਕਰਨ ਦੇ ਦਾਅਵੇ ਵੀ ਕੀਤੇ ਜਾ ਰਹੇ ਹਨ। ਇਹਨਾਂ ਸੱਤਾਧਾਰੀਆਂ ਵੱਲੋਂ ਪ੍ਰਧਾਨਮੰਤਰੀ ਮੋਦੀ ਨੂੰ ਚਮਤਕਾਰੀ ਸ਼ਖਸੀਅਤ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ ਪਰ ਦੇਸ਼ ਦੇ ਵੱਖ- ਵੱਖ ਰਾਜਾਂ ਵਿੱਚ ਵੱਖ ਵੱਖ ਵਰਗਾਂ ਵਿਚਾਲੇ ਫੈਲਿਆ ਤਨਾਓ ਅਤੇ ਅਸ਼ਾਂਤੀ ਕੁਝ ਵੱਖਰੀ ਹੀ ਤਸਵੀਰ ਪੇਸ਼ ਕਰ ਰਹੇ ਹਨ। ਭਾਰਤ ਵਿੱਚ ਪਿਛਲੇ ਕੁਝ ਸਾਲਾਂ ਤੋਂ ਫਿਰਕੂ ਤਨਾਓ ਲਗਾਤਾਰ ਵੱਧ ਰਿਹਾ ਹੈ ਅਤੇ ਵੱਖ- ਵੱਖ ਵਰਗਾਂ ਵਿਚਾਲੇ ਸੰਘਰਸ਼ ਹੋ ਰਿਹਾ ਹੈ। ਇਹਨਾਂ ਵਿੱਚੋਂ ਕਈ ਸੂਬੇ ਤਾਂ ਅਜਿਹੇ ਹਨ ਜਿਥੇ ਭਾਜਪਾ ਦੀਆਂ ਡਬਲ ਇੰਜਣ ਵਾਲੀਆਂ ਸਰਕਾਰਾਂ ਹਨ, ਫਿਰ ਵੀ ਉਹਨਾਂ ਰਾਜਾਂ ਵਿੱਚ ਹਿੰਸਾ ਹੋ ਰਹੀ ਹੈ, ਜੋ ਕਿ ਕਈ ਸਵਾਲ ਵੀ ਖੜੇ ਕਰ ਰਹੀ ਹੈ।

ਕੁਝ ਬੁੱਧੀਜੀਵੀ ਇਹ ਕਹਿ ਰਹੇ ਹਨ ਕਿ ਇਹ ਭਾਰਤ ਵਿੱਚ ਆਮ ਵਰਤਾਰਾ ਨਹੀਂ ਹੈ ਸਗੋਂ ਪਿਛਲੇ ਕੁਝ ਸਾਲਾਂ ਤੋਂ ਅਜਿਹਾ ਮਾਹੌਲ ਬਣਾਇਆ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਵੱਖ- ਵੱਖ ਭਾਈਚਾਰਿਆ ਅਤੇ ਵਰਗਾਂ ਵਿੱਚ ਇੱਕ ਦੂਜੇ ਵਿਰੁੱਧ ਨਫ਼ਰਤ ਪੈਦਾ ਹੋ ਰਹੀ ਹੈ। ਕਈ ਰਾਜਾਂ ਵਿੱਚ ਨਿੱਕੀ ਜਿਹੀ ਚਿੰਗਾੜੀ ਤੋਂ ਵੱਡੇ ਭਾਂਬੜ ਬਲ ਰਹੇ ਹਨ। ਜਿਥੋਂ ਤੱਕ ਸਰਕਾਰ, ਪੁਲਿਸ ਅਤੇ ਪ੍ਰਸ਼ਾਸਨ ਦਾ ਸਵਾਲ ਹੈ ਤਾਂ ਇਹ ਸਾਰੇ ਵੀ ਇੱਕ ਕਟਹਿਰੇ ਵਿੱਚ ਖੜੇ ਨਜ਼ਰ ਆ ਰਹੇ ਹਨ। ਹਿੰਸਕ ਘਟਨਾਂਵਾਂ ਵਾਪਰਨ ਵੇਲੇ ਅਕਸਰ ਪ੍ਰਸ਼ਾਸਨ ਅਤੇ ਪੁਲਿਸ ਮੂਕ ਦਰਸ਼ਕ ਬਣੇ ਨਜ਼ਰ ਆਉਂਦੇ ਹਨ, ਜਦੋਂ ਕਿ ਉਹਨਾਂ ਦੀ ਜਿੰਮੇਵਾਰੀ ਹਿੰਸਾ ਹੋਣ ਤੋਂ ਰੋਕਣ ਦੀ ਹੈ। ਹਿੰਸਾ ਭੜਕਣ ਤੋਂ ਬਾਅਦ ਹੀ ਅਕਸਰ ਪ੍ਰਸ਼ਾਸਨ ਅਤੇ ਪੁਲਿਸ ਹਰਕਤ ਵਿੱਚ ਆਉਂਦੇ ਹਨ ਅਤੇ ਹਿੰਸਾ ਪ੍ਰਭਾਵਿਤ ਇਲਾਕਿਆਂ ਵਿੱਚ ਇੰਟਰਨੈਟ ਬੰਦ ਕਰਕੇ ਜਾਂ ਧਾਰਾ 144 ਲਗਾ ਕੇ ਖਾਨਾਪੂਰਤੀ ਕਰ ਲਈ ਜਾਂਦੀ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਅਕਸਰ ਹਿੰਸਾ ਭੜਕਣ ਤੋਂ ਬਾਅਦ ਹੀ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਜਾਗਦੇ ਹਨ, ਜਦੋਂਕਿ ਜਦੋਂ ਹਿੰਸਾ ਭੜਕਾਉਣ ਲਈ ਭੂਮਿਕਾ ਬੰਨੀ ਜਾਂਦੀ ਹੈ, ਉਸ ਸਮੇਂ ਕੋਈ ਠੋਸ ਕਦਮ ਚੁੱਕਣ ਦੀ ਥਾਂ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਸਰਗਰਮ ਨਹੀਂ ਹੁੰਦੇ, ਜਿਸ ਕਰਕੇ ਕਿਸੇ ਨਾ ਕਿਸੇ ਇਲਾਕੇ ਵਿੱਚ ਅਚਾਨਕ ਕਿਸੇ ਕਾਰਨ ਤਨਾਓ ਪੈਦਾ ਹੁੰਦਾ ਹੈ, ਜੋ ਕਿ ਬਾਅਦ ਵਿੱਚ ਵੱਡੀ ਹਿੰਸਾ ਵਿੱਚ ਬਦਲ ਜਾਂਦਾ ਹੈ।

ਦੇਸ਼ ਆਖਰਕਾਰ ਉਸ ਮੁਕਾਮ 'ਤੇ ਖੜ੍ਹਾ ਨਜ਼ਰ ਆ ਰਿਹਾ ਹੈ, ਜਿੱਥੇ ਪਿਛਲੇ ਦਹਾਕੇ ਤੋਂ ਇਸ ਤੱਕ ਪਹੁੰਚਣ ਲਈ ਸੁਚੱਜੀ ਯੋਜਨਾ ਬਣਾਈ ਅਤੇ ਲਾਗੂ ਕੀਤੀ ਜਾ ਰਹੀ ਹੈ। ਭਾਵੇਂ ਇਸ ਦਾ ਬਲੂਪ੍ਰਿੰਟ ਤਿਆਰ ਕਰਕੇ ਲਗਭਗ ਇੱਕ ਸਦੀ ਤੋਂ ਸਮਾਜ ਦੇ ਸਾਹਮਣੇ ਰੱਖਿਆ ਗਿਆ ਸੀ, ਪਰ ਪਿਛਲੇ 8-9 ਸਾਲਾਂ ਵਿੱਚ ਇਸ ਨੂੰ ਰਾਜ ਸੱਤਾ ਅਤੇ ਸੱਤਾਧਾਰੀ ਧਿਰ ਦਾ ਸਮਰਥਨ ਪ੍ਰਾਪਤ ਹੋਇਆ ਹੈ। ਇਸ ਸ਼ਕਤੀ ਅਤੇ ਸਮਰਥਨ ਦੇ ਨਤੀਜੇ ਦੀ ਝਲਕ ਵੱਖ ਵੱਖ ਰਾਜਾਂ ਦੇ ਵੱਖ- ਵੱਖ ਇਲਾਕਿਆਂ ਵਿੱਚ ਫੈਲੀ ਹਿੰਸਾ ਤੋਂ ਮਿਲ ਜਾਂਦੀ ਹੈ। ਭਾਰਤ ਦੇ ਬਹੁਤੇ ਹਿੱਸਿਆਂ ਵਿੱਚ, ਕਦੇ ਇਕੱਲੇ, ਕਦੇ ਇੱਕ ਸਮੂਹ ਵਿੱਚ, ਅਜਿਹੀਆਂ ਧਮਕੀਆਂ ਉਨ੍ਹਾਂ ਸਾਰਿਆਂ ਨੂੰ ਮਿਲ ਰਹੀਆਂ ਹਨ ਜਿਨ੍ਹਾਂ ਨੂੰ ਇੱਕ ਵੱਖਰੇ ਸਮਾਜ ਦਾ ਹਿੱਸਾ ਮੰਨਿਆ ਗਿਆ ਹੈ ਅਤੇ ਬਹੁਗਿਣਤੀ ਵਿੱਚੋਂ ਦੂਜੇ ਨਾਗਰਿਕ ਦਾ ਦਰਜਾ ਦਿੱਤਾ ਗਿਆ ਹੈ। ਇਨ੍ਹਾਂ ਨਾਅਰਿਆਂ ਦਾ ਸ਼ਿਕਾਰ ਉਹ ਲੋਕ ਵੀ ਹਨ ਜੋ ਇਸ ਨਾਲ ਅਸਹਿਮਤ ਹਨ ਅਤੇ ਇਹ ਮੰਨਦੇ ਹਨ ਕਿ ਇਹ ਦੇਸ਼ ਓਨਾ ਹੀ ਘੱਟ ਗਿਣਤੀਆਂ ਦਾ ਹੈ ਜਿੰਨਾ ਦੂਜਿਆਂ ਦਾ। ਭਾਰਤ ਵਿੱਚ ਸਹਿਣਸ਼ੀਲਤਾ ਦੀ ਥਾਂ ਅਸਹਿਣਸ਼ੀਲਤਾ ਵੱਧਦੀ ਜਾ ਰਹੀ ਹੈ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਬੱਸ-ਟਰੇਨ 'ਚ ਸਫਰ ਕਰਨ ਸਮੇਂ ਸਹਿ-ਯਾਤਰੀਆਂ ਵਿਚਕਾਰ ਸਿਆਸੀ ਚਰਚਾ ਹੁੰਦੀ ਹੈ। ਇਸ ਤੋਂ ਇਲਾਵਾ ਚੌਕਾਂ, ਚਾਹ, ਪਾਨ, ਨਾਈ ਦੀਆਂ ਦੁਕਾਨਾਂ ਤੋਂ ਲੈ ਕੇ ਆਡੀਟੋਰੀਅਮਾਂ ਅਤੇ ਇਕੱਠਾਂ ਤੱਕ ਹਰ ਤਰ੍ਹਾਂ ਦੀਆਂ ਬਹਿਸਾਂ ਹਮੇਸ਼ਾ ਹੁੰਦੀਆਂ ਰਹਿੰਦੀਆਂ ਹਨ, ਇਨ੍ਹਾਂ ਵਿੱਚ ਸਿਆਸੀ ਬਹਿਸਾਂ ਵੀ ਸ਼ਾਮਲ ਹਨ। ਵਿਚਾਰਾਂ ਨਾਲ ਅਸਹਿਮਤੀ ਦੇ ਬਾਵਜੂਦ ਵੀ ਅਜਿਹੀਆਂ ਚਰਚਾਵਾਂ ਹੁੰਦੀਆਂ ਰਹਿੰਦੀਆਂ ਹਨ ਪਰ ਹੁਣ ਇਹ ਬਹਿਸਾਂ ਅਤੇ ਵਿਚਾਰ ਵੀ ਹਿੰਸਕ ਰੂਪ ਧਾਰਦੇ ਜਾ ਰਹੇ ਹਨ। ਇਸ ਕਰਕੇ ਆਮ ਆਦਮੀ ਹੁਣ ਘਰ ਤੋਂ ਬਾਹਰ ਕੋਈ ਵੀ ਸਿਆਸੀ ਗੱਲ ਕਰਨ ਤੋਂ ਗੁਰੇਜ ਕਰਨ ਲੱਗਿਆ ਹੈ।

ਅੱਜ ਭਾਰਤ ਦਾ ਹਾਲ ਇਹ ਹੋ ਗਿਆ ਹੈ ਕਿ ਭਾਰਤ ਦੀ ਸਿਆਸਤ ਦਾ ਮੁਹਾਂਦਰਾ ਹੀ ਬਦਲ ਗਿਆ ਹੈ। ਹਾਲ ਹੀ ਦੇ ਸਾਲਾਂ ਦੀ ਰਾਜਨੀਤੀ ਇਸ ਤਰ੍ਹਾਂ ਬਦਲ ਗਈ ਹੈ ਕਿ ਅਸਹਿਣਸ਼ੀਲਤਾ ਹੁਣ ਆਪਣੇ ਸਿਖਰ 'ਤੇ ਹੈ। ਵਿਚਾਰਧਾਰਕ ਵਿਰੋਧੀਆਂ ਅਤੇ ਦੂਜੇ ਧਰਮਾਂ ਦੇ ਪੈਰੋਕਾਰਾਂ ਨੂੰ ਦੇਸ਼ ਦਾ ਦੁਸ਼ਮਣ ਦੱਸਣਾ, ਉਨ੍ਹਾਂ ਨੂੰ ਗੱਦਾਰ ਕਹਿਣਾ, ਉਨ੍ਹਾਂ ਨੂੰ ਪਾਕਿਸਤਾਨ-ਅਫਗਾਨਿਸਤਾਨ, ਨਕਸਲਵਾਦੀਆਂ ਵਿੱਚ ਭੇਜਣਾ, ਉਨ੍ਹਾਂ ਨੂੰ ਧਰਮ ਵਿਰੋਧੀ ਸਾਬਤ ਕਰਨਾ ਸੰਵਾਦ ਕਲਾ ਦੀ ਕਾਢ ਹੈ ਜਿਸ ਨੇ ਸਹਿਣਸ਼ੀਲ ਅਤੇ ਸੱਭਿਅਕ ਲੋਕਾਂ ਨੂੰ ਇਸ ਤੋਂ ਦੂਰ ਕਰ ਦਿੱਤਾ ਹੈ। ਹੁਣ ਵਾਦ-ਵਿਵਾਦ ਦਾ ਖੇਤਰ ਅੰਨ੍ਹੀ ਸ਼ਰਧਾ, ਤਰਕ ਅਤੇ ਵਿਵੇਕ ਤੋਂ ਸੱਖਣਾ ਅਤੇ ਬੇ-ਪੜ੍ਹਿਆਂ ਦੇ ਅਧੀਨ ਹੋ ਗਿਆ ਹੈ। ਉੱਥੇ ਤੱਥਾਂ ਅਤੇ ਹਕੀਕਤਾਂ 'ਤੇ ਆਧਾਰਿਤ ਚਰਚਾ ਘੱਟ ਹੈ ਅਤੇ ਗਾਲੀ-ਗਲੋਚ ਨਾਲ ਭਰੀ ਭਾਸ਼ਾ ਬੇਬਾਕ ਹੈ। ਵੱਡੀ ਗਿਣਤੀ ਲੋਕ ਨਵੇਂ ਸੱਭਿਆਚਾਰ ਦਾ ਹਿੱਸਾ ਹਨ ਜੋ ਦੇਸ਼ ਭਗਤੀ ਦੇ ਨਾਂ 'ਤੇ ਟਰੋਲ ਫ਼ੌਜ ਦੇ ਮੈਂਬਰ ਬਣ ਗਏ ਹਨ।

ਜੇਕਰ ਨਫ਼ਰਤ ਭਰੇ ਬੋਲਾਂ ਅਤੇ ਹਿੰਸਕ ਵਿਵਹਾਰ 'ਤੇ ਰੋਕ ਨਾ ਲਗਾਈ ਗਈ ਤਾਂ ਭਾਰਤ ਦਾ ਸਮਾਜ ਉਸ ਮੁਕਾਮ 'ਤੇ ਖੜ੍ਹਾ ਹੋ ਜਾਵੇਗਾ ਜਿੱਥੋਂ ਇਸਨੂੰ ਵਾਪਸ ਲਿਆਉਣਾ ਅਸੰਭਵ ਹੋ ਜਾਵੇਗਾ।

ਕੀ ਸੱਚਮੁੱਚ 'ਆਰਥਿਕ ਤਬਾਹੀ' ਦੇ ਕਿਨਾਰੇ 'ਤੇ ਹੈ ਭਾਰਤ ?

ਰਾਹੁਲ ਗਾਂਧੀ ਦੇ ਦਾਅਵਿਆਂ ਪਿੱਛੇ ਅੰਕੜਿਆਂ ਦਾ ਪੂਰਾ ਸੱਚ ਕੀ ਹੈ ? ਕੀ ਕਹਿੰਦੇ ਨੇ ਮਾਹਿਰ ?

ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੱਲੋਂ ਆਪਣੀ ਅਮਰੀਕਾ ਫੇਰੀ ਦੌਰਾਨ ਨਿਊਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ ਦਿੱਤੇ ਗਏ ਬਿਆਨ ਨੇ ਭਾਰਤੀ ਸਿਆਸਤ ਤੇ ਆਰਥਿਕ ਗਲਿਆਰਿਆਂ ਵਿੱਚ ਨਵੀਂ ਬਹਿਸ ਛੇੜ ਦਿੱਤੀ ਹੈ। ਨਿਊਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ ਅਮਰੀਕੀ ਪੱਤਰਕਾਰ ਲਿਡੀਆ ਨਾਲ ਗੱਲਬਾਤ ਕਰਦਿਆਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਭਾਰਤ ਦੇ ਮੌਜੂਦਾ ਆਰਥਿਕ ਮਾਡਲ ਦੀ ਆਲੋਚਨਾ ਕਰਦਿਆਂ ਦੇਸ਼ ਦੀ ਅਰਥਵਿਵਸਥਾ ਨੂੰ 'ਆਰਥਿਕ ਤਬਾਹੀ' ਦੇ ਕਿਨਾਰੇ ਦੱਸਿਆ ਹੈ। ਰਾਹੁਲ ਗਾਂਧੀ ਅਨੁਸਾਰ, ਸਰਕਾਰੀ ਨੀਤੀਆਂ ਕਾਰਨ ਨਿਰਮਾਣ ਖੇਤਰ, ਛੋਟੇ ਕਾਰੋਬਾਰ ਅਤੇ ਖੇਤੀਬਾੜੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਜਿਸ ਨਾਲ ਬੇਰੁਜ਼ਗਾਰੀ ਦਾ ਗੰਭੀਰ ਸੰਕਟ ਪੈਦਾ ਹੋ ਗਿਆ ਹੈ ਅਤੇ ਸਿਰਫ਼ ਚੋਣਵੇਂ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਹੀ ਫਾਇਦਾ ਪਹੁੰਚ ਰਿਹਾ ਹੈ। ਕੋਲੰਬੀਆ ਯੂਨੀਵਰਸਿਟੀ ਵਿੱਚ ਬੋਲਦਿਆਂ ਰਾਹੁਲ ਗਾਂਧੀ ਨੇ ਨੇ ਦਾਅਵਾ ਕੀਤਾ ਕਿ ਭਾਰਤ ਦੇ ਨਿਰਮਾਣ ਖੇਤਰ ਦੀ ਰੀੜ੍ਹ ਦੀ ਹੱਡੀ ਟੁੱਟ ਚੁੱਕੀ ਹੈ ਅਤੇ 'ਮੇਕ ਇਨ ਇੰਡੀਆ' ਜਾਂ 'ਸਟਾਰਟ-ਅੱਪ ਇੰਡੀਆ' ਵਰਗੀਆਂ ਯੋਜਨਾਵਾਂ ਜ਼ਮੀਨੀ ਪੱਧਰ 'ਤੇ ਰੁਜ਼ਗਾਰ ਪੈਦਾ ਕਰਨ ਵਿੱਚ ਨਾਕਾਮ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿਰਫ਼ ਸੇਵਾ ਖੇਤਰ ਦੇ ਸਹਾਰੇ ਕਰੋੜਾਂ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਦਿੱਤਾ ਜਾ ਸਕਦਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਅਤੇ ਖੇਤੀਬਾੜੀ ਖੇਤਰ ਦੀ ਮਾੜੀ ਹਾਲਤ ਲਈ ਮੌਜੂਦਾ ਸਰਕਾਰ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਰਾਹੁਲ ਨੇ ਇਹ ਵੀ ਦੋਸ਼ ਲਾਇਆ ਕਿ ਮੌਜੂਦਾ ਆਰਥਿਕ ਮਾਡਲ ਵਿੱਚ ਸਿਰਫ਼ ਕੁਝ ਚੋਣਵੇਂ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਹੀ ਫਾਇਦਾ ਪਹੁੰਚਾਇਆ ਜਾ ਰਿਹਾ ਹੈ, ਜਿਸ ਨਾਲ ਬਾਜ਼ਾਰ ਵਿੱਚ ਮੁਕਾਬਲੇਬਾਜ਼ੀ ਖ਼ਤਮ ਹੋ ਰਹੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਜ਼ਰਾਈਲ ਅਤੇ ਪਾਕਿਸਤਾਨ ਬਾਰੇ ਵੀ ਅਜਿਹੇ ਸਟੈਂਡ ਲਏ ਹਨ, ਜਿਨ੍ਹਾਂ ਨੇ ਨਾ ਸਿਰਫ਼ ਸੱਤਾਧਾਰੀ ਭਾਜਪਾ ਬਲਕਿ ਵਿਰੋਧੀ ਧਿਰ ਦੀਆਂ



ਸਹਿਯੋਗੀ ਪਾਰਟੀਆਂ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਸੱਤਾਧਾਰੀ ਧਿਰ ਦਾ ਪਲਟਵਾਰ

ਭਾਜਪਾ ਬੁਲਾਰਿਆਂ ਨੇ ਰਾਹੁਲ ਗਾਂਧੀ 'ਤੇ ਵਿਦੇਸ਼ੀ ਧਰਤੀ 'ਤੇ ਭਾਰਤ ਦੀ ਸਾਖ਼ ਨੂੰ ਨੁਕਸਾਨ ਪਹੁੰਚਾਉਣ ਅਤੇ 'ਭਾਰਤ ਵਿਰੋਧੀ ਪ੍ਰਾਪੇਗੰਡਾ' ਫੈਲਾਉਣ ਦੇ ਦੋਸ਼ ਲਾਉਂਦਿਆਂ ਉਨ੍ਹਾਂ ਦੇ ਬਿਆਨਾਂ ਨੂੰ ਸਿਆਸੀ ਨਿਰਾਸ਼ਾ ਕਰਾਰ ਦਿੱਤਾ ਹੈ। ਹਾਲਾਂਕਿ, ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਰਥਿਕ ਨੀਤੀਆਂ ਦੀ ਆਲੋਚਨਾ ਨੂੰ ਸਿੱਧਾ 'ਦੇਸ਼ ਵਿਰੋਧੀ' ਕਹਿਣਾ ਸਹੀ ਨਹੀਂ ਹੈ, ਪਰ ਅਰਥਸ਼ਾਸਤਰ ਦੀ ਪਰਿਭਾਸ਼ਾ ਮੁਤਾਬਕ ਦੇਸ਼ ਵਿੱਚ 'ਆਰਥਿਕ ਤਬਾਹੀ' ਵਰਗੀ ਕੋਈ ਸਥਿਤੀ ਨਹੀਂ ਹੈ। ਕੌਮਾਂਤਰੀ ਮੁਦਰਾ ਕੋਸ਼ ਅਤੇ ਵਿਸ਼ਵ ਬੈਂਕ ਦੀਆਂ ਰਿਪੋਰਟਾਂ ਅਨੁਸਾਰ ਵਿੱਤੀ ਸਾਲ 2025-26 ਵਿੱਚ ਭਾਰਤ ਦੀ ਵਿਕਾਸ ਦਰ 7.6 ਤੋਂ 7.8 ਫੀਸਦੀ ਦੇ ਆਸ-ਪਾਸ ਰਹਿਣ ਕਾਰਨ ਅਰਥਵਿਵਸਥਾ ਮਜ਼ਬੂਤ ਬਣੀ ਹੋਈ ਹੈ। ਆਰਥਿਕ ਮਾਹਿਰਾਂ ਅਤੇ ਸੱਤਾਧਾਰੀ ਧਿਰ ਅਨੁਸਾਰ, ਬੁਨਿਆਦੀ ਢਾਂਚੇ ਅਤੇ ਡਿਜੀਟਲ ਖੇਤਰ ਵਿੱਚ ਨਿਵੇਸ਼ ਸਦਕਾ ਚਾਲੂ ਖਾਤਾ ਘਾਟਾ (1 ਤੋਂ 1.5 ਫੀਸਦੀ) ਕੰਟਰੋਲ ਹੇਠ ਹੈ, ਵਿਦੇਸ਼ੀ ਮੁਦਰਾ ਭੰਡਾਰ ਮਜ਼ਬੂਤ ਹਨ ਅਤੇ ਰੱਖਿਆ ਉਤਪਾਦਨ ਸਮੇਤ ਨਿਰਯਾਤ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਰਾਹੁਲ ਦੀ ਗੱਲ ਵਿੱਚ ਕਿੰਨਾ ਦਮ ?

ਆਰਥਿਕ ਮਾਹਿਰਾਂ ਅਨੁਸਾਰ, ਭਾਰਤ ਭਾਵੇਂ ਆਰਥਿਕ ਤਬਾਹੀ ਵੱਲ ਨਹੀਂ ਵਧ ਰਿਹਾ, ਪਰ ਰਾਹੁਲ ਗਾਂਧੀ ਵੱਲੋਂ ਚੁੱਕੇ ਗਏ ਬੇਰੁਜ਼ਗਾਰੀ, ਛੋਟੇ ਉਦਯੋਗਾਂ ਦੀ ਸੁਸਤੀ ਅਤੇ ਆਰਥਿਕ ਅਸਮਾਨਤਾ ਵਰਗੇ ਮੁੱਦੇ ਗੰਭੀਰ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਨੋਟਬੰਦੀ, ਜੀ.ਐਸ.ਟੀ. ਅਤੇ ਕੋਰੋਨਾ ਮਹਾਂਮਾਰੀ ਦੇ ਝਟਕਿਆਂ ਤੋਂ ਬਾਅਦ ਵੱਡੀਆਂ ਕਾਰਪੋਰੇਟ ਕੰਪਨੀਆਂ ਦਾ ਮੁਨਾਫ਼ਾ ਤਾਂ ਤੇਜ਼ੀ ਨਾਲ ਵਧਿਆ ਹੈ, ਪਰ ਗੈਰ-ਸੰਗਠਿਤ ਖੇਤਰ ਅਤੇ ਛੋਟੇ ਉਦਯੋਗ ਅਜੇ ਤੱਕ ਪੂਰੀ ਤਰ੍ਹਾਂ ਪੈਰਾਂ ਸਿਰ ਨਹੀਂ ਹੋ ਸਕੇ ਹਨ। ਜੀ.ਡੀ.ਪੀ. ਵਿੱਚ ਨਿਰਮਾਣ ਖੇਤਰ ਦਾ ਹਿੱਸਾ ਉਮੀਦ ਮੁਤਾਬਕ ਨਹੀਂ ਵਧ ਸਕਿਆ ਹੈ, ਜੋ ਕਿ ਵੱਡੇ ਪੱਧਰ 'ਤੇ ਰੁਜ਼ਗਾਰ ਪੈਦਾ ਕਰਨ ਲਈ ਬੇਹੱਦ ਜ਼ਰੂਰੀ ਹੈ। ਇਸ ਤੋਂ ਇਲਾਵਾ, ਮਹਿੰਗਾਈ ਦਾ ਕਈ ਵਾਰ ਰਿਜ਼ਰਵ ਬੈਂਕ ਦੀ 6 ਫੀਸਦੀ ਦੀ ਉੱਪਰੀ ਸੀਮਾ ਦੇ ਨੇੜੇ ਪਹੁੰਚਣਾ ਆਮ ਆਦਮੀ ਦੀ ਜੇਬ 'ਤੇ ਬੋਝ ਪਾਉਂਦਾ ਹੈ।

ਇਜ਼ਰਾਇਲ ਅਤੇ ਪਾਕਿਸਤਾਨ 'ਤੇ ਬਦਲਿਆ ਰਾਹੁਲ ਦਾ ਸਟੈਂਡ

ਰਾਹੁਲ ਗਾਂਧੀ ਨੇ ਗਾਜ਼ਾ ਦੇ ਹਾਲਾਤਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਭਾਰਤ ਦੇ ਇਜ਼ਰਾਈਲ ਨਾਲ ਮਜ਼ਬੂਤ ਸਬੰਧਾਂ ਦੀ ਵਕਾਲਤ ਕੀਤੀ ਹੈ। ਸਿਆਸੀ ਮਾਹਿਰ ਇਸ ਨੂੰ ਕਾਂਗਰਸ ਦੀ ਰਵਾਇਤੀ ਲਾਈਨ ਅਤੇ ਸੋਨੀਆ ਗਾਂਧੀ ਤੇ ਪ੍ਰਿਯੰਕਾ ਗਾਂਧੀ ਵਾਡਰਾ ਦੇ ਸਟੈਂਡ ਤੋਂ ਵੱਖਰਾ ਮੰਨ ਰਹੇ ਹਨ, ਜਿਨ੍ਹਾਂ ਨੇ ਪਹਿਲਾਂ ਇਜ਼ਰਾਈਲ ਦੀ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਿਆਂ ਫਲਸਤੀਨ ਦੇ ਸਮਰਥਨ ਵਿੱਚ ਆਵਾਜ਼ ਬੁਲੰਦ ਕੀਤੀ ਸੀ।

ਵਿਰੋਧੀ ਖੇਮੇ ਵਿੱਚ ਬੇਚੈਨੀ: ਸਿਆਸੀ ਮਾਹਿਰਾਂ ਅਨੁਸਾਰ, ਉੱਤਰ ਪ੍ਰਦੇਸ਼ ਸਮੇਤ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਹੁਲ ਗਾਂਧੀ (**ਬਾਕੀ ਸਫ਼ਾ 27 'ਤੇ**)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਨਕਾਣਾ ਸਾਹਿਬ ਵਿੱਚ ਨਗਰ ਕੀਰਤਨ ਸਜਾਇਆ

ਅੰਮ੍ਰਿਤਸਰ/ਏ.ਟੀ.ਨਿਊਜ਼ : ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਗੁਰੂ ਨਾਨਕ ਦੇਵ ਜੀ ਦਾ 557ਵਾਂ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਜਿਸ ਵਿੱਚ ਵਿਸ਼ਵ ਪੱਧਰ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਨਨਕਾਣਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਮੌਕੇ ਬੀਤੇ ਦਿਨੀਂ ਪਾਕਿਸਤਾਨ ਦੇ ਨਨਕਾਣਾ ਸਾਹਿਬ ਵਿੱਚ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੋਨੇ ਦੀ ਪਾਲਕੀ ਵਿੱਚ ਸੁਸ਼ੋਭਿਤ ਕਰਕੇ ਗੁਰਦੁਆਰਾ ਜਨਮ ਅਸਥਾਨ ਤੋਂ ਗੁਰਦੁਆਰਾ ਕਿਆਰਾ ਸਾਹਿਬ ਤੱਕ ਲਿਜਾਇਆ ਗਿਆ।

ਲਾਹੌਰ ਤੋਂ ਲਗਪਗ 80 ਕਿਲੋਮੀਟਰ ਦੂਰ ਸਥਿਤ ਨਨਕਾਣਾ ਸਾਹਿਬ, ਜੋ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ, ਵਿਖੇ ਹੋਏ ਸਮਾਗਮਾਂ ਵਿੱਚ ਭਾਰਤ ਤੋਂ ਆਏ 2,300 ਤੋਂ ਵੱਧ ਸਿੱਖ ਸ਼ਰਧਾਲੂਆਂ ਸਮੇਤ ਹਜ਼ਾਰਾਂ ਸਥਾਨਕ ਅਤੇ ਵਿਦੇਸ਼ੀ ਸ਼ਰਧਾਲੂਆਂ ਨੇ ਸ਼ਮੂਲੀਅਤ ਕੀਤੀ।

ਇਸਲਾਮਾਬਾਦ ਸਥਿਤ ਭਾਰਤੀ ਹਾਈ ਕਮਿਸ਼ਨ ਦੀ ਦੋ ਮੈਂਬਰੀ ਕੌਂਸਲਰ ਟੀਮ ਵੀ ਭਾਰਤੀ ਸ਼ਰਧਾਲੂਆਂ ਨਾਲ ਨਨਕਾਣਾ ਸਾਹਿਬ ਪਹੁੰਚੀ। ਭਾਰਤੀ ਮਿਸ਼ਨ ਨੇ ਸੋਸ਼ਲ ਮੀਡੀਆ ਮੰਚ ਐਕਸ 'ਤੇ ਪਾਈ ਪੋਸਟ ਵਿੱਚ ਦੱਸਿਆ ਕਿ ਅਧਿਕਾਰੀ ਸਾਰੇ ਸ਼ਰਧਾਲੂਆਂ ਦੀ ਯਾਤਰਾ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਤਾਲਮੇਲ ਕਰ ਰਹੇ ਹਨ।

ਨਗਰ ਕੀਰਤਨ ਦੀ ਸ਼ੁਰੂਆਤ ਗੁਰਦੁਆਰਾ ਜਨਮ ਅਸਥਾਨ ਤੋਂ ਹੋਈ ਅਤੇ ਇਹ ਸ਼ਹਿਰ ਦੇ ਸੱਤ ਹੋਰ ਇਤਿਹਾਸਕ ਗੁਰਦੁਆਰਿਆਂ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਕਿਆਰਾ ਸਾਹਿਬ ਵਿਖੇ ਸੰਪੂਰਨ ਹੋਇਆ।



ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਹਮਜ਼ਾ ਸ਼ਾਹਬਾਜ਼ ਸ਼ਰੀਫ਼ ਨੇ ਸਿੱਖ ਭਾਈਚਾਰੇ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦਾ ਸਿੱਖ ਭਾਈਚਾਰੇ ਨਾਲ ਪਿਆਰ, ਸਤਿਕਾਰ ਅਤੇ ਸ਼ਰਧਾ ਦਾ ਮਜ਼ਬੂਤ ਰਿਸ਼ਤਾ ਹੈ, ਜਿਸ ਨੂੰ ਹਮੇਸ਼ਾ ਕਾਇਮ ਰੱਖਿਆ ਜਾਵੇਗਾ।ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਦੇ ਵੱਡੇ ਪੁੱਤਰ ਹਮਜ਼ਾ ਸ਼ਰੀਫ਼ ਨੇ ਕਿਹਾ ਕਿ ਸਿੱਖ ਧਾਰਮਿਕ ਅਸਥਾਨ ਸਾਡੀ ਸਾਂਝੀ ਵਿਰਾਸਤ ਦਾ ਹਿੱਸਾ ਹਨ। ਗੁਰੂ ਨਾਨਕ ਦੇਵ ਜੀ ਨੇ ਪਿਆਰ, ਸ਼ਾਂਤੀ ਅਤੇ ਬਰਾਬਰਤਾ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਨੂੰ ਪੂਰੀ ਧਾਰਮਿਕ ਆਜ਼ਾਦੀ ਹੈ ਅਤੇ ਗੁਰਦੁਆਰਿਆਂ ਦੀ ਬਹਾਲੀ, ਸਾਂਭ-ਸੰਭਾਲ ਅਤੇ ਨਵੀਨੀਕਰਨ ਲਈ ਯਤਨ ਕੀਤੇ ਜਾ ਰਹੇ ਹਨ।

ਧਾਰਮਿਕ ਮਾਮਲਿਆਂ ਅਤੇ ਅੰਤਰ-ਧਰਮ ਸਦਭਾਵਨਾ ਬਾਰੇ ਰਾਜ ਮੰਤਰੀ ਖੇਲ ਦਾਸ ਕੋਹਿਸਤਾਨੀ ਨੇ ਕਿਹਾ ਕਿ ਸਰਕਾਰ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰਾਖੀ, ਵੱਖ-ਵੱਖ ਧਰਮਾਂ ਵਿਚਾਲੇ ਸਦਭਾਵਨਾ ਅਤੇ ਪਵਿੱਤਰ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਲਈ ਵਚਨਬੱਧ ਹੈ।

ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਕਮਰ ਜ਼ਮਾਨ ਨੇ ਕਿਹਾ ਕਿ ਸਿੱਖ ਧਰਮ ਸ਼ਾਂਤੀ, ਪਿਆਰ ਅਤੇ ਆਪਸੀ ਸਹਿਣਸ਼ੀਲਤਾ ਦਾ ਸੰਦੇਸ਼ ਦਿੰਦਾ ਹੈ। ਪਾਕਿਸਤਾਨ ਦੁਨੀਆ ਭਰ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਦਾ ਸਵਾਗਤ ਕਰਦਾ ਹੈ ਅਤੇ ਕਿਸੇ ਵੀ ਸ਼ਰਧਾਲੂ ਨੂੰ ਵੀਜ਼ਾ ਦੇਣ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਿੱਖ ਅਤੇ ਹਿੰਦੂ ਭਾਈਚਾਰਿਆਂ ਦੇ 200 ਵਿਦਿਆਰਥੀਆਂ ਨੂੰ ਪੜ੍ਹਾਈ ਲਈ ਹਰ ਮਹੀਨੇ ਵਜ਼ੀਫ਼ੇ ਦਿੱਤੇ ਜਾ ਰਹੇ ਹਨ।

ਭਾਰਤੀ ਸਿੱਖ ਜਥੇ ਦੀ ਅਗਵਾਈ ਕਰ ਰਹੇ ਅਕਾਲ ਤਖ਼ਤ ਦੇ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪਾਕਿਸਤਾਨ ਵਿੱਚ ਇਤਿਹਾਸਕ ਗੁਰਦੁਆਰਿਆਂ ਨੂੰ ਉਨ੍ਹਾਂ ਦੀ ਪੁਰਾਤਨ ਦਿੱਖ ਵਿੱਚ ਬਹਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਦੁਨੀਆ ਨੂੰ ਸ਼ਾਂਤੀ ਅਤੇ ਪਿਆਰ ਦੀ ਪਹਿਲਾਂ ਨਾਲੋਂ ਵੱਧ ਲੋੜ ਹੈ। ਉਨ੍ਹਾਂ ਸ਼ਰਧਾਲੂਆਂ ਲਈ ਕੀਤੇ ਪ੍ਰਬੰਧਾਂ ਅਤੇ ਮਹਿਮਾਨਨਿਵਾਜ਼ੀ ਲਈ ਪਾਕਿਸਤਾਨ ਸਰਕਾਰ ਦਾ ਧੰਨਵਾਦ ਕੀਤਾ।ਬੋਰਡ ਦੇ ਸਕੱਤਰ ਨਾਸਿਰ ਮੁਸ਼ਤਾਕ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਲਗਪਗ 50 ਅਜਿਹੇ ਗੁਰਦੁਆਰਿਆਂ ਦੀ ਬਹਾਲੀ ਦਾ ਕੰਮ ਚੱਲ ਰਿਹਾ ਹੈ, ਜੋ ਦੇਸ਼ ਦੀ ਸਥਾਪਨਾ ਤੋਂ ਬਾਅਦ ਬੰਦ ਪਏ ਸਨ। ਉਨ੍ਹਾਂ ਕਿਹਾ ਕਿ ਇਤਿਹਾਸਕ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਅਤੇ ਸਾਂਭ-ਸੰਭਾਲ ਲਈ ਵਿਆਪਕ ਉਪਰਾਲੇ ਕੀਤੇ ਜਾ ਰਹੇ ਹਨ। ਪਾਕਿਸਤਾਨ ਪਹੁੰਚੇ ਭਾਰਤੀ ਸ਼ਰਧਾਲੂ 1 ਦਸੰਬਰ ਨੂੰ ਵਤਨ ਪਰਤਣ ਤੋਂ ਪਹਿਲਾਂ ਕਰਤਾਰਪੁਰ ਸਾਹਿਬ ਸਮੇਤ ਹੋਰਨਾਂ ਪਵਿੱਤਰ ਗੁਰਧਾਮਾਂ ਦੇ ਦਰਸ਼ਨ ਕਰਨਗੇ।

ਸਾਡੀ ਆਸਥਾ, ਵਿਰਾਸਤ ਅਤੇ ਰੂਹਾਨੀ ਸਾਂਝ ਦਾ ਕੇਂਦਰ ਹੈ ਸ੍ਰੀ ਕਰਤਾਰਪੁਰ ਸਾਹਿਬ : ਇਯਾਲੀ



ਚੰਡੀਗੜ੍ਹ/ਏ.ਟੀ.ਨਿਊਜ਼: ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੇ ਸੀਨੀਅਰ ਆਗੂ ਅਤੇ ਵਿਧਾਇਕ ਸ੍ ਮਨਪ੍ਰੀਤ ਸਿੰਘ ਇਯਾਲੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਤੇ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਣ ਦੀ ਮੰਗ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ।

ਇਯਾਲੀ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਸਿੱਖ ਕੌਮ ਲਈ ਸਿਰਫ਼ ਇੱਕ ਧਾਰਮਿਕ ਅਸਥਾਨ ਨਹੀਂ, ਸਗੋਂ ਸਾਡੀ ਆਸਥਾ, ਵਿਰਾਸਤ ਅਤੇ ਰੂਹਾਨੀ ਸਾਂਝ ਦਾ ਕੇਂਦਰ ਹੈ। ਲਾਂਘਾ ਬੰਦ ਹੋਣ ਕਾਰਨ ਲੱਖਾਂ ਸ਼ਰਧਾਲੂ ਆਪਣੇ ਗੁਰੂ ਸਾਹਿਬ ਦੀ ਚਰਨਛੋਹ ਪ੍ਰਾਪਤ ਪਵਿੱਤਰ ਧਰਤੀ ਦੇ ਖੁੱਲ੍ਹੇ ਦਰਸ਼ਨਾਂ ਤੋਂ ਵਾਂਝੇ ਹਨ, ਜਿਸ ਨਾਲ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚ ਰਹੀ ਹੈ।

ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ 557ਵੇਂ ਪ੍ਰਕਾਸ਼ ਪੁਰਬ ਨੂੰ ਯਾਦਗਾਰੀ ਬਣਾਉਣ ਲਈ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਤੁਰੰਤ ਮੁੜ ਖੋਲ੍ਹਣ ਵਾਸਤੇ ਪਹਿਲਕਦਮੀ ਕੀਤੀ ਜਾਵੇ। ਇਸ ਦੇ ਨਾਲ ਹੀ ਯਾਤਰਾ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਲੋੜੀਂਦੇ ਕੂਟਨੀਤਕ ਅਤੇ ਪ੍ਰਸ਼ਾਸਨਿਕ ਯਤਨ ਕੀਤੇ ਜਾਣ।ਇਯਾਲੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਨੂੰ ਪਿਆਰ, ਬਰਾਬਰਤਾ, ਸਰਬਸਾਂਝੀਵਾਲਤਾ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ ਹੈ। ਇਸ ਲਈ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਲਾਂਘਾ ਮੁੜ ਖੋਲ੍ਹਣ ਦਾ ਫੈਸਲਾ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਦੇ ਨਾਲ-ਨਾਲ ਮਨੁੱਖਤਾ ਅਤੇ ਸਾਂਝੀਵਾਲਤਾ ਦੀਆਂ ਕਦਰਾਂ-ਕੀਮਤਾਂ ਨੂੰ ਵੀ ਮਜ਼ਬੂਤ ਕਰੇਗਾ।

ਤੇਜਾ ਸਿੰਘ ਸਮੁੰਦਰੀ ਹਾਲ 'ਚ ਸਰਬਸੰਮਤੀ ਨਾਲ ਹੋਈ ਚੋਣ

ਧਾਮੀ ਛੇਵੀਂ ਵਾਰ ਬਣੇ ਸ਼੍ਰੋਮਣੀ ਕਮੇਟੀ ਪ੍ਰਧਾਨ

ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ ਅਤੇ ਗੁਰਪ੍ਰੀਤ ਸਿੰਘ ਝੱਬਰ ਜਨਰਲ ਸਕੱਤਰ ਚੁਣੇ ਗਏ

ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਲਾਨਾ ਚੋਣ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇੱਕ ਵਾਰ ਫਿਰ ਸੰਸਥਾ ਦੀ ਵਾਗਡੋਰ ਸੌਂਪ ਦਿੱਤੀ ਗਈ ਹੈ। ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਜਨਰਲ ਇਜਲਾਸ ਵਿੱਚ ਉਨ੍ਹਾਂ ਨੂੰ ਲਗਾਤਾਰ ਛੇਵੀਂ ਵਾਰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ ਸੀ। ਚੋਣ ਪ੍ਰਕਿਰਿਆ ਦੌਰਾਨ ਜਦੋਂ ਪ੍ਰਧਾਨਗੀ ਦੇ ਅਹੁਦੇ ਲਈ ਨਾਮ ਮੰਗੇ ਗਏ ਤਾਂ ਕਿਸੇ ਵੀ ਮੈਂਬਰ ਵੱਲੋਂ ਵਿਰੋਧ ਵਿੱਚ ਕੋਈ ਨਾਮ ਪੇਸ਼ ਨਹੀਂ ਕੀਤਾ ਗਿਆ, ਜਿਸ ਉਪਰੰਤ ਸਮੁੱਚੇ ਹਾਊਸ ਨੇ ਜੈਕਾਰਿਆਂ ਦੀ ਗੂੰਜ ਵਿੱਚ ਉਨ੍ਹਾਂ ਦੀ ਚੋਣ 'ਤੇ ਮੋਹਰ ਲਗਾ ਦਿੱਤੀ।

ਇਸ ਮੌਕੇ ਨਵੀਂ ਕਾਰਜਕਾਰਨੀ ਦੇ ਹੋਰ ਅਹੁਦੇਦਾਰਾਂ ਦੀ ਚੋਣ ਵੀ ਸਰਬਸੰਮਤੀ ਨਾਲ ਮੁਕੰਮਲ ਹੋਈ। ਇਸ ਤਹਿਤ ਰਘੂਜੀਤ ਸਿੰਘ ਵਿਰਕ ਨੂੰ ਸੀਨੀਅਰ ਮੀਤ ਪ੍ਰਧਾਨ, ਗੁਰਬਖਸ਼ ਸਿੰਘ ਖਾਲਸਾ ਨੂੰ ਜੂਨੀਅਰ ਮੀਤ ਪ੍ਰਧਾਨ ਅਤੇ ਗੁਰਪ੍ਰੀਤ ਸਿੰਘ ਝੱਬਰ ਨੂੰ ਜਨਰਲ ਸਕੱਤਰ ਵਜੋਂ ਚੁਣਿਆ ਗਿਆ।ਆਪਣੀ ਮੁੜ-ਨਿਯੁਕਤੀ ਤੋਂ ਬਾਅਦ ਸੰਬੋਧਨ ਕਰਦਿਆਂ ਐਡਵੋਕੇਟ ਧਾਮੀ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੈਂਬਰ ਸਾਹਿਬਾਨ ਵੱਲੋਂ ਦਿਖਾਈ ਗਈ ਇੱਕਸੁਰਤਾ ਅਤੇ ਏਕਤਾ ਨੇ ਉਨ੍ਹਾਂ 'ਤੇ ਪੰਥਕ ਸੇਵਾਵਾਂ ਦੀ ਜ਼ਿੰਮੇਵਾਰੀ ਦਾ ਬੋਝ ਹੋਰ ਵਧਾ ਦਿੱਤਾ ਹੈ।



ਵਕਾਲਤ ਤੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੱਕ ਦਾ ਸਫ਼ਰ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਜਨਮ 28 ਅਗਸਤ 1956 ਨੂੰ ਪੰਜਾਬ ਦੇ ਦੋਆਬਾ ਖੇਤਰ ਅਧੀਨ ਪੈਂਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪਿੱਪਲਾਂ ਵਾਲਾ ਵਿਖੇ ਹੋਇਆ। ਉਨ੍ਹਾਂ ਨੇ ਬੀ.ਏ. ਅਤੇ ਐੱਲ.ਐੱਲ.ਬੀ. ਦੀ ਡਿਗਰੀ ਹਾਸਲ ਕੀਤੀ ਅਤੇ ਪਿਛਲੇ ਚਾਰ ਦਹਾਕਿਆਂ ਤੋਂ ਵਕਾਲਤ ਦੇ ਪੇਸ਼ੇ ਨਾਲ ਜੁੜੇ ਹੋਏ ਹਨ। ਸ਼੍ਰੋਮਣੀ ਕਮੇਟੀ ਵਿੱਚ ਉਨ੍ਹਾਂ ਦਾ ਸਿਆਸੀ ਅਤੇ ਧਾਰਮਿਕ ਸਫ਼ਰ ਤਿੰਨ ਦਹਾਕੇ ਪੁਰਾਣਾ ਹੈ। ਉਹ ਸਾਲ 1996 ਵਿੱਚ ਪਹਿਲੀ ਵਾਰ ਸ਼ਾਮਚੁਰਾਸੀ ਹਲਕੇ ਤੋਂ ਸ਼੍ਰੋਮਣੀ ਕਮੇਟੀ ਦੇ (ਬਾਕੀ ਸਫ਼ਾ 27 'ਤੇ)

ਪਹਿਲਾ ਬੱਚਾ ਸਾਬਤ ਸੂਰਤ ਸਿੱਖ ਜ਼ਰੂਰ ਬਣਾਵੇ ਸਿੰਧੀ ਸਮਾਜ : ਗੜਗੱਜ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਮਾਗਮਾਂ ਦੌਰਾਨ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਅਤੇ ਸਿੰਧੀ ਸਮਾਜ ਨੂੰ ਆਖਿਆ ਕਿ ਉਹ ਆਪਣੇ ਪਹਿਲੇ ਬੱਚੇ ਨੂੰ ਰਿਵਾਇਤ ਮੁਤਾਬਕ ਗੁਰਸਿੱਖ ਬਣਾਉਣ। ਜਥੇਦਾਰ ਨੇ ਸੰਗਤ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਸਿੰਧੀ ਭਾਈਚਾਰੇ ਨਾਲ ਸਬੰਧਿਤ ਸਮੂਹ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਆਪਣੀ ਪਹਿਲੀ ਰਵਾਇਤ ਅਨੁਸਾਰ ਪਰਿਵਾਰਾਂ ਵਿੱਚੋਂ ਪਹਿਲਾ ਬੱਚਾ ਸਾਬਤ ਸੂਰਤ ਸਿੱਖ ਜ਼ਰੂਰ ਬਣਾਉਣ।

ਉਨ੍ਹਾਂ ਚੜ੍ਹਦੇ ਪੰਜਾਬ ਵਾਲੇ ਸਿੱਖ ਨੌਜਵਾਨਾਂ ਨੂੰ, ਜੋ ਕੇਸ ਕਤਲ ਕਰਦੇ ਹਨ,ਆਖਿਆ ਕਿ ਉਹ ਪਾਕਿਸਤਾਨ ਦੇ ਸਿੱਖਾਂ ਤੋਂ ਸਿੱਖਿਆ ਜ਼ਰੂਰ ਲੈਣ। ਇਨ੍ਹਾਂ ਨੇ ਔਖੇ ਤੋਂ ਔਖੇ ਹਾਲਾਤ ਵਿੱਚ ਵੀ ਸਿੱਖੀ ਨਹੀਂ ਛੱਡੀ ਅਤੇ ਕੋਈ ਵੀ ਸਿੱਖ ਇੱਥੇ ਕੇਸ ਕਤਲ ਨਹੀਂ ਕਰਦਾ। ਉਨ੍ਹਾਂ ਚੜ੍ਹਦੇ ਪੰਜਾਬ ਤੋਂ ਆਈ ਸੰਗਤ ਨੂੰ ਕਿਹਾ ਕਿ ਨਨਕਾਣਾ ਸਾਹਿਬ ਤੋਂ ਪਿਸ਼ੌਰੀ ਅਤੇ ਸਿੰਧੀ ਸੰਗਤ ਪਾਸੋਂ ਸੇਵਾ ਤੇ ਸ਼ਰਧਾ ਦਾ ਪ੍ਰੇਰਣਾ ਜ਼ਰੂਰ ਲੈ ਕੇ ਜਾਣ,ਜੋ ਬਹੁਤ ਹੀ ਪ੍ਰੇਮ ਨਾਲ ਗੁਰਪੁਰਬ ਮੌਕੇ ਵੱਡੀਆਂ ਸੇਵਾਵਾਂ ਨਿਭਾਉਂਦੇ ਹਨ।

ਇਸ ਦੌਰਾਨ ਉਨ੍ਹਾਂ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਪੁੱਜੀਆਂ ਸਿੱਖ ਸੰਗਤਾਂ ਨਾਲ ਮੁਲਾਕਾਤ ਕੀਤੀ। ਸੰਗਤਾਂ ਦੇ ਮਨ ਵਿੱਚ ਬਹੁਤ ਚਾਅ ਅਤੇ ਉਤਸ਼ਾਹ ਹੈ ਕਿ ਆਪਣੇ ਵਿਛੜੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਉਨ੍ਹਾਂ ਨੂੰ ਮੌਕਾ ਮਿਲਿਆ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਉਹ ਵੱਡੀ ਗਿਣਤੀ ਵਿੱਚ ਇੱਥੇ ਪੁੱਜੀਆਂ।

ਪੰਥਕ ਤੇ ਦਲਿਤ ਵੋਟ ਬੈਂਕ ਨੂੰ ਇੱਕ ਮੰਚ 'ਤੇ ਲਿਆਉਣ ਦੀ ਕਵਾਇਦ ਤਹਿਤ

ਕੀ 2027 ਚੋਣਾਂ ਲਈ ਨਵਾਂ ਮੋਰਚਾ 'ਵਾਰਿਸ ਪੰਜਾਬ ਦੇ', 'ਪੁਨਰ ਸੁਰਜੀਤ' ਅਤੇ ਬਸਪਾ ਦਾ ਬਣੇਗਾ ?

ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੀ ਜਥੇਬੰਦੀ 'ਵਾਰਿਸ ਪੰਜਾਬ ਦੇ', ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਵਿਚਾਲੇ ਚੋਣ ਗੱਠਜੋੜ ਦੀਆਂ ਚਰਚਾਵਾਂ ਨੇ ਸੂਬੇ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਬੀਤੇ ਦਿਨੀਂ ਫਰੀਦਕੋਟ ਵਿਖੇ 'ਵਾਰਿਸ ਪੰਜਾਬ ਦੇ' ਦੇ ਆਗੂਆਂ, ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਅਤੇ ਬਸਪਾ ਦੇ ਪੰਜਾਬ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਵਿਚਾਲੇ ਅਹਿਮ ਬੈਠ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਸੰਪਾਦਕੀ

ਸਿਆਸਤ ਦਾ ਚੱਕਰਵਿਊ

ਲੋਕਤੰਤਰ ਦੀ ਇਹ ਮੁੱਖ ਵਿਸ਼ੇਸ਼ਤਾ ਹੈ ਕਿ ਹਰ ਨਿਸ਼ਚਿਤ ਸਮੇਂ ਬਾਅਦ ਵੱਖ-ਵੱਖ 'ਵੰਨਗੀਆਂ' ਦੀਆਂ ਚੋਣਾਂ ਹੁੰਦੀਆਂ ਹਨ ਅਤੇ ਆਮ ਲੋਕ 'ਵੋਟਾਂ' ਪਾ ਕੇ ਆਪਣੇ ਨੁਮਾਇੰਦੇ ਚੁਣਦੇ ਹਨ। ਕਈ ਵਾਰ ਤਾਂ ਏਨੇ ਕਿਸਮ ਦੀਆਂ ਚੋਣਾਂ ਇੱਕ ਹੀ ਸਾਲ ਵਿੱਚ ਆ ਜਾਂਦੀਆਂ ਹਨ ਕਿ ਸਿਆਸੀ ਆਗੂਆਂ ਤੋਂ ਲੈ ਕੇ ਆਮ ਵੋਟਰਾਂ ਤੱਕ, ਸਾਰੇ ਹੀ ਚੋਣਾਂ ਅਤੇ ਚੋਣ ਜ਼ਾਬਤੇ ਤੋਂ ਅੱਕ ਜਾਂਦੇ ਹਨ। ਇਸ ਦੇ ਬਾਵਜੂਦ ਚੋਣਾਂ ਦੌਰਾਨ ਸਿਆਸੀ ਆਗੂਆਂ ਨੂੰ 'ਵਿਆਹ' ਵਰਗਾ ਚਾਅ ਚੜ੍ਹਿਆ ਹੁੰਦਾ ਹੈ। ਹਰ ਸਿਆਸੀ ਆਗੂ ਚੋਣਾਂ ਤੋਂ ਪਹਿਲਾਂ ਆਪਣੇ 'ਕੱਟੜ' ਇਮਾਨਦਾਰ ਹੋਣ ਦਾ ਦਾਅਵਾ ਕਰਦਾ ਹੈ ਅਤੇ ਨਿਰਪੱਖ ਰਹਿਣ ਦਾ ਯਤਨ ਕਰਦਾ ਦਿਖਾਈ ਦਿੰਦਾ ਹੈ ਪਰ ਲੋਕਤੰਤਰੀ ਪ੍ਰਣਾਲੀ ਵਿੱਚ ਵੀ 'ਪੂੰਜੀਵਾਦ' ਆਪਣੇ ਪੈਰ ਪਸਾਰ ਚੁੱਕਿਆ ਹੈ। ਇਹੋ ਕਾਰਨ ਹੈ ਕਿ ਹਰ ਸਾਲ ਸਿਆਸਤਦਾਨਾਂ ਦੀ ਦੌਲਤ ਵਿੱਚ ਅਥਾਹ ਵਾਧਾ ਹੁੰਦਾ ਹੈ। ਹਰ ਪੰਜ ਸਾਲ ਬਾਅਦ ਅਤੇ ਹਰ ਕਿਸਮ ਦੀ ਚੋਣ ਵੇਲੇ ਉਹ ਚੋਣ ਕਮਿਸ਼ਨ ਨੂੰ ਆਪਣੀ ਜਾਇਦਾਦ ਦੇ ਵੇਰਵੇ ਦਿੰਦੇ ਹਨ ਪਰ ਚੋਣ ਕਮਿਸ਼ਨ ਇਨ੍ਹਾਂ ਜਾਇਦਾਦਾਂ ਦੇ ਅੰਕੜਿਆਂ ਨੂੰ ਜਨਤਕ ਕਰਨ ਤੋਂ ਇਲਾਵਾ ਹੋਰ ਕੁਝ ਕਰਨ ਤੋਂ ਅਸਮਰੱਥ ਹੈ। ਭਾਰਤ ਵਿੱਚ ਇਸ ਸਮੇਂ ਮੁੱਖ ਚੋਣ ਕਮਿਸ਼ਨਰ ਦੀ ਭੂਮਿਕਾ 'ਤੇ ਵੀ ਵੱਡੇ ਸਵਾਲ ਉਠਾਏ ਜਾ ਰਹੇ ਹਨ।

ਜਦੋਂ ਵੋਟਾਂ ਦੀ ਲੋੜ ਹੁੰਦੀ ਹੈ, ਚੋਣਾਂ ਜਿੱਤਣੀਆਂ ਪੈਂਦੀਆਂ ਹਨ ਤਾਂ ਸਿਆਸੀ ਆਗੂ ਵੋਟਰਾਂ ਨਾਲ ਵੱਡੇ-ਵੱਡੇ ਵਾਅਦੇ ਕਰਦੇ ਹਨ। ਜਿਵੇਂ- ਬੰਜਰ ਜ਼ਮੀਨ 'ਤੇ ਫ਼ਸਲਾਂ ਬੀਜੀਆਂ ਜਾਣਗੀਆਂ। ਰੁੱਖ ਲਗਾਉਣ ਨਾਲ ਉਨ੍ਹਾਂ ਦੀਆਂ ਟਾਹਣੀਆਂ 'ਤੇ ਫੁੱਲ ਖਿੜਨਗੇ। ਪਹਾੜਾਂ ਨੂੰ ਸਾਫ਼-ਸੁਥਰਾ ਸਜਾਇਆ ਜਾਵੇਗਾ। ਹਰ ਕਿਸੇ ਦੇ ਸਿਰ ਉੱਤੇ ਨੀਲਾ ਅਸਮਾਨ ਫੈਲਾ ਦੇਵਾਂਗੇ। ਤਾਰਿਆਂ ਨੂੰ ਰੌਸ਼ਨ ਕਰਾਂਗੇ, ਹਵਾਵਾਂ ਨੂੰ ਤੇਜ਼ ਕਰਾਂਗੇ। ਉਹ ਪੱਥਰਾਂ ਨੂੰ ਵੀ ਖੰਭ ਲਾ ਦੇਣਗੇ ਪਰ ਕੌਣ ਨਹੀਂ ਜਾਣਦਾ ਹੈ! ਜਿੱਤਣ ਤੋਂ ਬਾਅਦ ਬਹੁਤੇ ਸਿਆਸਤਦਾਨ ਆਪਣੀ ਦੌਲਤ ਵਧਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਸੋਚਦੇ।

ਸਿਆਸੀ ਆਗੂਆਂ ਕੋਲ ਇੰਨੀ ਦੌਲਤ ਕਿੱਥੋਂ ਆਉਂਦੀ ਹੈ? ਰਿਪੋਰਟ ਹੋਣੀ ਚਾਹੀਦੀ ਹੈ ਕਿ ਜਦੋਂ ਉਹ ਪਹਿਲੀ ਵਾਰ ਸਿਆਸਤ ਵਿੱਚ ਆਏ ਸਨ ਤਾਂ ਉਨ੍ਹਾਂ ਕੋਲ ਕਿੰਨੀ ਜਾਇਦਾਦ ਸੀ? ਫਿਰ ਪਹਿਲੀ ਵਾਰ ਚੋਣ ਲੜੇ, ਜਿੱਤੇ ਅਤੇ ਐਮ.ਐਲ.ਏ. ਬਣੇ, ਫਿਰ ਉਸਦੀ ਜਾਇਦਾਦ ਕਿੰਨੀ ਸੀ? ਉਦੋਂ ਤੋਂ ਲੈ ਕੇ ਹੁਣ ਤੱਕ ਕਿੰਨੀ ਤਨਖ਼ਾਹ ਵਧੀ ਹੈ ਅਤੇ ਹੁਣ ਉਨ੍ਹਾਂ ਕੋਲ ਕਿੰਨੀ ਵਾਰ ਹੈ?

ਆਮ ਆਦਮੀ ਦੇ ਮਕਾਨ ਦੇ ਕਿਰਾਏ ਅਤੇ ਪੈਟਰੋਲ ਦੇ ਖਰਚਿਆਂ 'ਤੇ ਨਜ਼ਰ ਰੱਖਣ ਵਾਲੇ ਇਨਕਮ ਟੈਕਸ ਵਿਭਾਗ ਨੂੰ ਸਿਆਸਤਦਾਨਾਂ ਦੀ ਦੌਲਤ ਕਿਉਂ ਨਹੀਂ ਦਿਖਾਈ ਦਿੰਦੀ? ਉਨ੍ਹਾਂ ਤੋਂ ਪੂਰਾ ਹਿਸਾਬ ਕਿਤਾਬ ਕਿਉਂ ਨਹੀਂ ਮੰਗਿਆ ਜਾਂਦਾ? ਚੋਣਾਂ ਵਿੱਚ ਕਰੋੜਾਂ ਰੁਪਏ ਪਾਣੀ ਵਾਂਗ ਵਹਾਉਣ ਤੋਂ ਬਾਅਦ ਵੀ ਉਨ੍ਹਾਂ ਦੀ ਦੌਲਤ ਵਿੱਚ ਕੋਈ ਕਮੀ ਕਿਉਂ ਨਹੀਂ ਆ ਰਹੀ? ਉਹ ਸਾਰੇ ਦੀਵਾਲੀਆ ਕਿਉਂ ਨਹੀਂ ਹੋ ਜਾਂਦੇ? ਉਨ੍ਹਾਂ ਦੀਆਂ ਚੋਣਾਂ ਵਿੱਚ ਪੈਸਾ ਕੌਣ ਨਿਵੇਸ਼ ਕਰਦਾ ਹੈ? ਅਤੇ ਫਿਰ ਇਹ ਲੋਕ ਸਰਕਾਰ ਵਿੱਚ ਆਉਣ, ਮੰਤਰੀ ਜਾਂ ਮੁੱਖ ਮੰਤਰੀ ਬਣ ਕੇ ਚੋਣਾਂ ਵਿੱਚ ਪੈਸਾ ਲਗਾਉਣ ਵਾਲੇ ਲੋਕਾਂ ਨੂੰ ਕਿਵੇਂ ਲਾਭ ਪਹੁੰਚਾਉਂਦੇ ਹਨ?

ਇਹ ਕੁਝ ਅਜਿਹੇ ਸਵਾਲ ਹਨ, ਜਿਨ੍ਹਾਂ ਦੇ ਜਵਾਬ ਸਮੇਂ ਦੀ ਬੁੱਕਲ ਵਿੱਚ ਪਏ ਹਨ।

ਸਿਆਸੀ ਆਗੂਆਂ ਨੂੰ ਆਮ ਆਦਮੀ ਦੀ ਹਾਲਤ ਜਾਣਨ ਵਿੱਚ ਕੋਈ ਦਿਲਚਸਪੀ ਨਹੀਂ ਹੈ। ਨੇਤਾਵਾਂ ਦੇ ਇਸ ਸੁਭਾਅ ਜਾਂ ਆਦਤ ਨੇ ਆਮ ਆਦਮੀ ਨੂੰ ਚੁੱਪ ਕਰਵਾ ਦਿੱਤਾ ਹੈ। ਉਹ ਚਾਹੁੰਦਾ ਹੈ ਕਿ ਮੇਰੀ ਚੁੱਪ ਸੁਣ ਕੇ ਇਹ ਸਾਰੇ ਆਗੂ ਬੋਲੇ ਹੋ ਜਾਣ ਤਾਂ ਚੰਗਾ ਹੋਵੇ। ਇਸ ਆਮ ਆਦਮੀ ਵਿੱਚ ਸਹਿਣਸ਼ੀਲਤਾ ਬਹੁਤ ਹੈ। ਕਹਿਣ ਨੂੰ ਤਾਂ ਉਸ ਨੇ ਆਪਣੇ ਪੈਰਾਂ ਵਿੱਚ ਰਸਤਾ ਅਤੇ ਸਿਰ ਉੱਤੇ ਅਸਮਾਨ ਛੱਡ ਦਿੱਤਾ ਹੈ। ਹੋਰ ਕੁਝ ਨਹੀਂ।

ਚੋਣਾਂ ਵੇਲੇ ਸਿਆਸੀ ਆਗੂ ਇਲਾਕੇ ਵਿੱਚ ਆਉਣ ਦੇ ਇਸ ਤਰ੍ਹਾਂ ਵਾਅਦੇ ਕਰਦੇ ਹਨ ਜਿਵੇਂ ਉਹ ਪੂਰੇ ਪੰਜ ਸਾਲ ਇੱਥੇ ਹੀ ਰਹਿਣਗੇ ਪਰ ਕੋਈ ਨਹੀਂ ਆਉਂਦਾ। ਹਾਲਤ ਕੋਈ ਨਹੀਂ ਜਾਣਦਾ। ਲੋਕ ਚੁੱਪ ਹੋ ਜਾਂਦੇ ਹਨ। ਇਹ ਸੋਚ ਕੇ ਕਿ ਇਹਨਾਂ ਸਿਆਸਤਦਾਨਾਂ ਕੋਲ ਸਟੀਲ ਦੇ ਬੂਟ ਹਨ। ਆਖ਼ਰਕਾਰ, ਕੀੜੀਆਂ ਦੀ ਰੋਣ ਨੂੰ ਕੌਣ ਦੇਖਦਾ ਅਤੇ ਸੁਣਦਾ ਹੈ? ਕੁੱਲ ਮਿਲਾ ਕੇ ਆਮ ਆਦਮੀ ਸਿਆਸਤ ਦੇ ਇਸ ਦੁਸ਼ਵਾਰ ਚੱਕਰ ਵਿੱਚ ਸਿਆਸਤਦਾਨਾਂ ਦੀਆਂ 'ਅਕਸ਼ੋਹਿਨੀ' ਫ਼ੌਜਾਂ ਵਿੱਚ 'ਅਭਿਮੰਨਿਊ' ਵਾਂਗ ਘਿਰਿਆ ਹੋਇਆ ਹੈ। ਵਾਰ-ਵਾਰ ਆਉਣ ਵਾਲੇ ਚੋਣ ਮੌਸਮ ਤੋਂ ਉਹ ਤੰਗ ਆ ਚੁੱਕਿਆ ਹੈ।

ਆਮ ਵੋਟਰਾਂ ਨੂੰ ਇਸ ਗੱਲ ਦੀ ਅਜੇ ਤੱਕ ਸਮਝ ਨਹੀਂ ਆਈ ਕਿ ਚੋਣਾਂ ਵਿੱਚ ਜੇਤੂ ਰਹੇ ਸਿਆਸੀ ਆਗੂਆਂ ਦੀ ਦੌਲਤ ਵਿੱਚ ਇੱਕਦਮ ਹੀ ਕਿਵੇਂ ਵਾਧਾ ਹੋ ਜਾਂਦਾ ਹੈ? ਕਿਵੇਂ ਕਈ ਸੱਤਾਧਾਰੀ ਸਿਆਸੀ ਆਗੂ ਕਿਰਾਏ ਦੇ ਘਰ ਤੋਂ ਅਚਾਨਕ ਹੀ ਕਿਲ੍ਹਿਆਂ ਵਰਗੇ ਘਰਾਂ ਦੇ ਮਾਲਕ ਬਣ ਜਾਂਦੇ ਹਨ? ਜਿਹੜੇ ਸਿਆਸੀ ਆਗੂ ਹਮੇਸ਼ਾ ਸਾਈਕਲ 'ਤੇ ਘੁੰਮਦੇ ਦਿਖਾਈ ਦਿੰਦੇ ਸਨ, ਉਹ ਆਗੂ ਚੋਣਾਂ ਜਿੱਤਣ ਤੋਂ ਬਾਅਦ ਲੱਖਾਂ ਰੁਪਏ ਦੀਆਂ ਮਹਿੰਗੀਆਂ ਗੱਡੀਆਂ ਵਿੱਚ ਘੁੰਮਣ ਲੱਗਦੇ ਹਨ। ਸਿਆਸਤਦਾਨਾਂ ਦੀ ਦੌਲਤ ਵਿੱਚ ਤਾਂ ਹਰ ਦਿਨ ਵਾਧਾ ਹੁੰਦਾ ਜਾਂਦਾ ਹੈ ਪਰ ਆਮ ਆਦਮੀ ਦਿਨੋਂ ਦਿਨ ਸੁੰਗੜਦਾ ਜਾ ਰਿਹਾ ਹੈ। ਮੌਜੂਦਾ ਸਿਆਸੀ ਵਰਤਾਰੇ ਤੋਂ ਇਹੋ ਝਲਕਾਰਾ ਪੈਂਦਾ ਹੈ ਕਿ ਆਮ ਲੋਕਾਂ ਦੀ ਕਿਸੇ ਵੀ ਸਿਆਸੀ ਪਾਰਟੀ ਅਤੇ ਉਹਨਾਂ ਦੇ ਆਗੂਆਂ ਨੂੰ ਕੋਈ ਪਰਵਾਹ ਨਹੀਂ ਹੈ। ਹਰ ਸਿਆਸਤਦਾਨ ਆਪਣੀ ਰਾਜਨੀਤੀ ਚਮਕਾਉਣ ਅਤੇ ਪੈਸੇ ਕਮਾਉਣ ਦੀ ਦੌੜ ਵਿੱਚ ਉਲਝਿਆ ਨਜ਼ਰ ਆਉਂਦਾ ਹੈ।

ਚਾਹੀਦਾ ਤਾਂ ਇਹ ਹੈ ਕਿ ਜਿਸ ਸਿਆਸੀ ਆਗੂ ਕੋਲ ਆਮਦਨ ਤੋਂ ਵੱਧ ਜਾਇਦਾਦ ਹੋਵੇ, ਉਸ ਨੂੰ ਚੋਣ ਲੜਨ ਦੀ ਇਜਾਜ਼ਤ ਨਾ ਦਿੱਤੀ ਜਾਵੇ ਅਤੇ ਉਸ ਨੂੰ ਚੋਣ ਲੜਨ ਤੋਂ ਅਯੋਗ ਠਹਿਰਾਇਆ ਜਾਵੇ। ਸਿਆਸਤ ਵਿੱਚ ਸੁਧਾਰ ਲਈ ਆਮ ਜਨਤਾ ਨੂੰ ਹੀ ਪਹਿਲ ਕਰਨੀ ਪਵੇਗੀ।

ਰੁੱਤ ਨਵੇਂ ਸਿਆਸੀ ਗੱਠਜੋੜਾਂ ਦੀ ਆਈ

ਕਮਲ ਤੇ ਤੱਕੜੀ ਦੀ ਮੁੜ ਗਲਵੱਕੜੀ

ਜਗਤਾਰ ਸਿੰਘ



ਸੁਖਬੀਰ ਸਿੰਘ ਬਾਦਲ 'ਪੁਨਰ ਸੁਰਜੀਤ' ਧੜੇ ਉੱਤੇ ਭਾਜਪਾ ਦੀ 'ਬੀ' ਟੀਮ ਹੋਣ ਦਾ ਦੋਸ਼ ਲਗਾਉਂਦੇ ਰਹੇ ਹਨ। ਆਪਣੀ ਦਾਦੀ ਦੇ ਅੰਤਿਮ ਸਸਕਾਰ ਵਿੱਚ ਸ਼ਾਮਿਲ ਹੋਣ ਲਈ ਪੁਲਿਸ ਹਿਰਾਸਤ ਵਿੱਚ ਅੰਮ੍ਰਿਤਪਾਲ ਸਿੰਘ ਦੀ ਤਿੰਨ ਘੰਟੇ ਦੀ ਫੇਰੀ ਨੇ ਇੱਕ ਨਵਾਂ ਪਹਿਲੂ ਪੇਸ਼ ਕੀਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਅੰਤਿਮ ਸੰਸਕਾਰ ਮੌਕੇ ਇਕੱਠ ਕਾਫ਼ੀ ਪ੍ਰਭਾਵਸ਼ਾਲੀ ਅਤੇ ਆਪਮੁਹਾਰਾ ਸੀ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਇਕੱਠ ਵਿੱਚ 70 ਫ਼ੀਸਦੀ ਤੋਂ ਵੱਧ ਸ਼ਮੂਲੀਅਤ ਨੌਜਵਾਨ ਪੀੜ੍ਹੀ ਦੀ ਸੀ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਗੱਠਜੋੜ ਦੀ ਉਡੀਕੀ ਜਾ ਰਹੀ ਬਹਾਲੀ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਦੇ ਸਰੂਪ 'ਤੇ ਮੋਹਰ ਲਗਾ ਦਿੱਤੀ ਹੈ। ਇਹ ਐਲਾਨ ਲੰਘੇ ਦਿਨੀਂ ਦੁਪਹਿਰ ਨੂੰ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਸੀਟਾਂ ਦੀ ਵੰਡ ਬਾਰੇ ਫ਼ੈਸਲਾ ਬਾਅਦ ਵਿੱਚ ਕੀਤਾ ਜਾਵੇਗਾ ਪਰ ਅਮਿਤ ਸ਼ਾਹ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਮੁੱਖ ਮੰਤਰੀ 'ਵੱਡੇ ਭਰਾ' ਦੀ ਭੂਮਿਕਾ ਨਿਭਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਦਾ ਹੀ ਹੋਵੇਗਾ। ਇਸ ਗੱਠਜੋੜ ਦਾ ਇੱਕ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਹ 1996 ਵਾਂਗ ਬਿਨਾਂ ਸ਼ਰਤ ਹੋਇਆ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ 2020 ਵਿੱਚ ਤਿੰਨ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਵੱਖ ਹੋਣ ਤੋਂ ਬਾਅਦ ਦੋਵੇਂ ਪਾਰਟੀਆਂ ਇੱਕ-ਦੂਜੇ 'ਤੇ ਤਿੱਖੇ ਹਮਲੇ ਕਰ ਰਹੀਆਂ ਸਨ, ਜਿਨ੍ਹਾਂ ਕਾਨੂੰਨਾਂ ਨੂੰ ਮੋਦੀ ਸਰਕਾਰ ਨੂੰ ਅਖ਼ੀਰ 'ਚ ਵਾਪਸ ਲੈਣਾ ਪਿਆ ਸੀ। ਹਾਲਾਂਕਿ, ਕਿਸਾਨਾਂ ਨਾਲ ਸਬੰਧਿਤ ਮੁੱਦੇ ਅਜੇ ਵੀ ਅਣਸੁਲਝੇ ਹਨ। ਦੋਵਾਂ ਧਿਰਾਂ ਵਿਚਾਲੇ ਕੁੜੱਤਣ ਇਸ ਹੱਦ ਤੱਕ ਵਧ ਗਈ ਸੀ ਕਿ ਸ਼੍ਰੋਮਣੀ ਅਕਾਲੀ ਦਲ ਨੇ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਪਿੱਛੇ ਵੀ ਭਾਜਪਾ ਦਾ ਹੱਥ ਹੋਣ ਦਾ ਦੋਸ਼ ਲਗਾਇਆ ਸੀ।

ਇਸ ਹੁਕਮਨਾਮੇ ਵਿੱਚ ਸਮੁੱਚੀ ਲੀਡਰਸ਼ਿਪ ਨੂੰ ਅਗਵਾਈ ਕਰਨ ਲਈ ਨੈਤਿਕ ਤੌਰ 'ਤੇ ਅਯੋਗ ਕਰਾਰ ਦਿੱਤਾ ਗਿਆ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ 'ਪੰਥ ਰਤਨ ਫ਼ਖ਼ਰ-ਏ-ਕੌਮ' ਦਾ ਸਨਮਾਨ ਮਰਨ ਉਪਰੰਤ ਵਾਪਸ ਲੈ ਲਿਆ ਗਿਆ ਸੀ। ਇਹ ਸੁਖਬੀਰ ਸਿੰਘ ਬਾਦਲ ਲਈ ਸਭ ਤੋਂ ਵੱਡਾ ਝਟਕਾ ਸੀ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸਿੱਖ ਸੰਸਥਾਵਾਂ 'ਤੇ ਆਪਣਾ ਦਬਦਬਾ ਰੱਖਦੇ ਹਨ।

ਜ਼ਿਕਰਯੋਗ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਗੱਠਜੋੜ ਦੇ ਬਾਵਜੂਦ ਅਕਾਲੀ ਦਲ ਕਈ ਮੁੱਦਿਆਂ ਕਾਰਨ ਤੀਜੇ ਸਥਾਨ 'ਤੇ ਖਿਸਕ ਗਿਆ ਸੀ, ਜਿਨ੍ਹਾਂ ਵਿੱਚੋਂ ਕੁਝ ਮੁੱਦੇ ਪੰਥਕ ਹਲਕਿਆਂ ਵਿੱਚ ਅਜੇ ਵੀ ਉੱਭਰ ਰਹੇ ਹਨ। ਆਗਾਮੀ ਵਿਧਾਨ ਸਭਾ ਚੋਣਾਂ ਦੋ ਪੱਧਰਾਂ 'ਤੇ ਲੜੀਆਂ ਜਾਣਗੀਆਂ, ਇੱਕ ਪੱਧਰ ਵਿਧਾਨ ਸਭਾ ਵਿੱਚ ਸਰਦਾਰੀ ਦੀ ਲੜਾਈ ਹੈ ਅਤੇ ਦੂਜਾ ਪਹਿਲੂ ਪੰਥਕ ਖੇਤਰ ਵਿੱਚ ਦਬਦਬੇ ਦੀ ਲੜਾਈ ਹੈ। ਲੰਮੇ ਸਮੇਂ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਪੰਜਾਬ ਦੇ ਮਾਮਲੇ ਵਿੱਚ ਪੰਥਕ ਖੇਤਰ ਦੀ ਲੜਾਈ ਹੀ ਵਧੇਰੇ ਅਹਿਮ ਹੋਵੇਗੀ। ਪੰਥਕ ਖੇਤਰ ਵਿੱਚ ਹੀ ਪੰਜਾਬ ਦੀ ਸਿਆਸਤ ਅਤੇ ਇੱਥੋਂ ਤੱਕ ਕਿ ਇਸ ਦੇਸ਼ ਦੀ ਭੂ-ਸਿਆਸਤ ਨੂੰ ਪ੍ਰਭਾਵਿਤ ਕਰਨ ਦੀ ਅੰਦਰੂਨੀ ਸਮਰੱਥਾ ਹੈ। ਬੇਸ਼ੱਕ, ਇਸ ਖੇਤਰ ਵਿੱਚ ਅੰਤਿਮ ਪ੍ਰੀਖਿਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੀਆਂ ਚੋਣਾਂ ਹੋਣਗੀਆਂ (ਜਦੋਂ ਵੀ ਉਹ ਕਰਵਾਈਆਂ ਜਾਣਗੀਆਂ)। ਪੰਥਕ ਧਿਰਾਂ ਵਿਧਾਨ ਸਭਾ ਚੋਣਾਂ ਨੂੰ ਪੰਥਕ ਖੇਤਰ ਦੀ ਫ਼ੈਸਲਾਕੁੰਨ ਲੜਾਈ ਵਜੋਂ ਦੇਖ ਰਹੀਆਂ ਹਨ।

ਪੰਥਕ ਖੇਤਰ ਦਾ ਇੱਕ ਅਹਿਮ ਪਹਿਲੂ ਇਹ ਹੈ ਕਿ ਇਸ ਵਿੱਚ ਇੱਕ ਅਜਿਹਾ ਵਰਗ ਵੀ ਸ਼ਾਮਿਲ ਹੈ, ਜੋ ਚੋਣ ਪ੍ਰਕਿਰਿਆ ਵਿੱਚ ਹਿੱਸਾ ਨਹੀਂ ਲੈਂਦਾ ਪਰ ਇਸ ਪਿੜ ਦੀ ਦਿਸ਼ਾ ਤੈਅ ਕਰਨ ਦੀ ਸਮਰੱਥਾ ਹਮੇਸ਼ਾ ਰੱਖਦਾ ਹੈ। ਮੌਜੂਦਾ ਸਮੇਂ 'ਅਕਾਲੀ ਦਲ ਵਾਰਿਸ ਪੰਜਾਬ ਦੇ' ਨੂੰ ਇਸ ਵਰਗ ਦਾ ਸਮਰਥਨ ਪ੍ਰਾਪਤ ਹੈ। ਇਸ ਪੰਥਕ ਖੇਤਰ ਦੀ ਇੱਕ ਬਹੁਤ ਹੀ ਮਹੱਤਵਪੂਰਨ ਖ਼ਾਸੀਅਤ ਇਹ ਵੀ ਹੈ ਕਿ ਗਰਮਖ਼ਿਆਲੀ ਧੜਾ ਜਮਹੂਰੀ ਧਾਰਾ ਦਾ ਹਿੱਸਾ ਬਣ ਗਿਆ ਹੈ ਅਤੇ ਸਰਕਾਰ ਵੱਲੋਂ ਇਸ ਰੁਝਾਨ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਇਸ ਧੜੇ ਦੀ ਮੁੱਖ ਧਾਰਾ ਵਿੱਚ ਸ਼ਮੂਲੀਅਤ ਦੀ ਆਪਣੀ ਖ਼ਾਸ ਮਹੱਤਤਾ ਹੈ। ਆਖ਼ਰਕਾਰ ਅੰਮ੍ਰਿਤਪਾਲ ਸਿੰਘ, ਜਿਸ ਨੇ ਜੇਲ੍ਹ ਵਿੱਚੋਂ ਚੋਣ ਲੜ ਕੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਹਲਕੇ ਤੋਂ ਸੂਬੇ ਵਿੱਚ ਸਭ ਤੋਂ ਵੱਡੇ ਫ਼ਰਕ ਨਾਲ ਜਿੱਤ ਪ੍ਰਾਪਤ ਕੀਤੀ ਸੀ, ਨੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਵੇਲੇ ਅਤੇ ਫਿਰ ਚੁਣੇ ਜਾਣ ਮਗਰੋਂ ਲੋਕ ਸਭਾ ਵਿੱਚ ਸੰਵਿਧਾਨ ਦੀ ਸਹੁੰ ਚੁੱਕੀ ਸੀ।

ਗ਼ੌਰਤਲਬ ਹੈ ਕਿ ਆਮ ਆਦਮੀ ਪਾਰਟੀ 2022 ਦੀਆਂ ਚੋਣਾਂ ਵਿੱਚ ਸੂਬੇ ਵਿੱਚ ਹੂੰਝਾਫੇਰ ਜਿੱਤ ਦਰਜ ਕਰਨ ਤੋਂ ਪਹਿਲਾਂ 2017 ਵਿੱਚ ਮੁੱਖ ਵਿਰੋਧੀ ਪਾਰਟੀ ਵਜੋਂ ਉੱਭਰੀ ਸੀ। ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਪੰਜਾਬ ਵਿੱਚ ਮੁਕਾਬਲਾ ਚਹੁੰ-ਕੋਣਾ ਹੋਵੇਗਾ, ਜਿਸ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਆਪਣੇ ਗੜ੍ਹ ਨੂੰ ਬਚਾਉਣ ਲਈ ਮੈਦਾਨ ਵਿੱਚ ਉਤਰੇਗੀ। ਕਾਂਗਰਸ ਨੇ ਕਮਿਊਨਿਸਟਾਂ ਵਰਗੀ ਕਿਸੇ ਵੀ ਛੋਟੀ ਸਿਆਸੀ ਪਾਰਟੀ ਨਾਲ ਹੱਥ ਮਿਲਾਉਣ ਦਾ ਕੋਈ ਸੰਕੇਤ ਨਹੀਂ ਦਿੱਤਾ, ਜਿਨ੍ਹਾਂ ਦਾ ਆਧਾਰ ਬਹੁਤ ਸੀਮਿਤ ਹੈ। ਇੱਕ ਹੋਰ ਗੱਠਜੋੜ ਦੀ ਚਰਚਾ ਹੋ ਰਹੀ ਹੈ, ਜੋ 'ਵਾਰਿਸ ਪੰਜਾਬ ਦੇ', ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ 'ਅਕਾਲੀ ਦਲ (ਪੁਨਰ ਸੁਰਜੀਤ)' ਅਤੇ 'ਬਹੁਜਨ ਸਮਾਜ ਪਾਰਟੀ (ਬਸਪਾ)' ਵਿਚਕਾਰ ਹੈ। ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੀ ਇਸ ਗੱਠਜੋੜ ਦਾ ਹਿੱਸਾ ਹੋਵੇਗਾ।

ਇਹ ਵੀ ਜ਼ਿਕਰਯੋਗ ਹੈ ਕਿ ਸੁਖਬੀਰ ਸਿੰਘ ਬਾਦਲ 'ਪੁਨਰ ਸੁਰਜੀਤ' ਧੜੇ ਉੱਤੇ ਭਾਜਪਾ ਦੀ 'ਬੀ' ਟੀਮ ਹੋਣ ਦਾ ਦੋਸ਼ ਲਗਾਉਂਦੇ ਰਹੇ ਹਨ। ਆਪਣੀ ਦਾਦੀ ਦੇ ਅੰਤਿਮ ਸਸਕਾਰ ਵਿੱਚ ਸ਼ਾਮਿਲ ਹੋਣ ਲਈ ਪੁਲਿਸ ਹਿਰਾਸਤ ਵਿੱਚ ਅੰਮ੍ਰਿਤਪਾਲ ਸਿੰਘ ਦੀ ਤਿੰਨ ਘੰਟੇ ਦੀ ਫੇਰੀ ਨੇ ਇੱਕ ਨਵਾਂ ਪਹਿਲੂ ਪੇਸ਼ ਕੀਤਾ ਹੈ। ਮੀਡੀਆ ਰਿਪੋਰਟਾਂ ਅਨੁਸਾਰ

ਨਹਿਰੂ ਤੋਂ ਰਾਹੁਲ-ਪ੍ਰਿਅੰਕਾ ਤੱਕ: ਕਾਂਗਰਸ ਦੀ ਪਰਿਵਾਰਵਾਦੀ ਸਿਆਸਤ ਦਾ ਲੇਖਾ-ਜੋਖਾ

ਪੂਰਨ ਚੰਦ ਸਰੀਨ



ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮ 14 ਨਵੰਬਰ ਨੂੰ ਅਤੇ ਇੰਦਰਾ ਗਾਂਧੀ ਦਾ 19 ਨਵੰਬਰ ਨੂੰ ਹੋਇਆ ਸੀ। ਹੁਣ 10 ਨਵੰਬਰ ਕਾਂਗਰਸ ਪਰਿਵਾਰ 'ਚ ਸੋਨੀਆ ਗਾਂਧੀ ਦੇ ਨਾਂ ਨਾਲ ਯਾਦ ਕੀਤਾ ਜਾਵੇਗਾ, ਜਿਨ੍ਹਾਂ ਨੇ ਆਪਣੇ ਜਨਮ ਦਿਨ ਮੌਕੇ ਆਪਣੀ ਆਤਮਕਥਾ ਰਿਲੀਜ਼ ਕੀਤੀ ਹੈ, ਜੋ ਇਸ ਸਮੇਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕਾਂਗਰਸੀ ਹਮੇਸ਼ਾ ਇਸ ਗ਼ਲਤਫ਼ਹਿਮੀ ਵਿੱਚ ਰਹੇ ਹਨ ਕਿ ਦੇਸ਼ ਦਾ ਸ਼ਾਸਨ ਗਾਂਧੀ ਪਰਿਵਾਰ ਤੋਂ ਇਲਾਵਾ ਕੋਈ ਹੋਰ ਪਾਰਟੀ ਜਾਂ ਨੇਤਾ ਨਹੀਂ ਚਲਾ ਸਕਦਾ। ਦੇਸ਼ ਦੀ ਉਹ ਪੀੜ੍ਹੀ ਜੋ ਆਜ਼ਾਦੀ ਤੋਂ ਪਹਿਲਾਂ ਪੈਦਾ ਹੋਈ ਹੈ, ਉਸ ਨੇ ਨਹਿਰੂ, ਇੰਦਰਾ ਗਾਂਧੀ ਤੇ ਸੋਨੀਆ ਗਾਂਧੀ ਦੇ ਰਾਜਨੀਤਿਕ ਉਭਾਰ ਨੂੰ ਦੇਖਿਆ ਤੇ ਸਮਝਿਆ ਹੈ। ਜਦੋਂ ਉਨ੍ਹਾਂ ਦੇ ਕਾਰਜਕਾਲਾਂ ਦਾ ਮੁਲਾਂਕਣ ਕਰਨ ਦੀ ਗੱਲ ਆਵੇਗੀ ਤਾਂ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਨਾਲ-ਨਾਲ ਉਨ੍ਹਾਂ ਦੀਆਂ ਗ਼ਲਤੀਆਂ 'ਤੇ ਵੀ ਚਰਚਾ ਕਰਨੀ ਜ਼ਰੂਰੀ ਹੈ। ਇੱਕ ਗੱਲ ਸਪੱਸ਼ਟ ਹੈ ਕਿ ਆਜ਼ਾਦੀ ਅੰਦੋਲਨ 'ਚ ਪ੍ਰਮੁੱਖਤਾ ਨਾਲ ਯੋਗਦਾਨ ਪਾਉਣ ਅਤੇ ਤੁਰੰਤ ਉਸ ਦਾ ਫਲ ਪ੍ਰਾਪਤ ਕਰ ਲੈਣ ਦਾ ਮਤਲਬ ਇਹ ਨਹੀਂ ਹੈ ਕਿ ਉਸ ਪਰਿਵਾਰ ਨੂੰ ਦੇਸ਼ ਦੀ ਰਾਜਨੀਤੀ 'ਤੇ ਪੀੜ੍ਹੀਆਂ ਤੱਕ ਸ਼ਾਸਨ ਕਰਨ ਦਾ ਅਧਿਕਾਰ ਮਿਲ ਗਿਆ ਹੈ। ਜੇਕਰ ਸਰਦਾਰ ਪਟੇਲ ਦੀਆਂ ਨੀਤੀਆਂ ਸਫਲ ਨਾ ਹੁੰਦੀਆਂ ਤਾਂ ਅੱਜ ਦੇਸ਼ ਅਣਗਿਣਤ ਟੁਕੜਿਆਂ ਵਿੱਚ ਵੰਡਿਆ ਹੁੰਦਾ। ਕਾਂਗਰਸ ਨਾਲ ਜੁੜੇ ਹੋਰ ਮਹਾਨ ਇਨਕਲਾਬੀਆਂ ਦੀਆਂ ਕੁਰਬਾਨੀਆਂ ਨੂੰ ਵੀ ਘੱਟ ਕਰਕੇ ਨਹੀਂ ਦੇਖਿਆ ਜਾ ਸਕਦਾ।

ਨਹਿਰੂ ਨੇ ਸੁਤੰਤਰ ਭਾਰਤ ਨੂੰ ਇੱਕ ਆਧੁਨਿਕ, ਵਿਗਿਆਨਕ ਤੇ ਲੋਕਤੰਤਰੀ ਰਾਸ਼ਟਰ ਬਣਾਉਣ ਦਾ ਸੁਪਨਾ ਦੇਖਿਆ। ਉਨ੍ਹਾਂ ਸੰਸਦੀ ਪ੍ਰਣਾਲੀ, ਵਿਗਿਆਨਕ ਸੰਸਥਾਵਾਂ, ਜਨਤਕ ਖੇਤਰ ਅਤੇ ਇੱਕ ਗੁੱਟ-ਨਿਰਪੇਖ ਵਿਦੇਸ਼ ਨੀਤੀ ਨੂੰ ਦਿਸ਼ਾ ਦਿੱਤੀ। ਵਿਸ਼ਵ ਰਾਜਨੀਤੀ 'ਚ ਭਾਰਤ ਦੀ ਪਛਾਣ ਸਥਾਪਿਤ ਕਰਨ 'ਚ ਨਹਿਰੂ ਦੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਉਨ੍ਹਾਂ ਦੀ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਲ ਕਰਨ ਦੀ ਲਾਲਸਾ ਦੇਸ਼ ਦੀਆਂ ਘਰੇਲੂ ਪ੍ਰਸ਼ਾਸਕੀ ਸਮੱਸਿਆਵਾਂ 'ਤੇ ਭਾਰੀ ਪੈ ਗਈ। ਅੰਗਰੇਜ਼ਾਂ ਦੀ ਦੇਣ ਲਾਇਸੈਂਸ-ਪਰਮਿਟ ਪ੍ਰਣਾਲੀ, ਭ੍ਰਿਸ਼ਟਾਚਾਰ ਤੇ ਗ਼ਿਸ਼ਵਤਖੋਰੀ ਹੋਰ ਵਧਣ ਲੱਗੀ ਅਤੇ ਨੌਕਰਸ਼ਾਹੀ 'ਤੇ ਢਿੱਲੇ ਕੰਟਰੋਲ ਦੇ ਚੱਲਦਿਆਂ ਸਰਕਾਰੀ ਸਰਪ੍ਰਸਤੀ ਦੇ ਸੱਭਿਆਚਾਰ ਨੂੰ ਮਜ਼ਬੂਤੀ ਮਿਲ ਗਈ। ਸਰਕਾਰੀ ਦਫ਼ਤਰਾਂ 'ਚ ਅੱਜ ਵੀ ਕੋਈ ਕੰਮ ਰਿਸ਼ਵਤ ਤੋਂ ਬਗੈਰ ਨਹੀਂ ਹੁੰਦਾ। ਨਹਿਰੂ ਨੇ 1959 'ਚ ਰਾਜਨੀਤਿਕ ਗ਼ਲਤੀ ਕਰਦਿਆਂ ਕੇਰਲਾ ਵਿੱਚ ਚੁਣੀ ਹੋਈ ਕਮਿਊਨਿਸਟ ਸਰਕਾਰ ਨੂੰ ਬਰਖ਼ਾਸਤ ਕਰਨ ਸਮੇਂ ਸੰਵਿਧਾਨਕ ਪ੍ਰਕਿਰਿਆ ਨਹੀਂ ਅਪਣਾਈ ਸੀ; ਉਨ੍ਹਾਂ ਖ਼ੁਦ ਮੰਨਿਆ ਕਿ ਇਹ ਇੱਕ ਚੰਗੀ ਉਦਾਹਰਨ ਨਹੀਂ ਸੀ। ਵਿਦੇਸ਼ ਨੀਤੀ ਵਿੱਚ ਉਨ੍ਹਾਂ ਦਾ ਚੀਨ ਨਾਲ ਦੋਸਤੀ ਦਾ ਗ਼ਲਤ ਜਾਇਜ਼ਾ 1962 ਦੀ ਹਾਰ ਦਾ ਕਾਰਨ ਬਣਿਆ। ਕਸ਼ਮੀਰ ਮੁੱਦੇ 'ਤੇ ਸੰਯੁਕਤ ਰਾਸ਼ਟਰ ਤੇ ਜਨਮਤ ਸੰਗ੍ਰਹਿ ਸਬੰਧੀ ਉਨ੍ਹਾਂ ਦੀਆਂ ਨੀਤੀਆਂ ਤੇ ਫ਼ੈਸਲਿਆਂ ਨੇ ਇੱਕ ਅਜਿਹਾ ਅੜਿੱਕਾ ਪੈਦਾ ਕੀਤਾ ਹੈ, ਜਿਸ ਦਾ ਖ਼ਮਿਆਜ਼ਾ ਅੱਜ ਵੀ ਦੇਸ਼ ਨੂੰ ਭੁਗਤਣਾ ਪੈ ਰਿਹਾ ਹੈ।

ਇੰਦਰਾ ਗਾਂਧੀ ਦੀ ਆਪਣੇ ਪਿਤਾ ਤੋਂ ਵੱਖਰੀ ਰਾਜਨੀਤਿਕ ਸ਼ੈਲੀ ਸੀ; ਉਨ੍ਹਾਂ ਕੋਲ ਫ਼ੈਸਲੇ ਲੈਣ ਦੀ ਦ੍ਰਿੜ੍ਹ ਇੱਛਾ ਸ਼ਕਤੀ ਸੀ। ਬੈਂਕਾਂ ਦਾ ਰਾਸ਼ਟਰੀਕਰਨ, ਪ੍ਰਿਵੀ ਪਰਸਾਂ ਦਾ ਖ਼ਾਤਮਾ ਤੇ 1971 ਦੀ ਜੰਗ 'ਚ ਜਿੱਤ ਉਨ੍ਹਾਂ ਦੇ ਸ਼ਾਸਨਕਾਲ ਦੀਆਂ ਮਹੱਤਵਪੂਰਨ ਘਟਨਾਵਾਂ ਹਨ ਪਰ ਉਨ੍ਹਾਂ ਦੀ ਸ਼ਖ਼ਸੀਅਤ ਦਾ ਦੂਸਰਾ ਪਹਿਲੂ ਸੱਤਾ ਦਾ ਅਸਾਧਾਰਨ ਕੇਂਦਰੀਕਰਨ ਸੀ। ਜਦੋਂ ਕਾਂਗਰਸ ਸੰਗਠਨ ਹੌਲੀ-ਹੌਲੀ ਕਮਜ਼ੋਰ ਹੁੰਦਾ ਗਿਆ ਤਾਂ ਪਾਰਟੀ ਦੇ ਅੰਦਰ ਸੁਤੰਤਰ ਅਗਵਾਈ ਤੇ ਵਿਚਾਰ-ਵਟਾਂਦਰੇ ਨਾਲੋਂ ਸਿਖਰਲੀ ਲੀਡਰਸ਼ਿਪ ਪ੍ਰਤੀ ਵਫ਼ਾਦਾਰੀ ਵਧੇਰੇ ਮਹੱਤਵਪੂਰਨ ਹੁੰਦੀ ਗਈ। ਸੂਬਿਆਂ ਦੇ ਨੇਤਾਵਾਂ ਦੀ ਰਾਜਨੀਤਿਕ ਆਜ਼ਾਦੀ ਸੀਮਤ ਹੁੰਦੀ ਗਈ ਤੇ ਸੱਤਾ ਇੰਦਰਾ ਗਾਂਧੀ ਤੇ ਉਨ੍ਹਾਂ ਦੇ ਨਜ਼ਦੀਕੀਆਂ ਤੱਕ ਸੀਮਤ ਹੋ ਗਈ। 1975 ਦੀ ਐਮਰਜੈਂਸੀ ਕਾਂਗਰਸ ਤੇ ਉਨ੍ਹਾਂ ਲਈ ਸਦੀਵੀ ਕੌੜੀ ਯਾਦ ਬਣ ਗਈ। ਸਰਕਾਰੀ ਤੰਤਰ 'ਤੇ ਸੰਜੇ ਗਾਂਧੀ ਦੇ ਪ੍ਰਭਾਵ ਤੇ ਉਨ੍ਹਾਂ ਦੀਆਂ ਵਧੀਕੀਆਂ—ਜ਼ਬਰਦਸਤੀ ਨਸਬੰਦੀ ਮੁਹਿੰਮਾਂ, ਗ਼ਰੀਬਾਂ ਦੀਆਂ ਬਸਤੀਆਂ ਨੂੰ ਹਟਾਉਣ ਅਤੇ ਆਮ ਨਾਗਰਿਕਾਂ ਵਿੱਚ ਡਰ ਪੈਦਾ ਕਰਨ ਨੂੰ ਭੁਲਾਇਆ ਨਹੀਂ ਜਾ ਸਕਦਾ। 1977 ਵਿੱਚ ਇੰਦਰਾ ਗਾਂਧੀ ਦੀ ਸੱਤਾ ਤੋਂ ਬੇਦਖ਼ਲੀ ਅਤੇ 1980 ਵਿੱਚ ਸੱਤਾ 'ਚ ਵਾਪਸੀ ਨੇ ਉਨ੍ਹਾਂ ਦੀ ਲੋਕਪ੍ਰਿਅਤਾ ਨੂੰ ਫਿਰ ਸਾਬਤ ਕੀਤਾ, ਪਰ ਆਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ ਉਨ੍ਹਾਂ ਦੀ ਹੱਤਿਆ ਨੇ ਦੇਸ਼ ਨੂੰ ਇੱਕ ਹੋਰ ਡੂੰਘੇ ਸੰਕਟ 'ਚ ਸੁੱਟ ਦਿੱਤਾ। ਇੰਦਰਾ ਗਾਂਧੀ ਇੱਕ ਅਜਿਹੀ ਨੇਤਾ ਸਨ, ਜਿਨ੍ਹਾਂ ਨੇ ਦੇਸ਼ ਲਈ ਕਈ ਮਹੱਤਵਪੂਰਨ ਫ਼ੈਸਲੇ ਲਏ, ਪਰ ਉਨ੍ਹਾਂ ਦੇ ਸ਼ਾਸਨ ਦੌਰਾਨ ਲੋਕਤੰਤਰ ਨੂੰ ਭਾਰੀ ਨੁਕਸਾਨ ਵੀ ਪਹੁੰਚਿਆ। ਉਸ ਤੋਂ ਬਾਅਦ ਰਾਜੀਵ ਗਾਂਧੀ ਦਾ ਬਿਨਾਂ ਕਿਸੇ ਤਜਰਬੇ ਜਾਂ ਰਾਜਨੀਤਿਕ ਸਮਝ ਦੇ ਪ੍ਰਧਾਨ ਮੰਤਰੀ ਬਣਨ ਪਿੱਛੇ ਕਾਂਗਰਸ 'ਤੇ ਨਹਿਰੂ ਪਰਿਵਾਰ ਦੀ ਵੱਡੀ ਪਕੜ ਤੇ ਪਾਰਟੀ ਮੈਂਬਰਾਂ ਦੀ ਅੰਨ੍ਹੀ ਸ਼ਰਧਾ ਸੀ।

ਸੋਨੀਆ ਗਾਂਧੀ ਜਦੋਂ 1968 'ਚ ਭਾਰਤ ਆਏ ਤਾਂ ਉਨ੍ਹਾਂ ਦਾ ਮੁੱਢਲਾ ਜੀਵਨ ਰਾਜਨੀਤੀ ਤੋਂ ਬਹੁਤ ਦੂਰ ਸੀ। ਉਨ੍ਹਾਂ ਨੂੰ ਭਾਰਤ ਦੇ ਇਤਿਹਾਸ, ਭਾਸ਼ਾਵਾਂ, ਸਮਾਜਿਕ ਵਿਭਿੰਨਤਾ ਤੇ ਰਾਜਨੀਤਿਕ ਪਰੰਪਰਾਵਾਂ ਨੂੰ ਸਮਝਣ 'ਚ ਸਮਾਂ ਲੱਗਿਆ। ਉਹ ਇੱਕ ਨਿੱਜੀ ਪਰਿਵਾਰਕ ਜੀਵਨ ਚਾਹੁੰਦੇ ਸਨ, ਪਰ ਇੰਦਰਾ ਗਾਂਧੀ ਤੇ ਫਿਰ ਰਾਜੀਵ ਗਾਂਧੀ ਦੀ ਹੱਤਿਆ ਤੋਂ ਬਾਅਦ ਹਾਲਾਤ ਬਦਲ ਗਏ। ਜਦੋਂ 1998 'ਚ ਉਨ੍ਹਾਂ ਨੇ ਕਾਂਗਰਸ ਪ੍ਰਧਾਨ ਦਾ ਅਹੁਦਾ ਸੰਭਾਲਿਆ ਤਾਂ ਪਾਰਟੀ ਸਿਆਸੀ ਸੰਕਟ 'ਚੋਂ ਲੰਘ ਰਹੀ ਸੀ। 2004 'ਚ ਸੋਨੀਆ ਦੀ ਅਗਵਾਈ ਹੇਠ ਯੂ.ਪੀ.ਏ. ਸਰਕਾਰ ਬਣੀ; ਉਨ੍ਹਾਂ ਨੇ ਖ਼ੁਦ ਪ੍ਰਧਾਨ ਮੰਤਰੀ ਬਣਨ ਦੀ ਬਜਾਏ ਇਹ ਅਹੁਦਾ ਮਨਮੋਹਨ ਸਿੰਘ ਨੂੰ ਦੇ ਕੇ ਇੱਕ ਵੱਡਾ ਰਾਜਨੀਤਿਕ ਫ਼ੈਸਲਾ ਲਿਆ ਸੀ। ਯੂ.ਪੀ.ਏ. ਦੀ 10 ਸਾਲ ਚੱਲੀ ਸਰਕਾਰ ਨੇ ਉਸ ਸਮੇਂ ਸੂਚਨਾ ਅਧਿਕਾਰ ਕਾਨੂੰਨ, ਮਨਰੇਗਾ ਤੇ ਖ਼ੁਰਾਕ ਸੁਰੱਖਿਆ ਵਰਗੇ ਕਾਨੂੰਨਾਂ ਨੂੰ ਅੱਗੇ ਵਧਾਇਆ ਸੀ। ਉਨ੍ਹਾਂ ਦੀ ਆਤਮਕਥਾ ਐਮਰਜੈਂਸੀ ਦੌਰਾਨ ਪਰਿਵਾਰ ਦੇ ਅੰਦਰੂਨੀ ਮਤਭੇਦ, ਰਾਜੀਵ ਗਾਂਧੀ ਨੂੰ ਸਲਾਹ, ਸੰਜੇ ਗਾਂਧੀ ਦਾ ਵਧਦਾ ਸਿਆਸੀ ਪ੍ਰਭਾਵ ਤੇ ਇੰਦਰਾ ਗਾਂਧੀ ਦੀ ਮਾਨਸਿਕ ਸਥਿਤੀ ਦਾ ਖ਼ੁਲਾਸਾ ਕਰਦੀ ਹੈ।

ਹੁਣ ਸਵਾਲ ਰਾਹੁਲ ਗਾਂਧੀ ਤੇ ਪ੍ਰਿਅੰਕਾ ਵਾਡਰਾ ਬਾਰੇ ਉੱਠਦਾ ਹੈ, ਜੋ ਕ੍ਰਮਵਾਰ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੇ ਲੋਕ ਸਭਾ ਦੇ ਮੈਂਬਰ ਹਨ। ਦੋਵਾਂ ਨੂੰ ਰਾਜਨੀਤੀ 'ਚ ਸਰਗਰਮ ਰਹਿਣ ਤੇ ਚੋਣਾਂ ਲੜਨ ਦਾ ਪੂਰਾ ਅਧਿਕਾਰ ਹੈ। ਪਰ ਕੀ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਕਿਸੇ ਪਰਿਵਾਰ ਦੀ ਅਗਲੀ ਪੀੜ੍ਹੀ ਲਈ ਕੁਦਰਤੀ ਅਗਲਾ ਪੜਾਅ ਮੰਨਿਆ ਜਾਣਾ ਚਾਹੀਦਾ ਹੈ? ਕੀ ਕਿਸੇ ਵਿਅਕਤੀ ਦੀ ਸਭ ਤੋਂ ਵੱਡੀ ਰਾਜਨੀਤਿਕ ਯੋਗਤਾ ਉਸ ਦਾ ਕਿਸੇ ਖ਼ਾਸ ਪਰਿਵਾਰ 'ਚ ਜਨਮ ਲੈਣਾ ਹੋ ਸਕਦਾ ਹੈ? ਲੋਕਤੰਤਰ ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਕਿਸੇ ਪਰਿਵਾਰ ਦੀ ਵਿਰਾਸਤ ਨਹੀਂ ਹੁੰਦਾ, ਇਹ ਜਨਤਾ ਦੇ ਵਿਸ਼ਵਾਸ ਤੇ ਸੰਸਦ ਵਿੱਚ ਬਹੁਮਤ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ।

ਪੰਜਾਬ ਦੀ ਅਰਥਵਿਵਸਥਾ 'ਤੇ ਵਧਿਆ ਕਰਜ਼ੇ ਦਾ ਬੋਝ

ਡਾ. ਲਖਵਿੰਦਰ ਸਿੰਘ



ਪੰਜਾਬ 'ਚ ਮੌਜੂਦਾ ਸਰਕਾਰ ਦਾ ਕਾਰਜਕਾਲ ਖ਼ਤਮ ਹੋਣ ਵਿੱਚ ਕੁਝ ਮਹੀਨਿਆਂ ਦਾ ਸਮਾਂ ਰਹਿ ਗਿਆ ਹੈ ਅਤੇ ਸਿਆਸੀ ਦਾਅਵੇਦਾਰ ਪੰਜਾਬ ਦੀ 17ਵੀਂ ਵਿਧਾਨ ਸਭਾ ਦੀਆਂ ਚੋਣਾਂ ਲਈ ਪੂਰੇ ਜ਼ੋਰ-ਸ਼ੋਰ ਨਾਲ ਤਿਆਰੀ ਕਰ ਰਹੇ ਹਨ। ਹੁਣ ਤੱਕ 1992 ਤੋਂ ਸੱਤਾ 'ਚ ਰਹੀਆਂ ਵੱਖ-ਵੱਖ ਸਰਕਾਰਾਂ ਦੀ ਕਾਰਗੁਜ਼ਾਰੀ ਤੋਂ ਸਪੱਸ਼ਟ ਹੁੰਦਾ ਹੈ ਕਿ ਸੂਬੇ ਦੇ ਆਰਥਿਕ ਸੂਚਕ ਵਿਗੜੇ ਹੋਏ ਹਨ। ਆਮ ਵੋਟਰਾਂ ਦੇ ਮਨ ਵਿੱਚ ਇਹ ਸਵਾਲ ਹੈ ਕਿ ਵਾਰ-ਵਾਰ ਸਰਕਾਰਾਂ ਬਦਲਣ ਨਾਲ ਵੀ ਪੰਜਾਬ ਦੀ ਕਿਸਮਤ ਕਿਉਂ ਨਹੀਂ ਬਦਲੀ? ਸਿਰਫ਼ 2012 'ਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦੇ ਮੁੜ ਸੱਤਾ 'ਚ ਆਉਣ ਨੂੰ ਛੱਡ ਕੇ ਪੰਜਾਬੀ ਵੋਟਰਾਂ ਨੇ ਹਰ ਵਾਰ ਵੱਖੋ-ਵੱਖ ਪਾਰਟੀਆਂ ਦੀ ਸਰਕਾਰ ਚੁਣੀ ਹੈ, ਪਰ ਉਨ੍ਹਾਂ ਦੀਆਂ ਉਮੀਦਾਂ ਨੂੰ ਕਦੇ ਬੂਰ ਨਹੀਂ ਪਿਆ। ਭਾਵੇਂ ਸਾਰੀਆਂ ਪਾਰਟੀਆਂ ਆਪੋ-ਆਪਣੇ ਚੋਣ ਮਨੋਰਥ ਪੱਤਰਾਂ 'ਚ ਸੂਬੇ ਦਾ ਵਿਕਾਸ ਕਰਵਾਉਣ ਦੇ ਵਾਅਦੇ ਕਰਦੀਆਂ ਹਨ, ਪਰ ਸੱਤਾ 'ਚ ਆ ਕੇ ਸਬਸਿਡੀਆਂ ਤੇ ਮੁਫ਼ਤ ਸਹੂਲਤਾਂ ਵੰਡਣ ਨੂੰ ਹੀ ਤਰਜੀਹ ਦਿੰਦੀਆਂ ਹਨ।

ਪੰਜਾਬ 1966 ਤੋਂ ਬਾਅਦ ਦੋ ਦਹਾਕਿਆਂ ਤੱਕ ਹਰੀ ਕ੍ਰਾਂਤੀ ਦੀ ਅਗਵਾਈ ਕਰਦਿਆਂ ਭਾਰਤ ਦੇ ਮੋਹਰੀ ਸੂਬਿਆਂ 'ਚ ਸ਼ਾਮਲ ਰਿਹਾ, ਪਰ ਹੁਣ ਪੱਛੜਦਾ ਜਾ ਰਿਹਾ ਹੈ। 1991 ਤੋਂ ਬਾਅਦ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੀ ਨੀਤੀ 'ਤੇ ਚੱਲਦਿਆਂ ਸਰਕਾਰ ਨੇ ਬਾਜ਼ਾਰਾਂ ਲਈ ਸਹੂਲਤਾਂ ਪੈਦਾ ਕਰਨ ਵਾਲੀ ਸੰਸਥਾ ਵਜੋਂ ਇਸ ਨੂੰ ਨਵਾਂ ਰੂਪ ਦਿੱਤਾ। ਸਾਰੀਆਂ ਪਾਰਟੀਆਂ ਨੇ ਇਸ ਨਵੀਂ ਵਿਵਸਥਾ ਨੂੰ ਸਵੀਕਾਰ ਕਰ ਲਿਆ, ਪਰ ਚੋਣ ਮੁਕਾਬਲਾ ਵੋਟਰਾਂ ਨਾਲ ਕੀਤੇ ਮੁਫ਼ਤ ਸਹੂਲਤਾਂ ਦੇ ਵਾਅਦਿਆਂ ਵੱਲ ਕੇਂਦਰਿਤ ਹੁੰਦਾ ਗਿਆ। ਸਬਸਿਡੀਆਂ, ਮੁਫ਼ਤ ਸੇਵਾਵਾਂ ਤੇ ਰਿਆਇਤਾਂ ਨੇ ਪੰਜਾਬ ਦੀ ਆਮਦਨ ਨਾਲੋਂ ਖ਼ਰਚ ਦੀਆਂ ਜ਼ਿੰਮੇਵਾਰੀਆਂ ਵਧਾ ਦਿੱਤੀਆਂ ਹਨ, ਜਿਨ੍ਹਾਂ ਨੂੰ ਸਿਆਸੀ ਤੌਰ 'ਤੇ ਹੁਣ ਵਾਪਸ ਲੈਣਾ ਮੁਸ਼ਕਿਲ ਹੋ ਗਿਆ ਹੈ। ਚੋਣਾਂ ਸਮੇਂ ਹਰ ਪਾਰਟੀ ਇੱਕ-ਦੂਜੇ ਤੋਂ ਵੱਧ ਵਾਅਦੇ ਕਰਕੇ ਸਿਆਸੀ ਲਾਭ ਉਠਾਉਂਦੀ ਹੈ, ਪਰ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ 'ਤੇ ਹੋਣ ਵਾਲਾ ਖ਼ਰਚ ਜਾਂ ਕਰਜ਼ਾ ਆਉਣ ਵਾਲੀਆਂ ਸਰਕਾਰਾਂ ਨੂੰ ਵਿਰਾਸਤ 'ਚ ਮਿਲਣ ਕਰਕੇ ਸੂਬੇ 'ਚ ਨਵੇਂ ਨਿਵੇਸ਼ ਅਤੇ ਹੋਰ ਜ਼ਰੂਰੀ ਜਨਤਕ ਸੇਵਾਵਾਂ ਲਈ ਬਹੁਤ ਘੱਟ ਪੈਸਾ ਬਚਦਾ ਹੈ।

ਪੰਜਾਬ ਨੂੰ ਆਰਥਿਕ ਪੁਨਰ-ਸੁਰਜੀਤੀ ਲਈ ਨਵੀਂ ਸਾਂਝੀ ਸਹਿਮਤੀ ਦੀ ਲੋੜ ਹੈ। ਭੂ-ਰਾਜਨੀਤਿਕ ਟਕਰਾਅ ਤੇ ਅਨਿਸ਼ਚਿਤਤਾ ਨੇ ਉਦਯੋਗਿਕ ਨੀਤੀ ਨੂੰ ਮੁੜ ਕੇਂਦਰ ਵਿੱਚ ਲਿਆ ਦਿੱਤਾ ਹੈ। ਇਸ ਨਾਲ ਜਨਤਕ ਨਿਵੇਸ਼ ਤੇ ਨਿੱਜੀ ਉੱਦਮ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੋਰ ਮਜ਼ਬੂਤ ਹੋਈ ਹੈ। ਭਵਿੱਖ ਬਾਰੇ ਉਮੀਦਾਂ ਅੱਜ ਦੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਚੋਣ ਮਨੋਰਥ ਪੱਤਰਾਂ ਦੇ ਵਾਅਦੇ ਵੀ ਇਨ੍ਹਾਂ ਉਮੀਦਾਂ ਨੂੰ ਪ੍ਰਭਾਵਿਤ ਕਰਦੇ ਹਨ। ਪੰਜਾਬ ਦੀ ਅਗਲੀ ਸਰਕਾਰ ਨੂੰ ਅਜਿਹੀ ਅਰਥਵਿਵਸਥਾ ਵਿਰਾਸਤ 'ਚ ਮਿਲੇਗੀ, ਜਿਸ ਨੂੰ ਨਿਵੇਸ਼ ਦੀ ਲੋੜ ਹੋਵੇਗੀ, ਪਰ ਬਜਟ 'ਤੇ ਪਹਿਲਾਂ ਹੀ ਪੁਰਾਣੀਆਂ ਅਦਾਇਗੀਆਂ ਦਾ ਬੋਝ ਹੋਵੇਗਾ। ਚੋਣਾਂ ਇਹ ਤੈਅ ਕਰਨਗੀਆਂ ਕਿ ਸਰਕਾਰ ਕੌਣ ਤੇ ਕਿਵੇਂ ਚਲਾਏਗਾ। ਅਕਤੂਬਰ 2026 'ਚ 'ਪੰਜਾਬ ਫਾਊਂਡੇਸ਼ਨ' ਵੱਲੋਂ ਜਾਰੀ ਕੀਤੀ ਗਈ ਰਿਪੋਰਟ 'ਪੰਜਾਬ ਦੀ ਸਥਿਤੀ: ਅੰਕੜਿਆਂ ਰਾਹੀਂ 15 ਸਾਲਾਂ ਦੀ ਕਹਾਣੀ' ਇਸੇ ਵੱਲ ਇਸ਼ਾਰਾ ਕਰਦੀ ਹੈ ਕਿ ਪਿਛਲੇ ਨੀਤੀਗਤ ਫ਼ੈਸਲਿਆਂ ਦੇ ਦਬਾਅ ਨੇ ਸੂਬੇ ਦੀਆਂ ਵਿਕਾਸ ਸੰਭਾਵਨਾਵਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ।

ਪੰਜਾਬ ਵਿੱਚ ਵਿੱਤ 'ਤੇ ਵਧਦਾ ਦਬਾਅ ਰੋਜ਼ਾਨਾ ਦੀਆਂ ਅਦਾਇਗੀਆਂ ਲਈ ਥੋੜ੍ਹੇ ਸਮੇਂ ਦੇ ਕਰਜ਼ਿਆਂ 'ਤੇ ਨਿਰਭਰਤਾ ਤੋਂ ਸਪੱਸ਼ਟ ਹੋ ਜਾਂਦਾ ਹੈ। 2023-24 'ਚ ਸੂਬੇ ਨੇ ਭਾਰਤੀ ਰਿਜ਼ਰਵ ਬੈਂਕ ਦੀਆਂ ਥੋੜ੍ਹੇ ਸਮੇਂ ਲਈ ਕਰਜ਼ਾ ਦੇਣ ਵਾਲੀਆਂ ਸਹੂਲਤਾਂ ਦੀ ਵਰਤੋਂ 323 ਦਿਨ ਕੀਤੀ, ਜਦਕਿ 2012-13 ਤੋਂ ਸਾਲਾਨਾ ਔਸਤ 241 ਦਿਨ ਰਹੀ ਸੀ। ਇਹ ਕਰਜ਼ੇ ਉਸ ਵੇਲੇ ਅਸਥਾਈ ਘਾਟੇ ਨੂੰ ਪੂਰਾ ਕਰਦੇ ਹਨ, ਜਦੋਂ ਆਮਦਨ ਆਉਣ ਤੋਂ ਪਹਿਲਾਂ ਅਦਾਇਗੀਆਂ ਕਰਨੀਆਂ ਪੈਂਦੀਆਂ ਹਨ। ਅਜਿਹੇ ਕਰਜ਼ੇ ਲੈਣ ਦਾ ਮਤਲਬ ਦਿਵਾਲੀਆਪਣ ਨਹੀਂ ਹੈ, ਪਰ ਇਨ੍ਹਾਂ ਦੀ ਵਾਰ-ਵਾਰ ਵਰਤੋਂ ਦਰਸਾਉਂਦੀ ਹੈ ਕਿ ਉਪਲਬਧ ਪੈਸੇ ਨਾਲ ਅਦਾਇਗੀਆਂ ਕਰਨਾ ਲਗਾਤਾਰ ਮੁਸ਼ਕਲ ਹੋ ਰਿਹਾ ਹੈ। ਪੰਜਾਬ 'ਤੇ ਕਰਜ਼ੇ ਦਾ ਬੋਝ 4 ਲੱਖ ਕਰੋੜ ਰੁਪਏ ਤੋਂ ਵੱਧ ਹੈ ਅਤੇ 2026-27 ਦੇ ਬਜਟ 'ਚ ਸਿਰਫ਼ ਵਿਆਜ ਦੀ ਅਦਾਇਗੀ ਲਈ ਹੀ 28,755 ਕਰੋੜ ਰੁਪਏ ਰੱਖੇ ਗਏ ਹਨ। ਪਿਛਲੇ ਕਰਜ਼ਿਆਂ ਦੀ ਅਦਾਇਗੀ ਤੋਂ ਬਾਅਦ ਸਿੱਖਿਆ, ਸਿਹਤ ਤੇ ਹੋਰ ਜਨਤਕ ਸੇਵਾਵਾਂ ਲਈ ਬਜਟ ਬਹੁਤ ਘੱਟ ਬਚਦਾ ਹੈ। ਕਰਜ਼ੇ ਕਾਰਨ ਵਿੱਤੀ ਸ

ਕੀ ਦਵਾਈਆਂ ਸਾਰੀਆਂ ਬਿਮਾਰੀਆਂ ਦਾ ਹੱਲ ਹਨ ?

ਡਾ. ਅਮਨਦੀਪ ਸਿੰਘ ਟੱਲੇਵਾਲੀਆ



ਅੱਜ ਦਾ ਮਨੁੱਖ ਭੱਜ-ਦੌੜ ਦੀ ਜ਼ਿੰਦਗੀ ਜਿਊਂ ਰਿਹਾ ਹੈ। ਉਸ ਕੋਲ ਕਿਸੇ ਦਾ ਦੁੱਖ-ਸੁੱਖ ਪੁੱਛਣ ਦੀ ਵਿਹਲ ਤਾਂ ਦੂਰ, ਆਪਣੇ ਦੁੱਖਾਂ-ਤਕਲੀਫ਼ਾਂ ਦਾ ਹੱਲ ਲੱਭਣ ਲਈ ਵੀ ਸਮਾਂ ਨਹੀਂ ਰਿਹਾ। ਇਹੋ ਕਾਰਨ ਹੈ ਕਿ ਪ੍ਰੇਸ਼ਾਨੀਆਂ ਦਿਨੋ-ਦਿਨ ਵਧਦੀਆਂ ਜਾ ਰਹੀਆਂ ਹਨ। ਇਨ੍ਹਾਂ ਪ੍ਰੇਸ਼ਾਨੀਆਂ 'ਚੋਂ ਹੀ ਬਿਮਾਰੀਆਂ ਦਾ ਜਨਮ ਹੋ ਰਿਹਾ ਹੈ। ਇਸੇ ਲਈ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਮਾਰਕੀਟ ਵਿੱਚ ਧੜਾਧੜ ਆਪਣੇ ਪੈਰ ਪਸਾਰ ਰਹੀਆਂ ਹਨ। ਕਿਸੇ ਡਾਕਟਰ ਕੋਲ ਜਾ ਕੇ ਦੇਖ ਲਓ, ਭੀੜ ਲੱਗੀ ਹੁੰਦੀ ਹੈ। ਮਰੀਜ਼ ਦਾ ਨੰਬਰ ਨਹੀਂ ਆਉਂਦਾ।

ਇਸ ਦਾ ਕੀ ਕਾਰਨ ਹੈ ਕਿ ਸਾਡੇ ਲੋਕ ਅੰਨ੍ਹੇਵਾਹ ਦਵਾਈਆਂ ਦੀ ਵਰਤੋਂ ਕਰਨ ਲੱਗੇ ਹਨ ? ਕਈ ਤਾਂ ਜੰਮਣ ਤੋਂ ਮਰਨ ਤੱਕ ਦਵਾਈਆਂ ਆਸਰੇ ਹੀ ਰਹਿੰਦੇ ਹਨ। ਕਈਆਂ ਨੇ ਤਾਂ ਕੋਈ ਡਾਕਟਰ, ਵੈਦ, ਨੀਮ-ਹਕੀਮ ਵੀ ਨਹੀਂ ਛੱਡਿਆ ਹੁੰਦਾ, ਜਿਸ ਤੋਂ ਆਪਣਾ ਇਲਾਜ ਨਾ ਕਰਵਾਇਆ ਹੋਵੇ ਪਰ ਫਿਰ ਵੀ ਉਹ ਰੋਗੀ ਹੀ ਰਹਿੰਦੇ ਹਨ। ਇਸ ਦਾ ਕਾਰਨ ਸਪੱਸ਼ਟ ਹੈ ਕਿ ਲੋਕ ਦਵਾਈਆਂ ਖਾਣ ਵਿੱਚ ਜ਼ਿਆਦਾ ਵਿਸ਼ਵਾਸ ਰੱਖਦੇ ਹਨ ਪਰ ਉਨ੍ਹਾਂ ਕਾਰਨਾਂ ਨੂੰ ਨਹੀਂ ਸਮਝਦੇ, ਜਿਸ ਦੀ ਵਜ੍ਹਾ ਕਰਕੇ ਇਹ ਰੋਗ ਪੈਦਾ ਹੋ ਰਹੇ ਹਨ। ਉਦਾਹਰਣ ਵਜੋਂ, ਜਿਗਰ ਦੀ ਖ਼ਰਾਬੀ ਵਾਲਾ ਰੋਗੀ ਵੀ ਸ਼ਰਾਬ, ਕੌਫੀ, ਚਾਹ ਆਦਿ ਦੀ ਵਰਤੋਂ ਵਧੇਰੇ ਕਰਦਾ ਹੈ। ਡਾਕਟਰਾਂ ਦੇ ਵਾਰ-ਵਾਰ ਕਹਿਣ 'ਤੇ ਵੀ ਉਹ ਪ੍ਰਹੇਜ਼ ਨਹੀਂ ਕਰਦਾ। ਅਜਿਹੇ ਬੰਦੇ ਨੂੰ ਦਵਾਈ ਕੀ ਕਰੇਗੀ ? ਮਤਲਬ ਕਿ ਇਲਾਜ ਨਾਲੋਂ ਪ੍ਰਹੇਜ਼ ਜ਼ਰੂਰੀ ਹੈ। ਕਈ ਲੋਕ ਇਹ ਗੱਲ ਵੀ ਕਹਿੰਦੇ ਹਨ ਕਿ ਜੇਕਰ ਪ੍ਰਹੇਜ਼ ਹੀ ਕਰ ਲਿਆ ਤਾਂ ਦਵਾਈ ਦੀ ਕੀ ਲੋੜ ਹੈ ? ਇਹ ਸੋਚਣਾ ਵੀ ਗ਼ਲਤ ਹੈ ਕਿਉਂਕਿ ਦਵਾਈਆਂ ਸਾਨੂੰ ਇੱਕ ਵਾਰ ਉਸ ਦੌਰ ਵਿੱਚੋਂ ਕੱਢ ਦਿੰਦੀਆਂ ਹਨ, ਜਿੱਥੇ ਜ਼ਿੰਦਗੀ ਨੂੰ ਖ਼ਤਰਾ ਹੁੰਦਾ ਹੈ ਪਰ ਉਹ ਦੌਰ ਮੁੜ-ਮੁੜ ਨਾ ਆਵੇ, ਇਸ ਲਈ ਪ੍ਰਹੇਜ਼ ਜ਼ਰੂਰੀ ਹੈ।

ਦੂਸਰਾ, ਅੱਜ ਕੱਲ੍ਹ ਬਹੁਤੇ ਲੋਕ ਮਾਨਸਿਕ ਬਿਮਾਰੀਆਂ ਤੋਂ ਪੀੜਤ ਹਨ। ਉਹ ਦਵਾਈਆਂ ਦੀ ਵਰਤੋਂ ਨਸ਼ੇ ਵਾਂਗ ਕਰਦੇ ਹਨ। ਜਿੰਨਾ ਚਿਰ ਦਵਾਈ ਦਾ ਅਸਰ ਰਿਹਾ, ਚਿੱਤ ਠੀਕ, ਨਹੀਂ ਤਾਂ ਮੁੜ ਉਹੀ ਕਹਾਣੀ ਸ਼ੁਰੂ ਹੋ ਜਾਂਦੀ ਹੈ। ਅਜਿਹੇ ਰੋਗੀ ਹਰ ਡਾਕਟਰ ਨੂੰ ਆਪਣਾ ਦੁੱਖ ਰੋ-ਰੋ ਸੁਣਾਉਂਦੇ ਹਨ ਪਰ ਆਪਣੇ ਸੁਭਾਅ ਵਿੱਚ ਤਬਦੀਲੀ ਨਹੀਂ ਲਿਆਉਂਦੇ। ਉਹ ਸਿਰਫ਼ ਦਵਾਈ 'ਤੇ ਨਿਰਭਰ ਕਰਨ ਵਾਲੀ ਕੋਈ ਦਵਾਈ ਨਹੀਂ ਹੁੰਦੀ। ਬੱਸ ਸਿਰਫ਼ ਨਜ਼ਰੀਆ ਬਦਲਣਾ ਪੈਂਦਾ ਹੈ। ਨਾਲੇ ਸਿਆਣੇ ਕਹਿੰਦੇ ਹਨ ਕਿ ਨਜ਼ਰੀਆ ਬਦਲੋ, ਨਜ਼ਾਰੇ ਬਦਲ ਜਾਣਗੇ।

ਇਹ ਤਾਂ ਸਾਡੀ ਆਪਣੀ ਸੋਚ ਹੈ ਕਿ ਅਸੀਂ ਜ਼ਿੰਦਗੀ ਨੂੰ ਕਿਸ ਢੰਗ ਨਾਲ ਜਿਊਣਾ ਹੈ। ਦੁੱਖ-ਸੁੱਖ ਤਾਂ ਮਨੁੱਖੀ ਜ਼ਿੰਦਗੀ ਦੇ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਫ਼ਰਕ ਤਾਂ ਸਿਰਫ਼ ਇਹ ਹੈ ਕਿ ਕਈ ਇਨਸਾਨ ਥੋੜ੍ਹਾ ਜਿਹਾ ਦੁੱਖ ਦੇਖ ਕੇ ਹੀ ਹਥਿਆਰ ਸੁੱਟ ਦਿੰਦੇ ਹਨ। ਕਈ ਲੱਖਾਂ ਮਾਰਾਂ ਝੱਲਣ ਦੇ ਬਾਵਜੂਦ ਵੀ ਅਡੋਲ ਰਹਿੰਦੇ ਹਨ। ਇਸ ਤਰ੍ਹਾਂ ਹਰ ਬਿਮਾਰੀ ਦਾ ਹੱਲ ਦਵਾਈ ਨਹੀਂ ਹੁੰਦੀ। ਕਈ ਲੋਕਾਂ ਨੂੰ ਸਿਰਫ਼ ਮਾਨਸਿਕ ਸਹਾਰੇ ਦੀ ਲੋੜ ਹੁੰਦੀ ਹੈ। ਕਈ ਆਪਣੀਆਂ ਆਰਥਿਕ ਲੋੜਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੁੰਦੇ ਹਨ। ਉਹ ਅੰਦਰੋ-ਅੰਦਰ ਮਾਨਸਿਕ ਪ੍ਰੇਸ਼ਾਨੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਹੌਲੀ-ਹੌਲੀ ਉਹ ਨਸ਼ੇ ਵਾਲੀਆਂ ਦਵਾਈਆਂ ਦਾ ਸਹਾਰਾ ਲੈਣ ਲੱਗਦੇ ਹਨ ਪਰ ਜੇਕਰ ਉਹ ਇਨਸਾਨ ਮਿਹਨਤ ਨਾਲ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰੇ ਜਾਂ ਉਨ੍ਹਾਂ ਕਾਰਨਾਂ ਦੀ ਘੋਖ ਕਰੇ, ਜਿਸ ਕਰਕੇ ਉਸ ਦੀ ਸਥਿਤੀ ਨਿੱਘਰ ਰਹੀ ਹੈ, ਫਿਰ ਉਹ ਆਪਣੀ ਬਿਮਾਰੀ 'ਤੇ ਖ਼ੁਦ ਕਾਬੂ ਪਾ ਸਕਦਾ ਹੈ, ਨਾ ਕਿ ਨਸ਼ੇ ਦੀਆਂ ਗੋਲੀਆਂ ਖਾ ਕੇ ਘੂਕ ਸੌਂ ਜਾਣ ਨਾਲ ਟੈਨਸ਼ਨ ਦੂਰ ਹੁੰਦੀ ਹੈ। ਥੋੜ੍ਹਾ ਜਿਹਾ ਮਨ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਇਰਾਦੇ ਪੱਕੇ ਰੱਖੋ, ਬਿਮਾਰੀਆਂ ਨੂੰ ਦੇਖ ਕੇ ਘਬਰਾਉਣਾ ਨਹੀਂ ਚਾਹੀਦਾ। ਬਿਮਾਰੀ ਤਾਂ ਚੋਰ ਹੁੰਦੀ ਹੈ। ਜੇਕਰ ਅਸੀਂ ਚੋਰ ਨੂੰ ਦੇਖ ਕੇ ਘਬਰਾ ਗਏ ਤਾਂ ਉਹ ਸਾਡੇ 'ਤੇ ਹਾਵੀ ਹੋ ਜਾਵੇਗਾ। ਜੇਕਰ ਅਸੀਂ ਤਕੜੇ ਹਾਂ ਤਾਂ ਚੋਰ ਰੂਪੀ ਬਿਮਾਰੀ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿਆਂਗੇ।ਬਹੁਤ ਸਾਰੇ ਮਰੀਜ਼ ਉਹ ਹਨ, ਜਿਨ੍ਹਾਂ ਨੂੰ ਕੋਈ ਬਿਮਾਰੀ ਨਹੀਂ। ਸਿਰਫ਼ ਜ਼ਰੂਰੀ ਤੱਤਾਂ ਦੀ ਘਾਟ ਹੈ, ਜਿਵੇਂ ਵਿਟਾਮਿਨ, ਮਿਨਰਲ ਵਗੈਰਾ। ਅਜਿਹੇ ਲੋਕ ਕੁਦਰਤੀ ਸਰੋਤਾਂ ਤੋਂ ਪ੍ਰਾਪਤ ਹੋਣ ਵਾਲੇ ਜ਼ਰੂਰੀ ਤੱਤਾਂ ਨੂੰ ਛੱਡ ਕੇ ਬਾਜ਼ਾਰੂ ਦਵਾਈਆਂ ਵਿੱਚ ਜ਼ਿਆਦਾ ਵਿਸ਼ਵਾਸ ਰੱਖਦੇ ਹਨ ਕਿਉਂਕਿ ਸਾਡੇ ਲੋਕ ਐਨੇ ਆਲਸੀ ਹੋ ਗਏ ਕਿ ਆਪਣੀ ਸਿਹਤ ਦਾ ਖ਼ਿਆਲ ਵੀ ਨਹੀਂ ਰੱਖ ਸਕਦੇ। ਸਿਰਫ਼ ਪੱਕੀਆਂ ਪਕਾਈਆਂ ਭਾਲਦੇ ਨੇ। ਸਰੀਰ ਨੂੰ ਕਸ਼ਟ ਦੇਣਾ ਜ਼ਿੰਦਗੀ 'ਚੋਂ ਮਨਫ਼ੀ ਹੁੰਦਾ ਜਾ ਰਿਹਾ ਹੈ। ਮਤਲਬ ਇਹ ਕਿ ਜੋ ਚੀਜ਼ਾਂ ਸਾਡੇ ਲਈ ਕੁਦਰਤੀ ਰੂਪ ਵਿੱਚ ਮੌਜੂਦ ਹਨ, ਉਹ ਵੀ ਅਸੀਂ ਦਵਾਈਆਂ ਵਿੱਚੋਂ ਭਾਲਦੇ ਹਾਂ। ਤਾਜ਼ੀ ਹਵਾ ਵਿੱਚ ਸਾਹ ਲੈਣਾ ਅਤੇ ਚੜ੍ਹਦੀ ਧੁੱਪ ਦਾ ਆਨੰਦ ਲੈਣਾ ਜ਼ਿੰਦਗੀ ਵਿੱਚੋਂ ਮਨਫ਼ੀ ਹੋ ਰਹੇ ਹਾਂ।

ਬਹੁਤ ਸਾਰੀਆਂ ਬਿਮਾਰੀਆਂ ਅਜਿਹੀਆਂ ਹਨ, ਜੋ ਰੁੱਤਾਂ ਦੇ ਬਦਲਣ ਨਾਲ ਹੁੰਦੀਆਂ ਹਨ। ਅਜਿਹੀਆਂ ਬਿਮਾਰੀਆਂ ਮੌਸਮ ਦੇ ਤਬਦੀਲ ਹੋਣ ਨਾਲ ਆਪਣੇ ਆਪ ਚਲੀਆਂ ਜਾਂਦੀਆਂ ਹਨ। ਉਦਾਹਰਣ ਵਜੋਂ ਜਦੋਂ ਮੌਸਮ ਬਦਲਦਾ ਹੈ ਤਾਂ ਉਬਾਸੀਆਂ ਆਉਣੀਆਂ, ਤੋੜ ਲੱਗਣੀ, ਸੁਸਤੀ ਪੈਣੀ, ਉਦਾਸੀ ਰਹਿਣੀ ਜਾਂ ਸਰੀਰਕ ਥਕਾਵਟ ਦਾ ਰਹਿਣਾ ਆਮ ਗੱਲ ਹੈ। ਅਜਿਹੀ ਸਥਿਤੀ ਵਿੱਚ ਦਵਾਈਆਂ ਦੀ ਕੋਈ ਲੋੜ ਨਹੀਂ ਹੁੰਦੀ।

ਜਿੰਨੇ ਰੋਗ ਦਵਾਈਆਂ ਦੀ ਦੁਰਵਰਤੋਂ ਕਰਨ ਨਾਲ ਵਧਦੇ ਹਨ, ਓਨਾ ਮਨੁੱਖ ਰੋਗੀ ਨਹੀਂ ਹੁੰਦਾ। ਕਿਸੇ ਵੀ ਤਰ੍ਹਾਂ ਦੀ ਦਵਾਈ ਖਾਣ ਤੋਂ ਪਹਿਲਾਂ ਸੋਚੋ ਕਿ ਜਿਹੜੀ ਦਵਾਈ ਅਸੀਂ ਖਾ ਰਹੇ ਹਾਂ, ਇਹ ਸਾਡੀ ਜ਼ਿੰਦਗੀ ਵਿੱਚ ਤਕਲੀਫ਼ਾਂ ਦਾ ਵਾਧਾ ਤਾਂ ਨਹੀਂ ਕਰੇਗੀ। ਥੋੜ੍ਹਾ ਜਿਹਾ ਸਿਰ ਦੁਖਣ 'ਤੇ ਝੱਟ ਗੋਲੀ ਖਾ ਲੈਣੀ ਜਾਂ ਥੋੜ੍ਹਾ ਜਿਹਾ ਤੇਜ਼ਾਬ ਬਣਨ 'ਤੇ ਝੱਟ ਈਨੋ ਘੋਲ ਕੇ ਪੀ ਲੈਣੀ ਮਸਲੇ ਦਾ ਹੱਲ ਨਹੀਂ। ਦਰਅਸਲ, ਥੋੜ੍ਹੇ-ਮੋਟੇ ਦਰਦ ਕਾਰਨ ਕਿਸੇ ਦਰਦ-ਨਿਵਾਰਕ ਦਵਾਈ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਸਗੋਂ ਕੁਦਰਤੀ ਤਰੀਕੇ ਵਰਤ ਕੇ ਵੀ ਅਜਿਹੀਆਂ ਸਥਿਤੀਆਂ ਨਾਲ ਨਜਿੱਠਿਆ ਜਾ ਸਕਦਾ ਹੈ।

ਤੰਦਰੁਸਤ ਰਹਿਣ ਲਈ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਨਾ ਕਰੋ ਸਗੋਂ ਉਨ੍ਹਾਂ ਕਾਰਨਾਂ ਨੂੰ ਜਾਣੋ, ਜਿਸ ਕਰਕੇ ਤੁਹਾਡੀਆਂ ਤਕਲੀਫ਼ਾਂ ਵਿੱਚ ਵਾਧਾ ਹੋ ਰਿਹਾ ਹੈ। ਇਨ੍ਹਾਂ ਬਿਮਾਰੀਆਂ ਨੂੰ ਆਪਣੀ ਜ਼ਿੰਦਗੀ ਦੇ ਖਾਣ-ਪੀਣ ਤੇ ਕੰਮ ਕਰਨ ਦੇ ਤੌਰ-ਤਰੀਕਿਆਂ ਨੂੰ ਬਦਲ ਕੇ ਵੀ ਦੂਰ ਕੀਤਾ ਜਾ ਸਕਦਾ ਹੈ।

ਦੇਸ਼ ਭਰ 'ਚੋਂ ਸਭ ਤੋਂ ਮਹਿੰਗਾ ਹੋਇਆ ਪੰਜਾਬ ਵਿੱਚ ਇਲਾਜ

ਕਮਲਜੀਤ ਸਿੰਘ



ਮਨੁੱਖ ਮੁੱਢ-ਕਦੀਮ ਤੋਂ ਹੀ ਆਪਣੀ ਸਿਹਤ ਪ੍ਰਤੀ ਜਾਗਰੂਕ ਰਿਹਾ ਹੈ। ਤੰਦਰੁਸਤੀ ਸਭ ਤੋਂ ਵੱਡੀ ਨਿਆਮਤ ਹੈ, ਜੋ ਧਨ-ਦੌਲਤ ਤੋਂ ਵੀ ਕੀਮਤੀ ਹੈ। ਸਾਡੇ ਧਰਮ ਗ੍ਰੰਥ ਦੱਸਦੇ ਹਨ ਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਦਾ ਵਾਸਾ ਹੁੰਦਾ ਹੈ। ਸਰਕਾਰਾਂ ਮਨੁੱਖ ਦੀ ਸਿਹਤ ਨੂੰ ਪਹਿਲ 'ਤੇ ਰੱਖਣ ਦੇ ਦਾਅਵੇ ਤੇ ਵਾਅਦੇ ਤਾਂ ਕਰਦੀਆਂ ਹਨ, ਪਰ ਇਹ ਸਭ ਫੋਕੇ ਨਾਅਰੇ ਹੀ ਸਾਬਤ ਹੁੰਦੇ ਹਨ। ਸਰਕਾਰੀ ਹਸਪਤਾਲਾਂ ਦੀ ਹਾਲਤ ਖ਼ੁਦ ਖਸਤਾ ਹੋਣ ਕਾਰਨ ਲੋਕ ਪ੍ਰਾਈਵੇਟ ਹਸਪਤਾਲਾਂ ਤੋਂ ਇਲਾਜ ਕਰਵਾਉਣ ਲਈ ਮਜਬੂਰ ਹੋ ਰਹੇ ਹਨ। ਅੰਕੜਿਆਂ ਅਨੁਸਾਰ, ਸਰਕਾਰੀ ਹਸਪਤਾਲਾਂ ਦੀ ਨਿਸਬਤ ਪ੍ਰਾਈਵੇਟ ਹਸਪਤਾਲਾਂ ਵਿਚ ਢਾਈ ਗੁਣਾ ਵੱਧ ਮਰੀਜ਼ ਇਲਾਜ ਕਰਵਾਉਂਦੇ ਹਨ, ਹਾਲਾਂਕਿ ਸਰਕਾਰੀ ਹਸਪਤਾਲ ਆਈ.ਪੀ.ਡੀ. ਪੱਖੋਂ ਪ੍ਰਾਈਵੇਟ ਹਸਪਤਾਲਾਂ ਨਾਲੋਂ ਅੱਗੇ ਹਨ। ਨੈਸ਼ਨਲ ਸਟੈਟਿਸਟਿਕਸ ਆਫ਼ਿਸ ਵੱਲੋਂ ਸਰਵੇ ਆਨ ਹਾਊਸਹੋਲਡ ਸੋਸ਼ਲ ਕੰਜ਼ੰਪਸ਼ਨ: ਹੈਲਥ ਨਾਂ ਹੇਠ ਦਸੰਬਰ 2025 ਨੂੰ ਕਰਵਾਏ ਇੱਕ ਸਰਵੇ ਅਨੁਸਾਰ, ਦੇਸ਼ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ ਵਿਚ ਇਲਾਜ ਸਭ ਤੋਂ ਮਹਿੰਗਾ ਹੈ। ਜਦਕਿ ਪੰਜਾਬ ਵਿਚ ਜਣੇਪੇ ਦਾ ਖ਼ਰਚਾ ਦੂਜੇ ਸੂਬਿਆਂ ਦੇ ਮੁਕਾਬਲੇ 50 ਫ਼ੀਸਦੀ ਵੱਧ ਹੈ। ਰਿਪੋਰਟ ਮੁਤਾਬਿਕ, ਪੰਜਾਬ 'ਚ ਬੱਚੇ ਦੇ ਜਨਮ ਵੇਲੇ ਹਸਪਤਾਲ ਦਾ ਔਸਤ ਖ਼ਰਚਾ 35,703 ਰੁਪਏ ਹੈ, ਜੋ ਹਰਿਆਣਾ ਵਿਚ 33,713 ਰੁਪਏ ਤੇ ਹਿਮਾਚਲ ਪ੍ਰਦੇਸ਼ 'ਚ ਸਿਰਫ਼ 18,814 ਰੁਪਏ ਹੈ।

ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਦਾ ਖ਼ਰਚਾ ਕੌਮੀ ਔਸਤ ਨਾਲੋਂ ਲਗਭਗ ਦੁੱਗਣਾ ਹੈ।ਪੰਜਾਬ ਦੇ ਲੋਕ ਡਾਕਟਰ ਨੂੰ ਇੱਕ ਵਾਰ ਦੀ ਫ਼ੀਸ ਔਸਤਨ 1,158 ਰੁਪਏ ਦਿੰਦੇ ਹਨ, ਜੋ ਹਿਮਾਚਲ ਪ੍ਰਦੇਸ਼ 'ਚ 1,146 ਰੁਪਏ, ਹਰਿਆਣਾ 'ਚ 1,064 ਰੁਪਏ ਤੇ ਕੌਮੀ ਪੱਧਰ 'ਤੇ 884 ਰੁਪਏ ਪ੍ਰਤੀ ਵਿਜ਼ਿਟ ਹੈ। ਪੰਜਾਬ ਦੇ ਸ਼ਹਿਰੀ ਖੇਤਰ ਤੋਂ ਇਲਾਵਾ ਪੇਂਡੂ ਖੇਤਰ ਵਿੱਚ ਵੀ ਇਲਾਜ ਦੇਸ਼ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਦੁੱਗਣਾ ਮਹਿੰਗਾ ਹੈ। ਦੇਸ਼ ਵਿੱਚ ਮਰੀਜ਼ ਦੇ ਇਲਾਜ 'ਤੇ ਔਸਤਨ 6,905 ਰੁਪਏ ਖ਼ਰਚ ਆਉਂਦੇ ਹਨ, ਜਦਕਿ ਪੰਜਾਬ 'ਚ ਇਹ ਖ਼ਰਚ 15,464 ਰੁਪਏ ਹੈ।

ਪੰਜਾਬ ਸਰਕਾਰ ਵੱਲੋਂ ਇੱਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਗਈ ਹੈ, ਪਰ ਬਹੁਤੇ ਹਸਪਤਾਲ ਲੋਕਾਂ ਦਾ ਇਲਾਜ ਕਰਨ ਲਈ ਤਿਆਰ ਨਹੀਂ ਹਨ। ਪੰਜਾਬ ਵਿੱਚ 23 ਜ਼ਿਲ੍ਹਾ ਹਸਪਤਾਲ ਹਨ, ਪਰ ਇਨ੍ਹਾਂ 'ਚੋਂ ਕੋਈ ਵੀ 500 ਬੈੱਡਾਂ ਦੀ ਸ਼ਰਤ ਪੂਰੀ ਨਹੀਂ ਕਰਦਾ। ਪੰਜਾਬ ਦੀ ਆਬਾਦੀ ਦੇ ਹਿਸਾਬ ਨਾਲ 1,150 ਮੁੱਢਲੇ ਸਿਹਤ ਕੇਂਦਰ ਹੋਣੇ ਚਾਹੀਦੇ ਹਨ, ਜਦਕਿ ਸੂਬੇ 'ਚ ਇਨ੍ਹਾਂ ਦੀ ਗਿਣਤੀ 400 ਤੋਂ ਵੀ ਘੱਟ ਹੈ। ਸਰਕਾਰੀ ਹਸਪਤਾਲਾਂ ਵਿੱਚ ਮਾਹਿਰਾਂ ਦੀਆਂ 1,873 ਅਸਾਮੀਆਂ 'ਚੋਂ 400 ਤੋਂ ਵੀ ਵੱਧ ਖਾਲੀ ਹਨ। ਇਸੇ ਤਰ੍ਹਾਂ 3,350 ਮੈਡੀਕਲ ਅਫ਼ਸਰਾਂ ਦੀ ਲੋੜ ਹੈ, ਜਦਕਿ 2,200 ਨਾਲ ਕੰਮ ਚਲਾਇਆ ਜਾ ਰਿਹਾ ਹੈ। ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਨਾ ਤਾਂ ਗੁਰਦਿਆਂ ਦੇ ਮਾਹਿਰ ਹਨ ਤੇ ਨਾ ਹੀ ਦਿਲ ਦੇ ਸਰਜਨ। ਮਰੀਜ਼ਾਂ ਦਾ ਅਪਰੇਸ਼ਨ ਕਰਨ ਤੋਂ ਪਹਿਲਾਂ ਬੇਹੋਸ਼ ਕਰਨ ਵਾਲੇ ਮਾਹਿਰਾਂ ਦੀਆਂ ਵੀ 80 ਫ਼ੀਸਦੀ ਅਸਾਮੀਆਂ ਖਾਲੀ ਪਈਆਂ ਹਨ।

ਪੰਜਾਬ ਦੇ ਸ਼ਹਿਰੀ ਖੇਤਰ ਦੇ ਲੋਕਾਂ ਦਾ ਸਰਕਾਰੀ ਹਸਪਤਾਲ ਵਿੱਚ ਇਲਾਜ ਲਈ ਇੱਕ ਵਾਰ ਜਾਣ ਦਾ ਖ਼ਰਚਾ 4,837 ਰੁਪਏ ਤੇ ਪੇਂਡੂ ਖੇਤਰ 'ਚ 4,404 ਰੁਪਏ ਹੈ, ਜਦਕਿ ਦੂਜੇ ਸੂਬਿਆਂ ਵਿੱਚ ਇਹ ਔਸਤ 2,747 ਰੁਪਏ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਸੂਬੇ ਦੇ ਪੇਂਡੂ ਖੇਤਰਾਂ ਦੇ 53.7 ਫ਼ੀਸਦੀ ਮਰੀਜ਼ ਪ੍ਰਾਈਵੇਟ ਡਾਕਟਰਾਂ ਨੂੰ ਪਹਿਲ ਦਿੰਦੇ ਹਨ, ਜਦਕਿ ਸਿਰਫ਼ 15.8 ਫ਼ੀਸਦੀ ਹੀ ਸਰਕਾਰੀ ਸਹੂਲਤ ਲੈਂਦੇ ਹਨ। ਇਸ ਦੇ ਉਲਟ ਸ਼ਹਿਰੀ ਖੇਤਰ ਦੇ 47.7 ਫ਼ੀਸਦੀ ਲੋਕ ਪ੍ਰਾਈਵੇਟ ਡਾਕਟਰਾਂ ਕੋਲੋਂ ਇਲਾਜ ਕਰਵਾਉਂਦੇ ਹਨ ਤੇ 37.9 ਫ਼ੀਸਦੀ ਸਰਕਾਰੀ ਹਸਪਤਾਲਾਂ 'ਤੇ ਭਰੋਸਾ ਰੱਖਦੇ ਹਨ। ਪੰਜਾਬ ਦੀ 14.4 ਫ਼ੀਸਦੀ ਆਬਾਦੀ ਮਹੀਨੇ ਵਿਚ ਦੋ ਵਾਰ ਡਾਕਟਰਾਂ ਕੋਲ ਇਲਾਜ ਲਈ ਜਾਂਦੀ ਹੈ, ਜਦਕਿ ਕੌਮੀ ਔਸਤ 13.1 ਫ਼ੀਸਦੀ ਹੈ। ਪੰਜਾਬ ਦੇ 1,000 ਬਜ਼ੁਰਗਾਂ 'ਚੋਂ 35 ਜਣੇ ਸਾਲ ਵਿੱਚ ਹਸਪਤਾਲ ਦਾ ਇੱਕ ਵਾਰ ਗੇੜਾ ਲਾਉਂਦੇ ਹਨ। ਹਰਿਆਣਾ ਵਿੱਚ ਇਹ ਗਿਣਤੀ 28 ਤੇ ਕੌਮੀ ਪੱਧਰ 'ਤੇ 29 ਹੈ।ਪੰਜਾਬ ਵਿੱਚ ਇੱਕ ਵਾਰ ਹਸਪਤਾਲ ਇਲਾਜ ਲਈ ਜਾਣ ਦਾ ਖ਼ਰਚਾ 33,717 ਰੁਪਏ ਹੈ, ਜਦਕਿ ਹਰਿਆਣਾ ਵਿੱਚ ਇਹ ਸਿਰਫ਼ 18,814 ਰੁਪਏ ਹੈ।ਪੰਜਾਬ ਸਰਕਾਰ ਵੱਲੋਂ ਇਸ ਵਾਰ ਸਿਹਤ ਲਈ 6,879 ਕਰੋੜ ਰੁਪਏ ਰੱਖੇ ਗਏ ਹਨ, ਜੋ ਪਿਛਲੇ ਸਾਲ ਦੇ ਸਿਹਤ ਬਜਟ ਨਾਲੋਂ 10 ਫ਼ੀਸਦੀ ਵੱਧ ਹੈ। ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਹਰ ਸਾਲ 59 ਲੱਖ ਮਰੀਜ਼ ਇਲਾਜ ਲਈ ਜਾਂਦੇ ਹਨ, ਜਦਕਿ 881 ਆਮ ਆਦਮੀ ਕਲੀਨਿਕਾਂ ਵਿੱਚ ਸਵਾ 4 ਕਰੋੜ ਮਰੀਜ਼ ਇਲਾਜ ਕਰਵਾਉਣ ਗਏ ਹਨ।

ਬਿਨਾਂ ਸ਼ੱਕ ਸਰਕਾਰੀ ਸਿਹਤ ਸੇਵਾਵਾਂ 'ਚ ਕੁਝ ਸੁਧਾਰ ਹੋਇਆ ਹੈ, ਪਰ ਅਜੇ ਹੋਰ ਸੁਧਾਰ ਦੀ ਲੋੜ ਹੈ। ਸਰਕਾਰੀ ਹਸਪਤਾਲਾਂ 'ਚ ਡਾਕਟਰਾਂ ਤੇ ਹੋਰ ਮੁੱਢਲੀਆਂ ਸਿਹਤ ਸਹੂਲਤਾਂ ਦੀ ਘਾਟ ਕਾਰਨ ਆਮ ਲੋਕਾਂ ਦਾ ਇਨ੍ਹਾਂ 'ਚ ਭਰੋਸਾ ਨਹੀਂ ਬਣ ਰਿਹਾ, ਜਿਸ ਕਰਕੇ ਮਰੀਜ਼ ਮਹਿੰਗੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਲਈ ਮਜਬੂਰ ਹਨ। ਪ੍ਰਾਈਵੇਟ ਹਸਪਤਾਲਾਂ ਦੀ ਓ.ਪੀ.ਡੀ. ਸਰਕਾਰੀ ਹਸਪਤਾਲਾਂ ਨਾਲੋਂ ਕਈ ਗੁਣਾ ਵੱਧ ਹੈ, ਜਦਕਿ ਆਈ.ਪੀ.ਡੀ. ਵਿੱਚ ਸਰਕਾਰੀ ਹਸਪਤਾਲ ਅੱਗੇ ਹਨ। ਅੱਜ ਸਿਹਤ ਤੇ ਸਿੱਖਿਆ ਖੇਤਰ ਨੂੰ ਪਹਿਲ ਦੇ ਆਧਾਰ 'ਤੇ ਲੈਣ ਦੀ ਲੋੜ ਹੈ। ਪੰਜਾਬ 'ਚ ਸਰਕਾਰ ਕਿਸੇ ਵੀ ਪਾਰਟੀ ਦੀ ਰਹੀ ਹੋਵੇ, ਪਰ ਪੰਜਾਬੀਆਂ ਦੀ ਸਿ

ਚੋਣਾਂ ਅਤੇ ਮਤਦਾਨ ਲੋਕਤੰਤਰ ਦੀ ਮਜ਼ਬੂਤੀ ਦਾ ਆਧਾਰ



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ

ਲੋਕਤੰਤਰ ਸਿਰਫ਼ ਸਰਕਾਰ ਚਲਾਉਣ ਦੀ ਇੱਕ ਪ੍ਰਣਾਲੀ ਨਹੀਂ ਸਗੋਂ ਲੋਕਾਂ ਅਤੇ ਉਨ੍ਹਾਂ ਵੱਲੋਂ ਚੁਣੇ ਗਏ ਨੁਮਾਇੰਦਿਆਂ ਵਿਚਕਾਰ ਸਾਂਝੀ ਜ਼ਿੰਮੇਵਾਰੀ ਦਾ ਇੱਕ ਮਹੱਤਵਪੂਰਨ ਸਮਝੌਤਾ ਹੈ। ਲੋਕਤੰਤਰ ਦੀ ਅਸਲ ਤਾਕਤ ਇਸ ਗੱਲ ਵਿੱਚ ਸਮਾਈ ਹੋਈ ਹੈ ਕਿ ਦੇਸ਼ ਦੇ ਨਾਗਰਿਕਾਂ ਨੂੰ ਆਪਣੇ ਨੁਮਾਇੰਦੇ ਚੁਣਨ ਅਤੇ ਦੇਸ਼ ਦੇ ਭਵਿੱਖ ਦੀ ਦਿਸ਼ਾ ਨਿਰਧਾਰਤ ਕਰਨ ਦਾ ਅਧਿਕਾਰ ਪ੍ਰਾਪਤ ਹੈ। ਇਸ ਲਈ ਚੋਣਾਂ ਅਤੇ ਮਤਦਾਨ ਸਿਰਫ਼ ਸਿਆਸੀ ਸਰਗਰਮੀਆਂ ਨਹੀਂ, ਬਲਕਿ ਲੋਕ-ਭਾਗੀਦਾਰੀ, ਸਮਾਨਤਾ, ਆਜ਼ਾਦੀ ਅਤੇ ਰਾਸ਼ਟਰੀ ਵਿਕਾਸ ਦੇ ਬੁਨਿਆਦੀ ਸਾਧਨ ਹਨ। ਕਿਸੇ ਵੀ ਲੋਕਤੰਤਰੀ ਦੇਸ਼ ਦੀ ਸਫ਼ਲਤਾ ਸਿਰਫ਼ ਉਸ ਦੇ ਸ਼ਾਸਕਾਂ ਦੀ ਯੋਗਤਾ 'ਤੇ ਨਿਰਭਰ ਨਹੀਂ ਕਰਦੀ, ਸਗੋਂ ਇਸ ਗੱਲ 'ਤੇ ਵੀ ਨਿਰਭਰ ਕਰਦੀ ਹੈ ਕਿ ਉਸ ਦੇ ਨਾਗਰਿਕ ਕਿੰਨੇ ਜਾਗਰੂਕ, ਸੂਝਵਾਨ ਅਤੇ ਜ਼ਿੰਮੇਵਾਰ ਹਨ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ। ਇੱਥੇ ਕਾਨੂੰਨੀ ਸ਼ਰਤਾਂ ਪੂਰੀਆਂ ਕਰਨ ਵਾਲੇ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਰ ਯੋਗ ਨਾਗਰਿਕ ਨੂੰ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਹੈ। ਇਹ ਅਧਿਕਾਰ ਸਰਬ-ਵਿਆਪੀ ਬਾਲਗ ਮਤਾਧਿਕਾਰ ਦੇ ਸਿਧਾਂਤ 'ਤੇ ਆਧਾਰਿਤ ਹੈ, ਜਿਸ ਅਨੁਸਾਰ ਹਰ ਨਾਗਰਿਕ ਦੀ ਵੋਟ ਦੀ ਕੀਮਤ ਬਰਾਬਰ ਹੈ। ਕਿਸੇ ਵਿਅਕਤੀ ਦੀ ਦੌਲਤ, ਜਾਤ, ਧਰਮ, ਲਿੰਗ, ਸਿੱਖਿਆ ਜਾਂ ਸਮਾਜਿਕ ਰੁਤਬਾ ਉਸ ਦੀ ਵੋਟ ਦੀ ਮਹੱਤਤਾ ਨੂੰ ਘਟਾ ਜਾਂ ਵਧਾ ਨਹੀਂ ਸਕਦਾ। ਵੋਟਿੰਗ ਕੇਂਦਰ ਵਿੱਚ ਇੱਕ ਗ਼ਰੀਬ ਅਤੇ ਇੱਕ ਅਮੀਰ ਵਿਅਕਤੀ ਦੀ ਵੋਟ ਦਾ ਮੁੱਲ ਇੱਕੋ ਜਿਹਾ ਹੁੰਦਾ ਹੈ। ਇਹ ਸਮਾਨਤਾ ਲੋਕਤੰਤਰੀ ਪ੍ਰਣਾਲੀ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿੱਚੋਂ ਇੱਕ ਹੈ। ਚੋਣਾਂ ਨਾਗਰਿਕਾਂ ਨੂੰ ਅਜਿਹੇ ਨੁਮਾਇੰਦੇ ਚੁਣਨ ਦਾ ਮੌਕਾ ਪ੍ਰਦਾਨ ਕਰਦੀਆਂ ਹਨ, ਜਿਹੜੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ, ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਸਮਾਜ ਦੇ ਸਰਬਪੱਖੀ ਵਿਕਾਸ ਲਈ ਕੰਮ ਕਰਨ ਦੇ ਸਮਰੱਥ ਹੋਣ। ਚੋਣ ਪ੍ਰਕਿਰਿਆ ਇਹ ਵੀ ਯਕੀਨੀ ਬਣਾਉਂਦੀ ਹੈ ਕਿ ਸੱਤਾ ਕਿਸੇ ਇੱਕ ਵਿਅਕਤੀ ਜਾਂ ਸਮੂਹ ਦੇ ਹੱਥਾਂ ਵਿੱਚ ਸਦਾ ਲਈ ਕੇਂਦਰਿਤ ਨਾ ਰਹੇ। ਜੇਕਰ ਕੋਈ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰਦੀ ਜਾਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਅਸਫ਼ਲ ਰਹਿੰਦੀ ਹੈ ਤਾਂ ਲੋਕ ਉਸ ਨੂੰ ਲੋਕਤੰਤਰੀ ਢੰਗ ਨਾਲ ਬਦਲ ਸਕਦੇ ਹਨ। ਇਸ ਤਰ੍ਹਾਂ ਚੋਣਾਂ ਸੱਤਾਧਾਰੀਆਂ ਨੂੰ ਲੋਕਾਂ ਪ੍ਰਤੀ ਜਵਾਬਦੇਹ ਬਣਾਉਂਦੀਆਂ ਹਨ ਅਤੇ ਲੋਕਤੰਤਰੀ ਸੰਸਥਾਵਾਂ ਦੀ ਨੀਂਹ ਨੂੰ ਮਜ਼ਬੂਤ ਕਰਦੀਆਂ ਹਨ। ਮਤਦਾਨ ਦੀ ਮਹੱਤਤਾ ਸਿਰਫ਼ ਸਰਕਾਰ ਚੁਣਨ ਤੱਕ ਸੀਮਤ ਨਹੀਂ ਹੈ। ਇਹ ਨਾਗਰਿਕਾਂ ਨੂੰ ਉਨ੍ਹਾਂ ਮਾਮਲਿਆਂ ਵਿੱਚ ਆਪਣੀ ਆਵਾਜ਼ ਬੁਲੰਦ ਕਰਨ ਦਾ ਮੌਕਾ ਦਿੰਦਾ ਹੈ, ਜਿਹੜੇ ਉਨ੍ਹਾਂ ਦੇ ਰੋਜ਼ਾਨਾ ਜੀਵਨ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਸਿੱਖਿਆ, ਸਿਹਤ ਸੇਵਾਵਾਂ, ਰੁਜ਼ਗਾਰ, ਖੇਤੀਬਾੜੀ, ਵਾਤਾਵਰਣ ਦੀ ਸੁਰੱਖਿਆ, ਬੁਨਿਆਦੀ ਢਾਂਚਾ ਅਤੇ ਜਨਤਕ ਸੁਰੱਖਿਆ ਵਰਗੇ ਅਹਿਮ ਖੇਤਰਾਂ ਦੀਆਂ ਨੀਤੀਆਂ ਚੁਣੇ ਹੋਏ ਨੁਮਾਇੰਦਿਆਂ ਦੇ ਫ਼ੈਸਲਿਆਂ ਨਾਲ ਪ੍ਰਭਾਵਿਤ ਹੁੰਦੀਆਂ ਹਨ। ਇਸ ਲਈ ਯੋਗ ਅਤੇ ਇਮਾਨਦਾਰ ਨੁਮਾਇੰਦਿਆਂ ਦੀ ਚੋਣ ਕਰਨਾ ਹਰ ਨਾਗਰਿਕ ਦੇ ਜੀਵਨ ਨਾਲ ਜੁੜਿਆ ਇੱਕ ਬਹੁਤ ਹੀ ਮਹੱਤਵਪੂਰਨ ਫ਼ੈਸਲਾ ਹੈ।ਅਫ਼ਸੋਸ ਦੀ ਗੱਲ ਹੈ ਕਿ ਅੱਜ ਵੀ ਸਮਾਜ ਦਾ ਇੱਕ ਵਰਗ ਮਤਦਾਨ ਦੀ ਮਹੱਤਤਾ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ। ਕੁਝ ਲੋਕ ਇਹ ਸੋਚ ਕੇ ਵੋਟ ਪਾਉਣ ਨਹੀਂ ਜਾਂਦੇ ਕਿ ਉਨ੍ਹਾਂ ਦੀ ਇੱਕ ਵੋਟ ਨਾਲ ਕੀ ਫ਼ਰਕ ਪੈਣਾ ਹੈ, ਜਦਕਿ ਕਈ ਲੋਕ ਚੋਣਾਂ ਵਾਲੇ ਦਿਨ ਨੂੰ ਸਿਰਫ਼ ਛੁੱਟੀ ਦਾ ਦਿਨ ਸਮਝ ਕੇ ਬਿਤਾ ਦਿੰਦੇ ਹਨ। ਅਜਿਹੀ ਸੋਚ ਲੋਕਤੰਤਰ ਲਈ ਨੁਕਸਾਨਦੇਹ ਹੈ। ਹਰ ਵੋਟ ਲੋਕਾਂ ਦੇ ਸਾਂਝੇ ਫ਼ੈਸਲੇ ਦਾ ਹਿੱਸਾ ਹੁੰਦੀ ਹੈ। ਜਦੋਂ ਜਾਗਰੂਕ ਅਤੇ ਜ਼ਿੰਮੇਵਾਰ ਨਾਗਰਿਕ ਮਤਦਾਨ ਤੋਂ ਦੂਰ ਰਹਿੰਦੇ ਹਨ ਤਾਂ ਉਹ ਅਸਿੱਧੇ ਤੌਰ 'ਤੇ ਦੂਜਿਆਂ ਨੂੰ ਆਪਣੇ ਭਵਿੱਖ ਬਾਰੇ ਫ਼ੈਸਲਾ ਕਰਨ ਦਾ ਮੌਕਾ ਦੇ ਦਿੰਦੇ ਹਨ। ਇੱਕ ਵੋਟ ਭਾਵੇਂ ਇਕੱਲੀ ਛੋਟੀ ਲੱਗੇ, ਪਰ ਲੱਖਾਂ-ਕਰੋੜਾਂ ਵੋਟਾਂ ਮਿਲ ਕੇ ਦੇਸ਼ ਦੀ ਰਾਜਨੀਤਿਕ ਦਿਸ਼ਾ ਤੈਅ ਕਰਦੀਆਂ ਹਨ। ਚੋਣ ਪ੍ਰਣਾਲੀ ਸਾਹਮਣੇ ਇੱਕ ਹੋਰ ਗੰਭੀਰ ਚੁਣੌਤੀ ਧਨ-ਬਲ, ਜਾਤੀਵਾਦ, ਧਰਮ-ਆਧਾਰਿਤ ਵੰਡ ਅਤੇ ਝੂਠੇ ਵਾਅਦਿਆਂ ਦਾ ਵੱਧਦਾ ਪ੍ਰਭਾਵ ਹੈ। ਕਈ ਵਾਰ ਵੋਟਰ ਉਮੀਦਵਾਰ ਦੀ ਯੋਗਤਾ, ਇਮਾਨਦਾਰੀ ਅਤੇ ਪਿਛਲੇ ਕੰਮਾਂ ਦੀ ਬਜਾਏ ਤੋਹਫ਼ਿਆਂ, ਪੈਸੇ, ਭਾਵਨਾਤਮਕ ਭਾਸ਼ਣਾਂ ਜਾਂ ਥੋੜ੍ਹੇ ਸਮੇਂ ਦੇ ਲਾਲਚਾਂ ਤੋਂ ਪ੍ਰਭਾਵਿਤ ਹੋ ਜਾਂਦੇ ਹਨ। ਇਹ ਰੁਝਾਨ ਲੋਕਤੰਤਰ ਦੀ ਮੂਲ ਭਾਵਨਾ ਨੂੰ ਕਮਜ਼ੋਰ ਕਰਦਾ ਹੈ। ਚੋਣਾਂ ਦਾ ਮੁਕਾਬਲਾ ਵਿਚਾਰਾਂ, ਨੀਤੀਆਂ, ਇਮਾਨਦਾਰੀ ਅਤੇ ਲੋਕ-ਸੇਵਾ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ, ਨਾ ਕਿ ਧਨ-ਦੌਲਤ, ਨਫ਼ਰਤ ਜਾਂ ਨਿੱਜੀ ਪ੍ਰਭਾਵ ਦੇ ਆਧਾਰ 'ਤੇ। ਵੋਟਰਾਂ ਨੂੰ ਇਹ ਸਮਝਣਾ ਹੋਵੇਗਾ ਕਿ ਚੋਣਾਂ ਦੌਰਾਨ ਮਿਲਣ ਵਾਲੇ ਅਸਥਾਈ ਲਾਭਾਂ ਨਾਲੋਂ ਆਉਣ ਵਾਲੇ ਪੰਜ ਸਾਲਾਂ ਦਾ ਭਵਿੱਖ ਕਿਤੇ ਵੱਧ ਮਹੱਤਵਪੂਰਨ ਹੁੰਦਾ ਹੈ।



ਆਧੁਨਿਕ ਯੁੱਗ ਵਿੱਚ ਸੋਸ਼ਲ ਮੀਡੀਆ ਦੀ ਦੁਰਵਰਤੋਂ ਵੀ ਲੋਕਤੰਤਰ ਲਈ ਇੱਕ ਨਵੀਂ ਚੁਣੌਤੀ ਬਣ ਕੇ ਸਾਹਮਣੇ ਆਈ ਹੈ। ਝੂਠੀਆਂ ਖ਼ਬਰਾਂ, ਗੁੰਮਰਾਹਕੁਨ ਇਸ਼ਤਿਹਾਰ, ਤੋੜ-ਮਰੋੜ ਕੇ ਪੇਸ਼ ਕੀਤੀਆਂ ਵੀਡੀਓਜ਼ ਅਤੇ ਬਿਨਾਂ ਪੁਸ਼ਟੀ ਵਾਲੇ ਸਿਆਸੀ ਸੁਨੇਹੇ ਲੋਕਾਂ ਦੀ ਸੋਚ ਅਤੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਬਹੁਤ ਸਾਰੇ ਲੋਕ ਕਿਸੇ ਵੀ ਜਾਣਕਾਰੀ ਦੀ ਸੱਚਾਈ ਦੀ ਜਾਂਚ ਕੀਤੇ ਬਿਨਾਂ ਉਸ ਨੂੰ ਅੱਗੇ ਭੇਜ ਦਿੰਦੇ ਹਨ, ਜਿਸ ਨਾਲ ਸਮਾਜ ਵਿੱਚ ਭਰਮ, ਗ਼ਲਤਫ਼ਹਿਮੀਆਂ ਅਤੇ ਆਪਸੀ ਵੰਡ ਪੈਦਾ ਹੁੰਦੀ ਹੈ। ਅਜਿਹੇ ਸਮੇਂ ਵਿੱਚ ਇੱਕ ਜਾਗਰੂਕ ਵੋਟਰ ਲਈ ਜ਼ਰੂਰੀ ਹੈ ਕਿ ਉਹ ਹਰ ਜਾਣਕਾਰੀ ਨੂੰ ਅੱਖਾਂ ਮੀਟ ਕੇ ਸਵੀਕਾਰ ਕਰਨ ਦੀ ਬਜਾਏ ਉਸ ਦੀ ਪੁਸ਼ਟੀ ਕਰੇ, ਤੱਥਾਂ ਨੂੰ ਸਮਝੇ ਅਤੇ ਆਪਣੀ ਰਾਇ ਸੁਤੰਤਰ ਸੋਚ ਦੇ ਆਧਾਰ 'ਤੇ ਬਣਾਏ। ਅੱਜ ਦੇ ਸਮੇਂ ਵਿੱਚ ਰਾਜਨੀਤਿਕ ਜਾਗਰੂਕਤਾ ਦੇ ਨਾਲ-ਨਾਲ ਡਿਜੀਟਲ ਸਾਖਰਤਾ ਵੀ ਬਹੁਤ ਜ਼ਰੂਰੀ ਹੋ ਗਈ ਹੈ।

ਭਾਰਤ ਦਾ ਚੋਣ ਕਮਿਸ਼ਨ ਦੇਸ਼ ਦੀ ਚੋਣ ਪ੍ਰਕਿਰਿਆ ਨੂੰ ਸੰਵਿਧਾਨਕ ਅਤੇ ਕਾਨੂੰਨੀ ਵਿਵਸਥਾਵਾਂ ਅਨੁਸਾਰ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਅਤੇ ਵੋਟਰ ਵੈਰੀਫ਼ਾਇਏਬਲ ਪੇਪਰ ਆਡਿਟ ਟ੍ਰੇਲ ਵਰਗੀਆਂ ਤਕਨੀਕਾਂ ਭਾਰਤ ਦੀ ਚੋਣ ਪ੍ਰਣਾਲੀ ਦਾ ਮਹੱਤਵਪੂਰਨ ਹਿੱਸਾ ਬਣ ਚੁੱਕੀਆਂ ਹਨ। ਪਰ ਇਹ ਗੱਲ ਸਮਝਣੀ ਲਾਜ਼ਮੀ ਹੈ ਕਿ ਸਿਰਫ਼ ਤਕਨੀਕ ਦੀ ਵਰਤੋਂ ਨਾਲ ਹੀ ਲੋਕਤੰਤਰ ਸਿਹਤਮੰਦ ਨਹੀਂ ਬਣ ਸਕਦਾ। ਇਸ ਲਈ ਪਾਰਦਰਸ਼ਤਾ, ਜਵਾਬਦੇਹੀ, ਜਨਤਕ ਜਾਗਰੂਕਤਾ ਅਤੇ ਚੋਣ ਨਿਯਮਾਂ ਪ੍ਰਤੀ ਸਤਿਕਾਰ ਵੀ ਉਨੇ ਹੀ ਜ਼ਰੂਰੀ ਹਨ।ਨੌਜਵਾਨ ਵੋਟਰਾਂ ਦੀ ਭੂਮਿਕਾ ਇਸ ਸੰਦਰਭ ਵਿੱਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਨੌਜਵਾਨ ਕਿਸੇ ਵੀ ਦੇਸ਼ ਦੀ ਊਰਜਾ, ਉਮੀਦ ਅਤੇ ਭਵਿੱਖ ਹੁੰਦੇ ਹਨ। ਉਨ੍ਹਾਂ ਦੀ ਸਰਗਰਮ ਭਾਗੀਦਾਰੀ ਨਾਲ ਸਿਆਸੀ ਨੁਮਾਇੰਦਿਆਂ ਦਾ ਧਿਆਨ ਮਿਆਰੀ ਸਿੱਖਿਆ, ਰੁਜ਼ਗਾਰ ਦੇ ਮੌਕਿਆਂ, ਵਿਗਿਆਨਕ ਤਰੱਕੀ, ਵਾਤਾਵਰਣ ਦੀ ਸੰਭਾਲ, ਔਰਤਾਂ ਦੀ ਸੁਰੱਖਿਆ ਅਤੇ ਸਮਾਜਿਕ ਨਿਆਂ ਵਰਗੇ ਮੁੱਦਿਆਂ ਵੱਲ ਕੇਂਦਰਿਤ ਹੋ ਸਕਦਾ ਹੈ। ਪਰ ਨੌਜਵਾਨਾਂ ਨੂੰ ਸਿਰਫ਼ ਕਿਸੇ ਨੇਤਾ ਦੀ ਪ੍ਰਸਿੱਧੀ, ਸਿਆਸੀ ਨਾਅਰਿਆਂ ਜਾਂ ਸੋਸ਼ਲ ਮੀਡੀਆ ਦੀਆਂ ਮੁਹਿੰਮਾਂ ਤੋਂ ਪ੍ਰਭਾਵਿਤ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੂੰ ਉਮੀਦਵਾਰਾਂ ਦੇ ਚਰਿੱਤਰ, ਯੋਗਤਾ, ਪਿਛਲੇ ਕਾਰਜਕਾਲ, ਲੋਕ-ਸੇਵਾ ਅਤੇ ਦੇਸ਼ ਦੇ ਵਿਕਾਸ ਪ੍ਰਤੀ ਵਚਨਬੱਧਤਾ ਦਾ ਨਿਰਪੱਖ ਮੁਲਾਂਕਣ ਕਰਨਾ ਚਾਹੀਦਾ ਹੈ।

ਇਹ ਸਮਝਣਾ ਵੀ ਬਹੁਤ ਜ਼ਰੂਰੀ ਹੈ ਕਿ ਵੋਟ ਪਾਉਣਾ ਸਿਰਫ਼ ਇੱਕ ਲੋਕਤੰਤਰੀ ਅਧਿਕਾਰ ਹੀ ਨਹੀਂ, ਸਗੋਂ ਇੱਕ ਨੈਤਿਕ ਜ਼ਿੰਮੇਵਾਰੀ ਵੀ ਹੈ। ਇੱਕ ਆਦਰਸ਼ ਵੋਟਰ ਨੂੰ ਬਿਨਾਂ ਕਿਸੇ ਡਰ, ਲਾਲਚ, ਦਬਾਅ ਜਾਂ ਪੱਖਪਾਤ ਤੋਂ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਉਮੀਦਵਾਰ ਦੀ ਚੋਣ ਉਸ ਦੀ ਇਮਾਨਦਾਰੀ, ਸਮਰੱਥਾ ਅਤੇ ਲੋਕ-ਭਲਾਈ ਪ੍ਰਤੀ ਸਮਰਪਣ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ, ਨਾ ਕਿ ਜਾਤ, ਧਰਮ, ਭਾਸ਼ਾ ਜਾਂ ਨਿੱਜੀ ਲਾਭ ਦੇ ਆਧਾਰ 'ਤੇ। ਇਸ ਦੇ ਨਾਲ ਹੀ ਸਾਨੂੰ ਦੂਜਿਆਂ ਦੇ ਚੋਣ ਅਧਿਕਾਰ ਅਤੇ ਉਨ੍ਹਾਂ ਦੀ ਰਾਇ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਵਿਚਾਰਾਂ ਦੀ ਵੱਖਰਤਾ ਲੋਕਤੰਤਰ ਦੀ ਕਮਜ਼ੋਰੀ ਨਹੀਂ, ਸਗੋਂ ਉਸ ਦੀ ਖ਼ੂਬਸੂਰਤੀ ਹੈ।

(ਬਾਕੀ ਸਫ਼ਾ 27 'ਤੇ)

ਲੋਕਤੰਤਰ ਦਾ ਚੌਥਾ ਥੰਮ੍ਹ ਬਨਾਮ ਸੱਤਾ

ਸੁਤੰਤਰ ਪੱਤਰਕਾਰੀ ਦੀ ਹੋਂਦ 'ਤੇ ਗੰਭੀਰ ਸੰਕਟ

ਡਾ. ਕੁਲਦੀਪ ਸਿੰਘ ਭੁੱਲਰ

ਹਰ ਮਜ਼ਬੂਤ ਲੋਕਤੰਤਰ ਦੀ ਬੁਨਿਆਦ ਚਾਰ ਮੁੱਖ ਸੰਸਥਾਵਾਂ 'ਤੇ ਟਿਕੀ ਮੰਨੀ ਜਾਂਦੀ ਹੈ, ਜਿਹੜੀਆਂ ਕਿ ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਪ੍ਰੈੱਸ (ਪੱਤਰਕਾਰੀ) ਹਨ। ਪਹਿਲੀਆਂ ਤਿੰਨ ਸੰਸਥਾਵਾਂ ਕਾਨੂੰਨ ਬਣਾਉਣ, ਉਸ ਨੂੰ ਲਾਗੂ ਕਰਨ ਅਤੇ ਨਿਆਂ ਦੇਣ ਦੀ ਜ਼ਿੰਮੇਵਾਰੀ ਨਿਭਾਉਂਦੀਆਂ ਹਨ, ਜਦਕਿ ਪ੍ਰੈੱਸ ਇੱਕ ਸੁਤੰਤਰ ਪਹਿਰੇਦਾਰ ਵਜੋਂ ਸੱਤਾ 'ਤੇ ਨਿਗਰਾਨੀ ਰੱਖਦੀ ਹੈ।

ਇਸ ਦਾ ਮੁੱਖ ਕੰਮ ਸੱਤਾ ਦੀ ਜਵਾਬਦੇਹੀ ਯਕੀਨੀ ਬਣਾਉਣਾ, ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨਾ ਅਤੇ ਲੋਕਾਂ ਦੀ ਆਵਾਜ਼ ਨੂੰ ਸਰਕਾਰ ਤੱਕ ਪਹੁੰਚਾਉਣਾ ਹੁੰਦਾ ਹੈ। ਪਰ ਅੱਜ ਦੇ ਸਿਆਸੀ ਦੌਰ ਵਿੱਚ ਸੱਤਾ ਤੇ ਪੱਤਰਕਾਰੀ ਦਾ ਇਹ ਰਿਸ਼ਤਾ ਗੰਭੀਰ ਸੰਕਟ ਵਿੱਚ ਹੈ। ਜਿਸ ਪ੍ਰੈੱਸ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ, ਉਸ ਨੂੰ ਅਮਲ ਵਿੱਚ ਸਿਰਫ਼ ਸਿਆਸੀ ਪ੍ਰਚਾਰ ਦਾ ਸਾਧਨ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅੱਜ ਦੀ ਰਾਜਨੀਤੀ ਵਿੱਚ ਵੱਡੀਆਂ ਰੈਲੀਆਂ, ਜਨ-ਸਭਾਵਾਂ ਅਤੇ ਪ੍ਰੈੱਸ ਕਾਨਫਰੰਸਾਂ ਦਾ ਦੌਰ ਹੈ।



ਪੱਤਰਕਾਰਾਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਖੁੱਲ੍ਹੇ ਦਿਲ ਨਾਲ ਸੱਦਾ ਦਿੱਤਾ ਜਾਂਦਾ ਹੈ, ਪਰ ਇਸ ਦਾ ਮਕਸਦ ਪਾਰਦਰਸ਼ੀ ਸੰਵਾਦ ਨਹੀਂ ਹੁੰਦਾ। ਅਸਲ ਉਦੇਸ਼ ਆਪਣੇ-ਆਪ ਨੂੰ ਮਹਾਨ ਨੇਤਾ ਵਜੋਂ ਪੇਸ਼ ਕਰਨਾ, ਚੋਣ ਪ੍ਰਚਾਰ ਨੂੰ ਵਧਾਉਣਾ ਅਤੇ ਜਨਮਤ ਨੂੰ ਪ੍ਰਭਾਵਿਤ ਕਰਨਾ ਹੁੰਦਾ ਹੈ। ਜਦੋਂ ਤੱਕ ਮੀਡੀਆ ਸਿਰਫ਼ ਨੇਤਾਵਾਂ ਦੇ ਭਾਸ਼ਨਾਂ ਅਤੇ ਦਾਅਵਿਆਂ ਨੂੰ ਬਿਨਾਂ ਸਵਾਲ ਕੀਤੇ ਪ੍ਰਸਾਰਿਤ ਕਰਦਾ ਰਹਿੰਦਾ ਹੈ, ਤਦ ਤੱਕ ਉਸ ਦਾ ਸਵਾਗਤ ਕੀਤਾ ਜਾਂਦਾ ਹੈ। ਪਰ ਜਿਵੇਂ ਹੀ ਕੋਈ ਪੱਤਰਕਾਰ ਸਰਕਾਰ ਦੀਆਂ ਨਾਕਾਮੀਆਂ ਜਾਂ ਲੋਕਾਂ ਦੇ ਮੁੱਦਿਆਂ 'ਤੇ ਸਵਾਲ ਪੁੱਛਦਾ ਹੈ, ਮਾਹੌਲ ਤੁਰੰਤ ਬਦਲ ਜਾਂਦਾ ਹੈ।

ਜਦੋਂ ਕੋਈ ਇਮਾਨਦਾਰ ਪੱਤਰਕਾਰ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਟੁੱਟ ਰਹੇ ਬੁਨਿਆਦੀ ਢਾਂਚੇ ਜਾਂ ਚੋਣ ਵਾਅਦਿਆਂ ਬਾਰੇ ਸਵਾਲ ਕਰਦਾ ਹੈ ਤਾਂ ਬਹੁਤ ਸਾਰੇ ਸਿਆਸੀ ਆਗੂ ਜਵਾਬ ਦੇਣ ਦੀ ਬਜਾਏ ਗੁੱਸੇ, ਟਾਲ-ਮਟੋਲ ਅਤੇ ਨਿੱਜੀ ਹਮਲਿਆਂ ਦਾ ਰਾਹ ਚੁਣਦੇ ਹਨ। ਅਜਿਹੇ ਪੱਤਰਕਾਰਾਂ ਨੂੰ ਪ੍ਰੈੱਸ ਕਾਨਫਰੰਸਾਂ ਵਿੱਚ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਸਾਖ਼ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਾਂਚ-ਪੜਤਾਲ ਕਰਨ ਵਾਲੇ ਪੱਤਰਕਾਰਾਂ 'ਤੇ ਝੂਠੇ ਕੇਸ, ਮਾਣਹਾਨੀ ਦੇ ਮੁਕੱਦਮੇ ਜਾਂ ਹੋਰ ਕਾਨੂੰਨੀ ਦਬਾਅ ਵੀ ਬਣਾਏ ਜਾਂਦੇ ਹਨ। ਆਲੋਚਨਾ ਨੂੰ ਦੇਸ਼-ਵਿਰੋਧ ਅਤੇ ਸਵਾਲਾਂ ਨੂੰ ਬਗ਼ਾਵਤ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਜਦੋਂ ਚੌਥਾ ਥੰਮ੍ਹ ਦਬਾਅ ਹੇਠ ਆ ਜਾਂਦਾ ਹੈ ਤਾਂ ਲੋਕਤੰਤਰ ਦੀਆਂ ਬੁਨਿਆਦਾਂ ਕਮਜ਼ੋਰ ਹੋਣ ਲੱਗਦੀਆਂ ਹਨ। ਸਭ ਤੋਂ ਪਹਿਲਾਂ ਚਾਪਲੂਸੀ ਵਾਲੀ ਪੱਤਰਕਾਰੀ ਜਨਮ ਲੈਂਦੀ ਹੈ। ਜਦੋਂ ਮੀਡੀਆ ਸੱਚ ਦੀ ਥਾਂ ਸੱਤਾ ਦੀ ਵਾਹ-ਵਾਹ ਕਰਨ ਲੱਗ ਪੈਂਦਾ ਹੈ ਤਾਂ ਪੱਤਰਕਾਰੀ ਆਪਣਾ ਅਸਲ ਮਕਸਦ ਗੁਆ ਬੈਠਦੀ ਹੈ। ਦੂਜਾ, ਲੋਕਾਂ ਦਾ ਮੀਡੀਆ 'ਤੇ ਭਰੋਸਾ ਟੁੱਟਣ ਲੱਗਦਾ ਹੈ। ਜੇ ਲੋਕਾਂ ਨੂੰ ਇਹ ਮਹਿਸੂਸ ਹੋਵੇ ਕਿ ਖ਼ਬਰਾਂ ਨਿਰਪੱਖ ਨਹੀਂ ਰਹੀਆਂ ਤਾਂ ਗ਼ਲਤ ਜਾਣਕਾਰੀ ਅਤੇ ਅਫ਼ਵਾਹਾਂ ਨੂੰ ਫੈਲ



ਫਰਜ਼ੀ ਯੂਨੀਵਰਸਿਟੀਆਂ ਦਾ ਮੱਕੜਜਾਲ

ਯੂ.ਜੀ.ਸੀ. ਨੇ ਜਾਰੀ ਕੀਤੀ ਭਾਰਤ ਵਿੱਚ ਚੱਲ ਰਹੀਆਂ 32 ਫਰਜ਼ੀ ਯੂਨੀਵਰਸਿਟੀਆਂ ਦੀ ਲਿਸਟ



ਹਰਵਾਜ਼-ਏ-ਹਰਫ਼

ਜਰਮੋਹਨ ਸਿੰਘ 'ਲੱਕੀ'
9463819174

ਭਾਰਤ ਵਿੱਚ ਲੱਖਾਂ ਵਿਦਿਆਰਥੀਆਂ ਦੇ ਉਚੇਰੀ ਪੜ੍ਹਾਈ ਲਈ ਵਿਦੇਸ਼ ਜਾਣ ਦੇ ਰੁਝਾਨ ਦੇ ਬਾਵਜੂਦ ਇਸ ਮੁਲਕ ਵਿੱਚ ਵਿਦਿਅਕ ਸੰਸਥਾਵਾਂ ਦਾ ਹੜ੍ਹ ਆਇਆ ਹੋਇਆ ਹੈ। ਇਸ ਦੇ ਨਾਲ ਹੀ ਭਾਰਤ ਵਿੱਚ ਫਰਜ਼ੀ ਯੂਨੀਵਰਸਿਟੀਆਂ ਦੀ ਗਿਣਤੀ ਵਿੱਚ ਵੀ ਦਿਨੋਂ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਕਈ ਸਿੱਖਿਆ ਸੰਸਥਾਵਾਂ ਘੱਟ ਫੀਸ, ਜਲਦੀ ਡਿਗਰੀ ਅਤੇ ਲਚਕਦਾਰ ਕੋਰਸਾਂ ਦੇ ਲਾਲਚ ਦੇ ਕੇ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚਦੀਆਂ ਹਨ। ਇਹਨਾਂ ਫਰਜ਼ੀ ਯੂਨੀਵਰਸਿਟੀਆਂ ਵੱਲੋਂ ਵੱਡੀ ਪੱਧਰ 'ਤੇ ਕੀਤੇ ਜਾਂਦੇ ਪ੍ਰਚਾਰ ਅਤੇ ਇਸ਼ਤਿਹਾਰਬਾਜ਼ੀ ਤੋਂ ਪ੍ਰਭਾਵਿਤ ਹੋ ਕੇ ਅਕਸਰ ਵਿਦਿਆਰਥੀ ਇਹਨਾਂ ਸੰਸਥਾਵਾਂ ਵਿੱਚ ਦਾਖ਼ਲੇ ਲੈ ਲੈਂਦੇ ਹਨ ਪਰ ਜਦੋਂ ਪੇਪਰ ਆਉਂਦੇ ਹਨ ਤਾਂ ਪਤਾ ਚੱਲਦਾ ਹੈ ਕਿ ਉਹਨਾਂ ਦੀ ਯੂਨੀਵਰਸਿਟੀ ਸਰਕਾਰ ਜਾਂ ਯੂ.ਜੀ.ਸੀ. ਤੋਂ ਮਾਨਤਾ ਪ੍ਰਾਪਤ ਨਹੀਂ ਹੈ। ਇਸ ਤਰ੍ਹਾਂ ਇਹਨਾਂ ਯੂਨੀਵਰਸਿਟੀਆਂ ਵੱਲੋਂ ਫਰਜ਼ੀ ਸਰਟੀਫ਼ਿਕੇਟ ਜਾਰੀ ਕਰਕੇ ਵਿਦਿਆਰਥੀਆਂ ਦੇ ਭਵਿੱਖ ਨਾਲ ਦਿਨ ਦਿਹਾੜੇ ਖ਼ਿਲਵਾੜ ਕੀਤਾ ਜਾ ਰਿਹਾ ਹੈ, ਕਿਉਂਕਿ ਇਹਨਾਂ ਯੂਨੀਵਰਸਿਟੀਆਂ ਵੱਲੋਂ ਜਾਰੀ ਕੀਤੀਆਂ ਡਿਗਰੀਆਂ ਅਤੇ ਸਰਟੀਫ਼ਿਕੇਟਾਂ ਨੂੰ ਕਾਨੂੰਨੀ ਮਾਨਤਾ ਨਹੀਂ ਮਿਲੀ ਹੁੰਦੀ। ਇਹਨਾਂ ਫਰਜ਼ੀ ਯੂਨੀਵਰਸਿਟੀਆਂ ਦੇ ਤਾਰ ਉੱਚ ਸਿਆਸੀ ਗਲਿਆਰਿਆਂ, ਸੱਤਾ ਅਤੇ ਵਿਦੇਸ਼ ਤੱਕ ਵੀ ਜੁੜੇ ਹੋਏ ਹਨ ਜਿਸ ਕਾਰਨ ਅਜਿਹੀਆਂ ਯੂਨੀਵਰਸਿਟੀਆਂ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਘੱਟ ਹੀ ਹੁੰਦੀ ਹੈ ਅਤੇ ਸਿੱਖਿਆ ਦੇ ਵਪਾਰੀ ਅਜਿਹੀਆਂ ਫਰਜ਼ੀ ਯੂਨ/ ਸਹਿਮ ਦੇ ਸਰਗਰਮ ਰਹਿੰਦੇ ਹਨ।



ਲੰਘੇ ਦਿਨੀਂ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ ਇੱਕ ਐਡਵਾਇਜ਼ਰੀ ਜਾਰੀ ਕਰਕੇ ਭਾਰਤ ਦੇ 12 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਚੱਲ ਰਹੀਆਂ 32 ਫਰਜ਼ੀ ਯੂਨੀਵਰਸਿਟੀਆਂ ਦੀ ਲਿਸਟ ਜਾਰੀ ਕੀਤੀ ਹੈ। ਯੂ.ਜੀ.ਸੀ. ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਇਨ੍ਹਾਂ ਸੰਸਥਾਵਾਂ ਵਿੱਚ ਦਾਖ਼ਲਾ ਨਾ ਲੈਣ ਦੀ ਸਲਾਹ ਦਿੱਤੀ ਹੈ, ਕਿਉਂਕਿ ਇਨ੍ਹਾਂ ਕੋਲ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਡਿਗਰੀਆਂ ਦੇਣ ਦਾ ਅਧਿਕਾਰ ਨਹੀਂ ਹੈ। ਪਿਛਲੇ ਦੋ ਸਾਲਾਂ ਵਿੱਚ ਇਨ੍ਹਾਂ ਦੀ ਗਿਣਤੀ 20 ਤੋਂ ਵਧ ਕੇ 32 ਹੋ ਗਈ ਹੈ। ਯੂ. ਜੀ. ਸੀ. ਦੀ ਇਸ ਸੂਚੀ ਵਿੱਚ ਦਿੱਲੀ ਦੀਆਂ 12, ਉੱਤਰ ਪ੍ਰਦੇਸ਼ ਦੀਆਂ 4, ਆਂਧਰਾ ਪ੍ਰਦੇਸ਼ ਦੀਆਂ 2, ਕਰਨਾਟਕ ਦੀਆਂ 2, ਕੇਰਲ ਦੀਆਂ 2, ਮਹਾਰਾਸ਼ਟਰ ਦੀਆਂ 2 , ਪੁਡੂਚੇਰੀ ਦੀਆਂ 2, ਪੱਛਮੀ ਬੰਗਾਲ ਦੀਆਂ 2 , ਅਰੁਣਾਚਲ ਪ੍ਰਦੇਸ਼ ਦੀ 1, ਹਰਿਆਣਾ ਦੀ 1, ਝਾਰਖੰਡ ਦੀ 1 ਅਤੇ ਰਾਜਸਥਾਨ ਦੀ 1 ਯੂਨੀਵਰਸਿਟੀਆਂ ਸ਼ਾਮਲ ਹਨ।

ਕਮਿਸ਼ਨ ਨੇ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਦਾਖ਼ਲਾ ਲੈਣ ਤੋਂ ਪਹਿਲਾਂ ਅਦਾਰੇ ਦੀ ਕਾਨੂੰਨੀ ਸਥਿਤੀ, ਡਿਗਰੀਆਂ ਦੇਣ ਦੇ ਅਧਿਕਾਰ ਅਤੇ ਯੂ ਜੀ ਸੀ ਦੇ ਅਧਿਕਾਰਤ ਰਿਕਾਰਡਾਂ ਦੀ ਜਾਂਚ ਕਰਨ। ਕਮਿਸ਼ਨ ਨੇ ਵਿਦਿਆਰਥੀਆਂ ਨੂੰ ਸਿਰਫ਼ ਇਸ਼ਤਿਹਾਰਾਂ, ਪ੍ਰਚਾਰ ਸਮੱਗਰੀ ਜਾਂ ਵੈੱਬਸਾਈਟਾਂ 'ਤੇ ਕੀਤੇ ਦਾਅਵਿਆਂ 'ਤੇ ਭਰੋਸਾ ਨਾ ਕਰਨ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਉੱਚ ਸਿੱਖਿਆ 'ਤੇ ਸਮਾਂ ਤੇ ਪੈਸਾ ਖ਼ਰਚਣ ਵਾਲੇ ਵਿਦਿਆਰਥੀਆਂ ਨੂੰ ਅਜਿਹੀਆਂ ਡਿਗਰੀਆਂ ਦੇ ਜੋਖਮ ਤੋਂ ਬਚਣਾ ਚਾਹੀਦਾ ਹੈ, ਜਿਨ੍ਹਾਂ ਨੂੰ ਅਸਲੀ ਤੇ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਜਾਂ ਰੁਜ਼ਗਾਰਦਾਤਾ ਸਵੀਕਾਰ ਨਹੀਂ ਕਰਦੇ।

ਅਕਸਰ ਆਮ ਲੋਕ ਸਮਝਦੇ ਹਨ ਕਿ



ਫਰਜ਼ੀ ਸਿੱਖਿਆ ਸੰਸਥਾਵਾਂ ਸਿਰਫ਼ ਵੱਡੇ ਸ਼ਹਿਰਾਂ ਵਿੱਚ ਹੀ ਹੁੰਦੀਆਂ ਹਨ ਪਰ ਅਸਲੀਅਤ ਤਾਂ ਇਹ ਹੈ ਕਿ ਇਹਨਾਂ ਸਿੱਖਿਆ ਸੰਸਥਾਵਾਂ ਦਾ ਜਾਲ ਪੇਂਡੂ ਖੇਤਰਾਂ ਵਿੱਚ ਵੀ ਫ਼ੈਲਿਆ ਹੋਇਆ ਹੈ। ਸ਼ਹਿਰੀ ਭੀੜ ਭੜੱਕੇ ਤੋਂ ਦੂਰ ਖੇਤਾਂ ਵਿੱਚ ਵੀ ਅਜਿਹੀਆਂ ਯੂਨੀਵਰਸਿਟੀਆਂ ਅਤੇ ਕਾਲਜ ਮੌਜੂਦ ਹਨ, ਜਿਨ੍ਹਾਂ ਨੂੰ ਕੋਈ ਕਾਨੂੰਨੀ ਮਾਨਤਾ ਨਹੀਂ ਮਿਲੀ ਹੁੰਦੀ ਪਰ ਅਜਿਹੀਆਂ ਯੂਨੀਵਰਸਿਟੀਆਂ ਵੱਲੋਂ ਹਰ ਸਾਲ ਵੱਡੀ ਗਿਣਤੀ ਵਿਦਿਆਰਥੀਆਂ ਦੀ ਭਰਤੀ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਡਿਗਰੀਆਂ ਅਤੇ ਸਰਟੀਫ਼ਿਕੇਟ ਵੀ ਜਾਰੀ ਕੀਤੇ ਜਾਂਦੇ ਹਨ ਪਰ ਇਹ ਵੱਖਰੀ ਗੱਲ ਹੈ ਕਿ ਇਹਨਾਂ ਯੂਨੀਵਰਸਿਟੀਆਂ ਦੇ ਸਰਟੀਫਿਕੇਟ ਤੇ ਡਿਗਰੀਆਂ ਵਿਦਿਆਰਥੀਆਂ ਦੇ ਕਿਸੇ ਕੰਮ ਨਹੀਂ ਆਉਂਦੇ। ਇਸ ਤਰ੍ਹਾਂ ਭੋਲੇ ਭਾਲੇ ਵਿਦਿਆਰਥੀ ਇਹਨਾਂ ਯੂਨੀਵਰਸਿਟੀਆਂ ਵਿੱਚ ਦਾਖ਼ਲੇ ਲੈ ਕੇ ਅੰਤ ਵਿੱਚ ਖੱਜਲ ਖ਼ੁਆਰ ਹੁੰਦੇ ਹਨ। ਅਕਸਰ ਇਹਨਾਂ ਯੂਨੀਵਰਸਿਟੀਆਂ ਤੋਂ ਪੜ੍ਹਾਈ ਕਰ ਚੁੱਕੇ ਵਿਦਿਆਰਥੀਆਂ ਦੇ ਪੈਰਾਂ ਹੇਠੋਂ ਉਸ ਸਮੇਂ ਜ਼ਮੀਨ ਖਿਸਕ ਜਾਂਦੀ ਹੈ, ਜਦੋਂ ਸਰਕਾਰੀ ਨੌਕਰੀ ਲਈ ਅਪਲਾਈ ਕਰਨ ਤੋਂ ਬਾਅਦ ਉਹਨਾਂ ਨੂੰ ਪਤਾ ਚਲਦਾ ਹੈ ਕਿ ਜਿਸ ਯੂਨੀਵਰਸਿਟੀ ਵਿੱਚ ਕਈ ਸਾਲ ਪੜ੍ਹਾਈ ਕਰਕੇ ਅਤੇ ਭਾਰੀ ਫ਼ੀਸਾਂ ਦੇ ਕੇ ਪ੍ਰਾਪਤ ਕੀਤੀ ਡਿਗਰੀ ਹੀ ਫਰਜ਼ੀ ਹੈ। ਇਹ ਵਿਦਿਆਰਥੀ ਠੱਗੇ ਜਿਹੇ ਮਹਿਸੂਸ ਕਰਦੇ ਹਨ। ਉਹਨਾਂ ਨੂੰ ਅਜਿਹੇ ਸਮੇਂ ਸਮਝ ਨਹੀਂ ਲੱਗਦੀ ਕਿ ਉਹ ਕੀ ਕਰਨ ਤੇ ਕੀ ਨਾ ਕਰਨ। ਵਿਦਿਆਰਥੀਆਂ ਦਾ ਕੀਮਤੀ ਸਮਾਂ ਅਤੇ ਕਾਫ਼ੀ ਪੈਸਾ ਬਰਬਾਦ ਹੋ ਜਾਂਦੇ ਹਨ।

ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਯੂਨੀਵਰਸਿਟੀ ਜਾਂ ਸਿੱਖਿਆ ਸੰਸਥਾ ਵਿੱਚ ਦਾਖ਼ਲਾ ਲੈਣ ਤੋਂ ਪਹਿਲਾਂ ਉਸ ਸੰਸਥਾ ਬਾਰੇ ਯੂ.ਜੀ.ਸੀ. ਦੀ ਵੈਬਸਾਈਟ ਤੋਂ ਪੂਰੀ ਜਾਣਕਾਰੀ ਲੈ ਲੈਣ ਤਾਂ ਕਿ ਉਹਨਾਂ ਨਾਲ ਕੋਈ ਧੋਖਾ ਨਾ ਹੋ ਸਕੇ। ਇਸ ਦੇ ਨਾਲ ਹੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਫਰਜ਼ੀ ਯੂਨੀਵਰਸਿਟੀਆਂ ਦੇ ਮਾਲਕਾਂ/ਸੰਚਾਲਕਾਂ ਵਿਰੁੱਧ ਸਖ਼ਤ ਕਾਰਵਾਈ ਕਰੇ ਅਤੇ ਅਜਿਹੀਆਂ ਸੰਸਥਾਵਾਂ ਨੂੰ ਤੁਰੰਤ ਬੰਦ ਕਰਵਾਏ।

ਯੂ.ਜੀ.ਸੀ. ਵੱਲੋਂ ਫਰਜ਼ੀ ਯੂਨੀਵਰਸਿਟੀਆਂ ਦੀ ਗਈ ਲਿਸਟ ਵਿੱਚ ਭਾਵੇਂ ਪੰਜਾਬ ਦੀ ਕਿਸੇ ਯੂਨੀਵਰਸਿਟੀ ਦਾ ਜ਼ਿਕਰ ਨਹੀਂ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਪੰਜਾਬ ਵਿੱਚ ਕੋਈ ਫਰਜ਼ੀ ਜਾਂ ਜਾਅਲੀ ਸਿੱਖਿਆ ਸੰਸਥਾ ਦਾ ਵਜੂਦ ਹੀ ਨਹੀਂ ਹੈ। ਸਗੋਂ ਪੰਜਾਬ ਵਿੱਚ ਵੀ ਕੁਝ ਛੋਟੇ ਛੋਟੇ ਕਾਲਜ ਅਤੇ ਸਿੱਖਿਆ ਅਦਾਰੇ ਅਜਿਹੇ ਹਨ, ਜੋ ਕਿ ਵਿਦਿਆਰਥੀਆਂ ਨੂੰ ਕਿੱਤਾ ਮੁਖੀ ਸਿੱਖਿਆ ਅਤੇ ਪੱਕਾ ਰੁਜ਼ਗਾਰ ਦੇਣ ਦੇ ਦਾਅਵੇ ਕਰਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਕਈ ਸਿੱਖਿਆ ਵਪਾਰੀਆਂ ਨੇ ਤਾਂ ਦੋ ਦੁਕਾਨਾਂ ਜਾਂ ਇੱਕ ਸ਼ੋਅਰੂਮ ਵਿੱਚ ਹੀ ਸਿੱਖਿਆ ਸੰਸਥਾਵਾਂ ਖੋਲ੍ਹੀਆਂ ਹੋਈਆਂ ਹਨ, ਪਰ ਇਹ ਦੁਕਾਨਨੁਮਾ ਸਿੱਖਿਆ ਸੰਸਥਾਵਾਂ ਨਾ ਤਾਂ ਰਜਿਸਟਰਡ ਹੁੰਦੀਆਂ ਹਨ ਤੇ ਨਾ ਹੀ ਇਹਨਾਂ ਕੋਲ ਕੋਈ ਕਾਨੂੰਨੀ ਮਾਨਤਾ ਹੁੰਦੀ ਹੈ। ਇਹਨਾਂ ਸੰਸਥਾਵਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਅੰਤ ਵਿੱਚ ਬਹੁਤ ਪਛਤਾਉਂਦੇ ਹਨ।





TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE



FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਕਿਉਂ ਸੁਲਗ ਰਿਹੈ ਬੰਗਲਾਦੇਸ਼?

ਬੰਗਲਾਦੇਸ਼ 'ਚ ਬਣੇ ਅੰਦਰੂਨੀ ਖ਼ਾਨਾਜੰਗੀ ਵਰਗੇ ਹਾਲਾਤ

ਜਗਮੋਹਨ ਸਿੰਘ ਲੱਕੀ

ਭਾਰਤ ਦੇ ਗੁਆਂਢੀ ਮੁਲਕ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ 'ਦੇਸ਼ ਵਾਪਸੀ' ਦੇ ਐਲਾਨ ਤੋਂ ਬਾਅਦ ਬੰਗਲਾਦੇਸ਼ 'ਚ ਮੁੜ ਹਿੰਸਾ ਫ਼ੈਲ ਗਈ ਹੈ, ਜਿਸ ਦਾ ਸੇਕ ਸਿਆਸੀ ਧਿਰਾਂ ਤੋਂ ਲੈ ਕੇ ਆਮ ਲੋਕਾਂ ਨੂੰ ਲੱਗ ਰਿਹਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਹ ਹਿੰਸਾ ਬੰਗਲਾਦੇਸ਼ ਦੇ ਵਿਰੋਧੀ ਤੇ ਦੁਸ਼ਮਣ ਮੁਲਕਾਂ ਵੱਲੋਂ ਨਹੀਂ, ਸਗੋਂ ਬੰਗਲਾਦੇਸ਼ ਦੇ ਮੂਲ ਨਾਗਰਿਕਾਂ ਵੱਲੋਂ ਹੀ ਫ਼ੈਲਾਈ ਜਾ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਪਿਛਲੇ ਕਾਫ਼ੀ ਸਮੇਂ ਤੋਂ ਬੰਗਲਾਦੇਸ਼ ਕਾਫ਼ੀ ਉਥਲ ਪੁੱਥਲ ਦਾ ਸ਼ਿਕਾਰ ਹੋ ਰਿਹਾ ਹੈ। ਲੰਘੇ ਦਿਨੀਂ ਸ਼ੇਖ ਹਸੀਨਾ ਦੀ ਪਾਰਟੀ 'ਅਵਾਮੀ ਲੀਗ' ਨੇ ਦੇਸ਼ ਵਿਆਪੀ 'ਲਾਕਡਾਊਨ' ਦਾ ਐਲਾਨ ਕੀਤਾ। ਇਹ ਤਾਰੀਖ਼ ਪਿਛਲੇ ਸਾਲ ਇੱਕ ਵਿਸ਼ੇਸ਼ ਅਦਾਲਤ ਦੇ ਉਸ ਫ਼ੈਸਲੇ ਦੀ ਵਰ੍ਹੇਗੰਢ ਸੀ, ਜਿਸ ਵਿੱਚ ਸ਼ੇਖ ਹਸੀਨਾ ਨੂੰ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿੱਚ ਮਨੁੱਖਤਾ ਵਿਰੁੱਧ ਅਪਰਾਧਾਂ ਲਈ ਮੌਤ ਦੀ ਸਜ਼ਾ ਸੁਣਾਈ ਗਈ ਸੀ। 79 ਸਾਲਾ ਹਸੀਨਾ, 5 ਅਗਸਤ 2024 ਨੂੰ ਵਿਦਿਆਰਥੀਆਂ ਦੀ ਅਗਵਾਈ ਵਾਲੇ ਵਿਦਰੋਹ ਤੋਂ ਬਾਅਦ ਸੱਤਾ ਤੋਂ ਹਟਣ ਤੋਂ ਲੈ ਕੇ ਹੁਣ ਤੱਕ ਭਾਰਤ ਵਿੱਚ ਰਹਿ ਰਹੀ ਹੈ। ਬੰਗਲਾਦੇਸ਼ ਸਰਕਾਰ ਭਾਰਤ ਤੋਂ ਉਨ੍ਹਾਂ ਦੀ ਵਾਪਸੀ ਦੀ ਮੰਗ ਕਰ ਰਹੀ ਹੈ। ਬੰਗਲਾਦੇਸ਼ ਦੀ ਜਲਾਵਤਨ ਕੀਤੀ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ 2010 ਵਿੱਚ ਅੰਤਰਰਾਸ਼ਟਰੀ ਕ੍ਰਾਈਮਜ਼ ਟ੍ਰਿਬਿਊਨਲ ਦੀ ਸਥਾਪਨਾ ਦੇ ਸਮੇਂ ਇਹ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ 15 ਸਾਲਾਂ ਬਾਅਦ ਇਹੀ ਅਦਾਲਤ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਏਗੀ। ਪ੍ਰਧਾਨ ਮੰਤਰੀ ਹਸੀਨਾ ਨੇ ਇਸ ਟ੍ਰਿਬਿਊਨਲ ਦੀ ਸਥਾਪਨਾ 1971 ਦੇ ਮੁਕਤੀ ਸੰਗਰਾਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ



ਕੀਤੀ ਸੀ ਤਾਂ ਜੋ ਮਨੁੱਖਤਾ ਖ਼ਿਲਾਫ਼ ਹੋਏ ਘਿਨੌਣੇ ਅਪਰਾਧਾਂ ਦੇ ਦੋਸ਼ੀਆਂ ਨੂੰ ਉਨ੍ਹਾਂ ਦੀਆਂ ਕਰਤੂਤਾਂ ਦੀ ਸਜ਼ਾ ਦਿਵਾਈ ਜਾ ਸਕੇ। ਕੁਝ ਸਮਾਂ ਪਹਿਲਾਂ ਇਸੇ ਟ੍ਰਿਬਿਊਨਲ ਨੇ ਸ਼ੇਖ਼ ਹਸੀਨਾ ਨੂੰ ਮੌਤ ਦੀ ਸਜ਼ਾ ਸੁਣਾਈ। ਬੰਗਲਾਦੇਸ਼ ਵਿੱਚ ਨਵੀਂ ਸਰਕਾਰ ਦਾ ਗਠਨ ਹੋਣ ਤੋਂ ਬਾਅਦ ਆਸ ਬਣੀ ਸੀ ਕਿ ਸ਼ਾਇਦ ਅਸ਼ਾਂਤੀ ਦਾ ਸਾਹਮਣਾ ਕਰ ਰਹੇ ਇਸ ਮੁਲਕ ਵਿੱਚ 'ਸ਼ਾਂਤੀ ਦੀ ਹਵਾ' ਰੁਮਕਣ ਲੱਗ ਪਵੇ ਪਰ ਬੰਗਲਾਦੇਸ਼ ਮੁੜ ਹਿੰਸਾ ਦੀ ਅੱਗ ਵਿੱਚ ਲਿਪਟਿਆ ਨਜ਼ਰ ਆਉਣ ਲੱਗਿਆ। ਇਹ ਸਤਰਾਂ ਲਿਖਣ ਵੇਲੇ ਬੰਗਲਾਦੇਸ਼ ਦੇ ਹਾਲਾਤ ਚਿੰਤਾਜਨਕ ਨਜ਼ਰ ਆ ਰਹੇ ਹਨ ਅਤੇ ਹਰ ਪਾਸੇ ਹਿੰਸਾ, ਤਨਾਓ ਅਤੇ ਅਸ਼ਾਂਤੀ ਦਾ ਪਸਾਰਾ ਹੈ। ਮੌਜੂਦਾ ਹਾਲਾਤਾਂ ਨੂੰ ਵੇਖ ਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਬੰਗਲਾਦੇਸ਼ ਦੇ ਸ਼ਾਸਕਾਂ, ਸਿਆਸੀ ਆਗੂਆਂ ਅਤੇ ਆਮ ਲੋਕਾਂ ਨੇ ਬੀਤੀਆਂ ਘਟਨਾਵਾਂ ਤੋਂ ਕੁਝ ਨਹੀਂ ਸਿੱਖਿਆ। ਇਸ ਸਮੇਂ ਬੰਗਲਾਦੇਸ਼ ਵਿੱਚ ਅੰਦਰੂਨੀ ਖ਼ਾਨਾਜੰਗੀ ਵਰਗੇ ਹਾਲਾਤ ਬਣੇ ਹੋਏ ਹਨ।

ਦੱਖਣੀ ਏਸ਼ੀਆ ਦੇ ਇੱਕ ਚਰਚਿਤ ਦੇਸ਼ ਬੰਗਲਾਦੇਸ਼ ਦਾ ਨਾਂਅ ਅਧਿਕਾਰਤ ਤੌਰ 'ਤੇ 'ਪੀਪਲਜ਼ ਰੀਪਬਲਿਕ ਆਫ਼ ਬੰਗਲਾਦੇਸ਼' ਹੈ। ਇਹ ਮੁਲਕ ਲਗਭਗ 148,460 ਵਰਗ ਕਿਲੋਮੀਟਰ ਵਿੱਚ ਫ਼ੈਲਿਆ ਹੋਇਆ ਹੈ। ਇਸ ਦੇ ਉੱਤਰ, ਪੂਰਬ ਅਤੇ ਪੱਛਮ ਵਿੱਚ ਭਾਰਤ, ਦੱਖਣ-ਪੂਰਬ ਵਿੱਚ ਮਿਆਂਮਾਰ (ਬਰਮਾ) ਅਤੇ ਦੱਖਣ ਵਿੱਚ ਬੰਗਾਲ ਦੀ ਖਾੜੀ ਹੈ। ਬੰਗਲਾਦੇਸ਼, ਮਿਆਂਮਾਰ ਤੇ ਭਾਰਤ ਨਾਲ ਜ਼ਮੀਨੀ ਸਰਹੱਦ ਸਾਂਝੀ ਕਰਦਾ ਹੈ। ਉਸ ਦੀ ਸਰਹੱਦ ਭਾਰਤ ਦੇ ਅਸਾਮ, ਮਿਜ਼ੋਰਮ, ਮੇਘਾਲਿਆ ਅਤੇ



ਪੱਛਮੀ ਬੰਗਾਲ ਨੂੰ ਛੂੰਹਦੀ ਹੈ। ਆਪਣੀ ਭੂਗੋਲਿਕ ਸਥਿਤੀ ਕਰਕੇ ਬੰਗਲਾਦੇਸ਼ ਦੱਖਣੀ ਏਸ਼ੀਆ ਤੇ ਦੱਖਣੀ ਪੂਰਬੀ ਏਸ਼ੀਆ ਵਿਚਾਲੇ ਇੱਕ ਕੁਦਰਤੀ ਕੜੀ ਹੈ। ਭਾਰਤ ਨੇ ਇੱਕ ਦਹਾਕਾ ਪਹਿਲਾਂ 'ਐਕਟ ਈਸਟ ਨੀਤੀ' ਦੀ ਸ਼ੁਰੂਆਤ ਕੀਤੀ ਸੀ। ਇਸ ਦਾ ਉਦੇਸ਼ ਏਸ਼ੀਆ-ਪ੍ਰਸ਼ਾਂਤ ਖੇਤਰ ਸਥਿਤ ਦੇਸ਼ਾਂ ਨਾਲ ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਸਹਿਯੋਗ ਵਧਾਉਣਾ ਅਤੇ ਚੀਨ ਦਾ ਮੁਕਾਬਲਾ ਕਰਨਾ ਸੀ। ਬੰਗਲਾਦੇਸ਼ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਮੁੰਦਰੀ ਮਾਰਗਾਂ ਦੇ ਨੇੜੇ ਹੈ ਤੇ ਦੱਖਣੀ ਏਸ਼ੀਆ 'ਚ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। 1947 ਵਿੱਚ ਜਦੋਂ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੋਈ ਸੀ ਤਾਂ ਉਸ ਸਮੇਂ ਇਹ ਇਲਾਕਾ ਪੂਰਬੀ ਪਾਕਿਸਤਾਨ ਬਣਿਆ ਅਤੇ 1971 ਦੇ ਸੰਘਰਸ਼ ਤੋਂ ਬਾਅਦ ਇੱਕ ਸੁਤੰਤਰ ਦੇਸ਼ ਵਜੋਂ ਹੋਂਦ ਵਿੱਚ ਆਏ ਬੰਗਲਾਦੇਸ਼ ਦੇ ਕਈ ਹਿੱਸਿਆਂ ਖਾਸ ਕਰਕੇ ਢਾਕਾ, ਗੋਪਾਲਗੰਜ ਅਤੇ ਚਟਗਾਓਂ ਵਿੱਚ ਅੱਜ- ਕੱਲ੍ਹ ਰਾਜਨੀਤਿਕ ਹਿੰਸਾ, ਬੰਬ ਧਮਾਕਿਆਂ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਕੁਝ ਬੁੱਧੀਜੀਵੀ ਦਾਅਵਾ ਕਰ ਰਹੇ ਹਨ ਕਿ ਬੰਗਲਾਦੇਸ਼ ਦੀ ਸਿਆਸਤ ਹੁਣ ਪਾਕਿਸਤਾਨ ਵਾਲੇ ਰਾਹ ਤੁਰ ਪਈ ਹੈ। ਜਿਸ ਕਾਰਨ ਪਾਕਿਸਤਾਨ ਵਾਂਗ ਹੀ ਬੰਗਲਾਦੇਸ਼ ਵਿੱਚ ਵੀ ਸਾਬਕਾ ਸ਼ਾਸਕਾਂ ਨੂੰ ਦੇਸ਼ਧ੍ਰੋਹੀ ਸਮਝਿਆ ਜਾ ਰਿਹਾ ਹੈ ਅਤੇ ਉਹਨਾਂ ਵਿਰੁੱਧ ਸਖ਼ਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਦੇਸ਼ ਭਰ ਦੇ ਘੱਟੋ-ਘੱਟ 28 ਜ਼ਿਲ੍ਹਿਆਂ ਵਿੱਚ ਹਿੰਸਾ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਇਸ ਵਿਕਾਸ ਦਾ ਸਭ ਤੋਂ ਵੱਡਾ ਰਾਜਨੀਤਿਕ ਸੰਦੇਸ਼ ਇਹ ਹੈ ਕਿ ਬੰਗਲਾਦੇਸ਼ ਵਿੱਚ ਬਦਲੇ ਦੀ ਰਾਜਨੀਤੀ ਹੁਣ ਕਿਸੇ ਇੱਕ ਰਾਜਨੀਤਿਕ ਪਾਰਟੀ ਜਾਂ ਨੇਤਾ ਤੱਕ ਸੀਮਤ ਨਹੀਂ ਹੈ। ਮੌਜੂਦਾ ਪ੍ਰਧਾਨ ਮੰਤਰੀ ਯੂਨਸ ਹੁਣ ਉਸੇ ਰਾਜਨੀਤਿਕ ਦਬਾਅ ਦਾ ਸਾਹਮਣਾ ਕਰ ਰਿਹਾ ਹੈ ਜੋ ਸ਼ੇਖ ਹਸੀਨਾ ਵਿਰੁੱਧ ਭੜਕਾਇਆ ਗਿਆ ਸੀ।

ਜਨਵਰੀ 2009 ਵਿੱਚ ਜਦੋਂ ਸ਼ੇਖ ਹਸੀਨਾ ਨੇ ਬੰਗਲਾਦੇਸ਼ ਦੀ ਸੱਤਾ ਦੀ ਵਾਗਡੋਰ ਸੰਭਾਲੀ ਸੀ ਤਾਂ ਦੱਖਣੀ ਏਸ਼ੀਆ ਵਿੱਚ ਖੇਤਰੀ ਸਥਿਰਤਾ ਵਿੱਚ ਸੁਧਾਰ ਦੇਖਣ ਨੂੰ ਮਿਲਿਆ ਸੀ। ਭਾਰਤ ਦੇ ਉੱਤਰ ਪੂਰਬੀ ਖ਼ਿੱਤੇ ਅੰਦਰ ਬਾਗ਼ੀ ਤੇ ਅਤਿਵਾਦੀ ਖ਼ਤਰਿਆਂ ਨਾਲ ਨਜਿੱਠਣ ਲਈ ਉਸ ਨੇ ਨਵੀਂ ਦਿੱਲੀ ਸਹਿਯੋਗ ਦਿੱਤਾ ਅਤੇ ਬੰਗਲਾਦੇਸ਼ ਵਿੱਚ ਕੱਟੜਪੰਥੀਆਂ ਖ਼ਿਲਾਫ਼ ਫ਼ੈਸਲਾਕੁਨ ਕਾਰਵਾਈ ਸਦਕਾ ਖ਼ਿੱਤੇ ਅੰਦਰ ਸੁਰੱਖਿਆ ਦੀ ਹਾਲਤ ਵਿੱਚ ਭਰਵਾਂ ਸੁਧਾਰ ਆਇਆ। ਹਸੀਨਾ ਦੇ 15 ਸਾਲਾ ਕਾਰਜਕਾਲ ਵਿੱਚ ਆਮ ਤੌਰ 'ਤੇ ਸ਼ਾਂਤੀ ਅਤੇ ਸਥਿਰਤਾ ਰਹੀ ਜਿਸ ਸਦਕਾ ਬੰਗਲਾਦੇਸ਼ ਅੰਦਰ ਆਰਥਿਕ ਵਿਕਾਸ ਵਿੱਚ ਇਜ਼ਾਫ਼ਾ ਹੋਇਆ ਅਤੇ ਖੇਤਰੀ ਸਹਿਯੋਗ ਨੂੰ ਹੁਲਾਰਾ ਮਿਲਿਆ ਸੀ। ਜਦੋਂ ਅਗਸਤ 2024 ਵਿੱਚ ਸ਼ੇਖ ਹਸੀਨਾ ਦੀ ਸਰਕਾਰ ਦੇ ਡਿੱਗਣ ਤੋਂ ਬਾਅਦ ਮੁਹੰਮਦ ਯੂਨਸ ਨੇ ਅੰਤਰਿਮ ਸਰਕਾਰ ਦਾ ਚਾਰਜ ਸੰਭਾਲਿਆ ਸੀ ਤਾਂ ਉਹਨਾਂ ਅੱਗੇ ਸਭ ਤੋਂ ਵੱਡੀ ਜ਼ਿੰਮੇਵਾਰੀ ਬੰਗਲਾਦੇਸ਼ ਵਿੱਚ ਫ਼ੈਲੀ ਹੋਈ ਹਿੰਸਾ ਨੂੰ ਰੋਕ ਕੇ ਸ਼ਾਂਤੀ ਦੀ ਸਥਾਪਨਾ ਕਰਨਾ ਸੀ ਪਰ ਬੰਗਲਾਦੇਸ਼ ਦੀ ਨਵੀਂ ਸਰਕਾਰ ਦੇਸ਼ ਵਿੱਚ ਹਿੰਸਾ ਅਤੇ ਅਸ਼ਾਂਤੀ ਨੂੰ ਖਤਮ ਕਰਨ ਵਿੱਚ ਅਸਫ਼ਲ ਹੋ ਗਈ, ਜਿਸ ਕਾਰਨ ਦੇਸ਼ ਮੁੜ ਹਿੰਸਾ ਦੀ ਅੱਗ ਵਿੱਚ ਸੜਨ ਲੱਗ ਪਿਆ ਹੈ। ਜਦੋਂ ਮੁਹੰਮਦ ਯੂਨਸ ਇਸ ਮੁਲਕ ਦੇ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਸ ਸਮੇਂ ਉਹਨਾਂ ਦੀ ਸਭ ਤੋਂ ਵੱਡੀ ਅਤੇ ਮੁੱਖ ਜ਼ਿੰਮੇਵਾਰੀ ਬੰਗਲਾਦੇਸ਼ ਦੀ ਲੋਕਤੰਤਰੀ ਪ੍ਰਣਾਲੀ ਨੂੰ ਮਜ਼ਬੂਤ ਕਰਨਾ, ਰਾਜਨੀਤਿਕ ਸਥਿਰਤਾ ਸਥਾਪਤ ਕਰਨਾ ਅਤੇ ਦੇਸ਼ ਨੂੰ ਆਰਥਿਕ ਵਿਕਾਸ ਦੇ ਰਾਹ 'ਤੇ ਪਾਉਣਾ ਸੀ। ਹਾਲਾਂ ਕਿ, ਉਨ੍ਹਾਂ ਦਾ ਕਾਰਜਕਾਲ ਹੌਲੀ-ਹੌਲੀ ਰਾਜਨੀਤਿਕ ਟਕਰਾਅ, 'ਅਵਾਮੀ ਲੀਗ' 'ਤੇ ਪਾਬੰਦੀ ਅਤੇ ਸਾਬਕਾ ਸੱਤਾਧਾਰੀ ਸੰਸਥਾ ਵਿਰੁੱਧ ਕਾਰਵਾਈਆਂ ਦੁਆਰਾ ਚਿੰਨ੍ਹਿਤ ਹੁੰਦਾ ਗਿਆ। ਬੰਗਲਾਦੇਸ਼ ਵਿੱਚ ਭਾਵੇਂ ਸੱਤਾ ਬਦਲਣ ਤੋਂ ਬਾਅਦ 'ਅਵਾਮੀ ਲੀਗ' ਦੀਆਂ ਗਤੀਵਿਧੀਆਂ ਰੋਕ ਲਗਾ ਦਿੱਤੀ ਗਈ ਪਰ ਇਸ ਸਮੇਂ ਅਵਾਮੀ ਲੀਗ ਇੱਕ ਨਵੇਂ ਰੂਪ ਵਿੱਚ ਉਭਰ ਕੇ ਬੰਗਲਾਦੇਸ਼ ਦੇ ਮੌਜੂਦਾ ਸ਼ਾਸਕਾਂ ਅੱਗੇ ਖੜੀ ਹੋ ਗਈ ਹੈ, ਜਿਸ ਕਾਰਨ ਇਸ ਦੇਸ਼ ਵਿੱਚ ਹਾਲਾਤ ਕਾਬੂ ਤੋਂ ਬਾਹਰ ਹੁੰਦੇ ਜਾ ਰਹੇ ਹਨ। ਇਸ ਨੂੰ ਵਿੰਡਬਨਾ ਹੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਘਟਨਾਵਾਂ ਦੇ ਪਰਛਾਵੇਂ, ਜਿਨ੍ਹਾਂ ਨੇ ਸ਼ੇਖ ਹਸੀਨਾ ਨੂੰ ਸੱਤਾ ਤੋਂ ਬੇਦਖਲ ਕੀਤਾ ਅਤੇ ਉਨ੍ਹਾਂ ਦੇ ਰਾਜਨੀਤਿਕ ਵਜੂਦ ਨੂੰ ਖਤਮ ਕਰਨ ਦੇ ਯਤਨ ਕੀਤੇ, ਹੁਣ ਯੂਨਸ ਦੇ ਆਪਣੇ ਦਰਵਾਜ਼ੇ 'ਤੇ ਪਹੁੰਚ ਗਏ ਹਨ। ਬੰਗਲਾਦੇਸ਼ੀ ਰਾਜਨੀਤੀ ਹੁਣ ਇੱਕ ਖ਼ਤਰਨਾਕ ਮੋੜ 'ਤੇ ਹੈ, ਜਿੱਥੇ ਸੱਤਾ ਬਦਲਣ ਤੋਂ ਬਾਅਦ, ਸਾਬਕਾ ਸ਼ਾਸਕਾਂ ਨੂੰ ਰਾਜਨੀਤਿਕ ਵਿਰੋਧੀਆਂ ਵਜੋਂ ਨਹੀਂ ਸਗੋਂ ਦੁਸ਼ਮਣਾਂ ਵਜੋਂ ਦੇਖਿਆ ਜਾਂਦਾ ਹੈ। ਜਿਵੇਂ ਪਾਕਿਸਤਾਨ ਵਿੱਚ, ਬੇਦਖਲ ਕੀਤੇ ਗਏ ਨੇਤਾਵਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਰਾਜਨੀਤਿਕ ਬਦਲੇ ਦਾ ਸਾਹਮਣਾ ਕਰਨਾ ਪਿਆ ਹੈ, ਬੰਗਲਾਦੇਸ਼ ਵਿੱਚ ਵੀ ਇਹੀ ਦ੍ਰਿਸ਼ ਉੱਭਰ ਰਿਹਾ ਹੈ।

ਬੰਗਲਾਦੇਸ਼ ਦਾ ਮੌਜੂਦਾ ਅਰਥਚਾਰਾ ਇਸ ਸਮੇਂ ਡਾਵਾਂਡੋਲ ਹੋਣ ਦੇ ਨਾਲ-ਨਾਲ ਕਈ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਮੁਲਕ 'ਚ ਵਿਦੇਸ਼ੀ ਕਰੰਸੀ ਦਾ ਵੀ ਸੰਕਟ ਹੈ। ਜਦੋਂ ਅਰਥਚਾਰੇ ਦੀ ਕਾਰਗੁਜ਼ਾਰੀ ਚੰਗੀ ਹੁੰਦੀ ਹੈ ਤਾਂ ਨਾਗਰਿਕ ਉਨ੍ਹਾਂ ਨੂੰ ਮਿਲੀ ਰਹੀ ਜਮਹੂਰੀ ਥਾਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ ਪਰ ਜਦੋਂ ਅਰਥਚਾਰੇ ਦੀ ਹਾਲਤ ਵਿਗੜਨ ਲਗਦੀ ਹੈ ਤਾਂ ਨੌਕਰੀਆਂ, ਰੁਜ਼ਗਾਰ ਅਤੇ ਸਿਆਸੀ ਆਜ਼ਾਦੀ ਜਿਹੇ ਸਰੋਕਾਰ ਬਹੁਤ ਮਹੱਤਵਪੂਰਨ ਬਣ ਜਾਂਦੇ ਹਨ।



ਵਿਸ਼ਵ ਫੈਸ਼ਨ ਮੰਚ 'ਤੇ ਸਿੱਖ ਪਛਾਣ ਦਾ ਮਾਣ

ਨਵਜੋਤ ਕੌਰ ਨੇ ਕੈਨੇਡਾ 'ਚ ਰਚਿਆ ਇਤਿਹਾਸ





ਆਧੁਨਿਕ ਯੁੱਗ ਵਿੱਚ ਫੈਸ਼ਨ ਸਿਰਫ਼ ਪਹਿਰਾਵੇ ਜਾਂ ਬਾਹਰੀ ਸੁੰਦਰਤਾ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਸੱਭਿਆਚਾਰਕ ਪਛਾਣ ਅਤੇ ਸਮਾਜਿਕ ਤਬਦੀਲੀ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਬਣ ਚੁੱਕਾ ਹੈ। ਹਾਲਾਂਕਿ, ਲੰਬੇ ਸਮੇਂ ਤੱਕ ਗਲੋਬਲ ਫੈਸ਼ਨ ਇੰਡਸਟਰੀ ਉੱਤੇ ਪੱਛਮੀ ਮਾਪਦੰਡਾਂ ਅਤੇ ਸੁੰਦਰਤਾ ਦੀਆਂ ਕੁਝ ਖਾਸ, ਸੀਮਤ ਪਰਿਭਾਸ਼ਾਵਾਂ ਦਾ ਦਬਦਬਾ ਰਿਹਾ ਹੈ। ਅਜਿਹੇ ਮਾਹੌਲ ਵਿੱਚ ਜਦੋਂ ਕੋਈ ਸ਼ਖ਼ਸੀਅਤ ਆਪਣੀ ਮੌਲਿਕ ਵਿਰਾਸਤ, ਧਾਰਮਿਕ ਚਿੰਨ੍ਹਾਂ ਅਤੇ ਸੱਭਿਆਚਾਰਕ ਪਛਾਣ ਨੂੰ ਬਿਨਾਂ ਕਿਸੇ ਝਿਜਕ ਦੇ ਦੁਨੀਆ ਦੇ ਸਭ ਤੋਂ ਵੱਡੇ ਮੰਚਾਂ 'ਤੇ ਪੇਸ਼ ਕਰਦੀ ਹੈ, ਤਾਂ ਉਹ ਸਿਰਫ਼ ਇੱਕ ਨਿੱਜੀ ਪ੍ਰਾਪਤੀ ਨਹੀਂ ਰਹਿੰਦੀ, ਸਗੋਂ ਪੂਰੇ ਭਾਈਚਾਰੇ ਲਈ ਇਤਿਹਾਸਕ ਮਾਣ ਬਣ ਜਾਂਦੀ ਹੈ। ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿੱਚ ਆਯੋਜਿਤ ਹੋਏ ਇੱਕ ਅੰਤਰਰਾਸ਼ਟਰੀ ਫੈਸ਼ਨ ਸ਼ੋਅ ਦੌਰਾਨ ਭਾਰਤੀ ਮੂਲ ਦੀ ਸਿੱਖ ਮਾਡਲ ਨਵਜੋਤ ਕੌਰ ਵੱਲੋਂ ਦਸਤਾਰ ਸਜਾ ਕੇ ਰੈਂਪ 'ਤੇ ਕੀਤੀ ਗਈ ਸ਼ਾਨਦਾਰ ਪੇਸ਼ਕਾਰੀ ਅਜਿਹੀ ਹੀ ਇੱਕ ਪ੍ਰੇਰਨਾਦਾਇਕ ਘਟਨਾ ਹੈ, ਜਿਸ ਨੇ ਦੁਨੀਆ ਭਰ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।

ਟੋਰਾਂਟੋ ਦੇ ਇਸ ਵੱਕਾਰੀ ਫੈਸ਼ਨ ਮੰਚ 'ਤੇ ਨਵਜੋਤ ਕੌਰ ਦੀ ਆਤਮ-ਵਿਸ਼ਵਾਸ ਨਾਲ ਭਰਪੂਰ ਚਾਲ, ਉਨ੍ਹਾਂ ਦੇ ਚਿਹਰੇ ਦਾ ਨੂਰ ਅਤੇ ਸਿਰ 'ਤੇ ਸਜੀ ਦਸਤਾਰ ਨੇ ਸੋਸ਼ਲ ਮੀਡੀਆ 'ਤੇ ਲੱਖਾਂ ਲੋਕਾਂ ਦੇ ਦਿਲਾਂ ਨੂੰ ਛੂਹ ਲਿਆ ਹੈ। ਸਿੱਖ ਧਰਮ ਅਤੇ ਇਤਿਹਾਸ ਵਿੱਚ ਦਸਤਾਰ ਸਿੱਖੀ ਵਿੱਚ ਸਵੈ-ਮਾਣ, ਅਣਖ, ਬਰਾਬਰੀ, ਜ਼ਿੰਮੇਵਾਰੀ, ਪੰਥਕ ਚੇਤਨਾ ਅਤੇ ਸਰਦਾਰੀ ਦਾ ਪ੍ਰਤੀਕ ਹੈ। ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਇਸ ਅਨਮੋਲ ਦਾਤ ਨੂੰ ਕਾਇਮ ਰੱਖਣ ਲਈ ਸਿੱਖ ਕੌਮ ਨੇ ਸਦੀਆਂ ਦੌਰਾਨ ਅਨੇਕਾਂ ਕੁਰਬਾਨੀਆਂ ਦਿੱਤੀਆਂ ਹਨ। ਅਜਿਹੇ ਵਿੱਚ ਜਦੋਂ ਇੱਕ ਸਿੱਖ ਮੁਟਿਆਰ ਵਿਦੇਸ਼ੀ ਧਰਤੀ 'ਤੇ, ਜਿੱਥੇ ਅਕਸਰ ਆਧੁਨਿਕਤਾ ਦੇ ਨਾਂ 'ਤੇ ਆਪਣੀਆਂ ਜੜ੍ਹਾਂ ਤੋਂ ਟੁੱਟਣ ਦਾ ਦਬਾਅ ਰਹਿੰਦਾ ਹੈ, ਆਪਣੀ ਦਸਤਾਰ ਸਮੇਤ ਕੈਟਵਾਕ ਕਰਦੀ ਹੈ, ਤਾਂ ਉਹ ਪੂਰੀ ਦੁਨੀਆ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਆਧੁਨਿਕਤਾ ਅਤੇ ਵਿਰਾਸਤ ਇੱਕ-ਦੂਜੇ ਦੇ ਵਿਰੋਧੀ ਨਹੀਂ, ਸਗੋਂ ਇੱਕ-ਦੂਜੇ ਦੇ ਪੂਰਕ ਹਨ। ਨਵਜੋਤ ਕੌਰ ਨੇ ਇਸ ਪੁਰਾਣੀ ਅਤੇ ਸੀਮਤ ਸੋਚ ਨੂੰ ਤੋੜਦਿਆਂ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਤੁਹਾਡੇ ਅੰਦਰ ਆਪਣੀ ਪਛਾਣ ਪ੍ਰਤੀ ਸੱਚਾ ਵਿਸ਼ਵਾਸ ਅਤੇ ਦ੍ਰਿੜ੍ਹ ਇਰਾਦਾ ਹੈ, ਤਾਂ ਦੁਨੀਆ ਦਾ ਕੋਈ ਵੀ ਮੰਚ ਤੁਹਾਡੇ ਲਈ ਅਛੂਤਾ ਨਹੀਂ ਰਹਿ ਸਕਦਾ। ਉਨ੍ਹਾਂ ਦਾ ਇਹ ਕਹਿਣਾ ਕਿ 'ਤੁਸੀਂ ਆਪਣੀ ਪਛਾਣ, ਇਤਿਹਾਸ ਅਤੇ ਵਿਸ਼ਵਾਸ ਨੂੰ ਨਾਲ ਲੈ ਕੇ ਦੁਨੀਆ ਦੇ ਹਰ ਮੰਚ 'ਤੇ ਮਜ਼ਬੂਤੀ ਨਾਲ ਖੜ੍ਹੇ ਹੋ ਸਕਦੇ ਹੋ। ਬੱਸ ਆਪਣੇ ਅੰਦਰ ਵਸਦੇ ਉਸ ਸਤਿਗੁਰੂ 'ਤੇ ਵਿਸ਼ਵਾਸ ਰੱਖੋ', ਹਰ ਉਸ ਨੌਜਵਾਨ ਦੇ ਅੰਦਰ ਨਵੀਂ ਊਰਜਾ ਭਰਦਾ ਹੈ ਜੋ ਆਪਣੀ ਵਿਰਾਸਤ ਨੂੰ ਲੈ ਕੇ ਕਿਸੇ ਦੁਬਿਧਾ ਵਿੱਚ ਹੈ।

ਵਿਦੇਸ਼ਾਂ ਵਿੱਚ ਵਸਦੇ ਸਿੱਖ ਭਾਈਚਾਰੇ ਦੇ ਨਜ਼ਰੀਏ ਤੋਂ ਵੀ ਨਵਜੋਤ ਕੌਰ ਦੀ ਇਹ ਪੇਸ਼ਕਾਰੀ ਬੇਹੱਦ ਅਹਿਮ ਹੈ। ਕੈਨੇਡਾ, ਅਮਰੀਕਾ, ਯੂਰਪ ਅਤੇ ਹੋਰ ਪੱਛਮੀ ਦੇਸ਼ਾਂ ਵਿੱਚ ਸਿੱਖਾਂ ਨੇ ਆਪਣੀ ਮਿਹਨਤ, ਇਮਾਨਦਾਰੀ ਅਤੇ ਸੇਵਾ ਭਾਵਨਾ ਨਾਲ ਹਰ ਖੇਤਰ ਵਿੱਚ ਉੱਚੇ ਮੁਕਾਮ ਹਾਸਲ ਕੀਤੇ ਹਨ। ਭਾਵੇਂ ਉਹ ਰਾਜਨੀਤੀ ਹੋਵੇ, ਵਪਾਰ ਹੋਵੇ, ਖੇਡਾਂ ਹੋਣ ਜਾਂ ਫਿਰ ਰੱਖਿਆ ਸੇਵਾਵਾਂ, ਸਿੱਖਾਂ ਨੇ ਆਪਣੀ ਵਿਲੱਖਣ ਪਛਾਣ ਨਾਲ ਮੱਲਾਂ ਮਾਰੀਆਂ ਹਨ। ਇਸ ਦੇ ਬਾਵਜੂਦ, ਕਈ ਵਾਰ ਆਮ ਲੋਕਾਂ ਵਿੱਚ ਸਿੱਖ ਪਛਾਣ ਅਤੇ ਦਸਤਾਰ ਪ੍ਰਤੀ ਜਾਗਰੂਕਤਾ ਦੀ ਘਾਟ ਕਾਰਨ ਗਲਤਫਹਿਮੀਆਂ ਜਾਂ ਨਸਲੀ ਵਿਤਕਰੇ ਵਰਗੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਅਜਿਹੇ ਸਮੇਂ ਵਿੱਚ ਫੈਸ਼ਨ, ਕਲਾ ਅਤੇ ਮੀਡੀਆ ਵਰਗੇ ਲੋਕਪ੍ਰਿਯ ਮੰਚਾਂ 'ਤੇ ਦਸਤਾਰ ਦੀ ਸਕਾਰਾਤਮਕ ਅਤੇ ਸ਼ਾਨਦਾਰ ਪੇਸ਼ਕਾਰੀ ਆਮ ਲੋਕਾਂ ਵਿੱਚ ਸਿੱਖ ਸੱਭਿਆਚਾਰ ਪ੍ਰਤੀ ਸਤਿਕਾਰ ਅਤੇ ਸਮਝ ਪੈਦਾ ਕਰਨ ਦਾ ਸਭ ਤੋਂ ਕਾਰਗਰ ਜ਼ਰੀਆ ਬਣਦੀ ਹੈ। ਡਿਜ਼ਾਈਨਰਾਂ ਵੱਲੋਂ ਇੱਕ ਸਿੱਖ ਮਾਡਲ ਨੂੰ ਉਸ ਦੀ ਦਸਤਾਰ ਸਮੇਤ ਰੈਂਪ 'ਤੇ ਉਤਾਰਨਾ ਇਹ ਦਰਸਾਉਂਦਾ ਹੈ ਕਿ ਕਲਾ ਦੀ ਦੁਨੀਆ ਹੁਣ ਬੰਦ ਦਾਇਰਿਆਂ ਵਿੱਚੋਂ ਨਿਕਲ ਕੇ ਵਿਸ਼ਵ-ਵਿਆਪੀ ਸੱਭਿਆਚਾਰਾਂ ਨੂੰ ਗਲੇ ਲਗਾਉਣ ਲਈ ਤਿਆਰ ਹੈ।

ਨਵਜੋਤ ਕੌਰ ਦੀ ਇਹ ਸਫਲਤਾ ਸਿੱਖ ਔਰਤਾਂ ਦੇ ਸਸ਼ਕਤੀਕਰਨ ਦੀ ਇੱਕ ਜਿਉਂਦੀ-ਜਾਗਦੀ ਮਿਸਾਲ ਹੈ। ਸਿੱਖ ਇਤਿਹਾਸ ਵਿੱਚ ਔਰਤਾਂ ਨੂੰ ਹਮੇਸ਼ਾ ਬਰਾਬਰੀ ਦਾ ਦਰਜਾ ਦਿੱਤਾ ਗਿਆ ਹੈ। ਮਾਤਾ ਭਾਗ ਕੌਰ ਵਰਗੀਆਂ ਮਹਾਨ ਸ਼ਖ਼ਸੀਅਤਾਂ ਨੇ ਦਸਤਾਰ ਸਜਾ ਕੇ ਮੈਦਾਨ-ਏ-ਜੰਗ ਵਿੱਚ ਬਹਾਦਰੀ ਦੇ ਜੌਹਰ ਦਿਖਾਏ ਸਨ। ਅੱਜ ਦੇ ਦੌਰ ਵਿੱਚ ਜਦੋਂ ਸਿੱਖ ਲੜਕੀਆਂ ਦਸਤਾਰ ਸਜਾ ਕੇ ਵੱਖ-ਵੱਖ ਖੇਤਰਾਂ ਵਿੱਚ ਅੱਗੇ ਵਧ ਰਹੀਆਂ ਹਨ, ਤਾਂ ਉਹ ਉਸੇ ਮਹਾਨ ਵਿਰਾਸਤ ਨੂੰ ਅੱਗੇ ਤੋਰ ਰਹੀਆਂ ਹਨ। ਫੈਸ਼ਨ ਵਰਗੇ ਖੇਤਰ ਵਿੱਚ, ਜਿੱਥੇ ਔਰਤਾਂ ਨੂੰ ਅਕਸਰ ਇੱਕ ਖਾਸ ਤਰ੍ਹਾਂ ਦੇ ਬਾਹਰੀ ਰੂਪ ਵਿੱਚ ਢਲਣ ਲਈ ਕਿਹਾ ਜਾਂਦਾ ਹੈ, ਉੱਥੇ ਨਵਜੋਤ ਕੌਰ ਦਾ ਦਸਤਾਰ ਸਜਾ ਕੇ ਕਦਮ ਰੱਖਣਾ ਅਨੇਕਾਂ ਨੌਜਵਾਨ ਲੜਕੀਆਂ ਲਈ ਪ੍ਰੇਰਨਾ ਦਾ ਸਰੋਤ ਬਣੇਗਾ।

ਅਜੋਕੇ ਦੌਰ ਵਿੱਚ ਜਦੋਂ ਪਦਾਰਥਵਾਦ ਅਤੇ ਅੰਨ੍ਹੇ ਵਾਹ ਪੱਛਮੀਕਰਨ ਦੀ ਦੌੜ ਵਿੱਚ ਸਾਡੀ ਨੌਜਵਾਨ ਪੀੜ੍ਹੀ ਆਪਣੇ ਅਮੀਰ ਵਿਰਸੇ, ਮਾਂ-ਬੋਲੀ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਤੋਂ ਦੂਰ ਹੁੰਦੀ ਜਾ ਰਹੀ ਹੈ, ਅਜਿਹੀਆਂ ਘਟਨਾਵਾਂ ਇੱਕ ਠੰਢੀ ਹਵਾ ਦੇ ਬੁੱਲੇ ਵਾਂਗ ਹਨ। ਨਵਜੋਤ ਕੌਰ ਨੇ ਇਹ ਸੁਨੇਹਾ ਦਿੱਤਾ ਹੈ ਕਿ ਆਪਣੀ ਪਛਾਣ ਨੂੰ ਛੁਪਾਉਣ ਦੀ ਬਜਾਏ ਉਸ 'ਤੇ ਮਾਣ ਕਰਨਾ ਹੀ ਅਸਲ ਸੁੰਦਰਤਾ ਹੈ। ਜਦੋਂ ਅਸੀਂ ਆਪਣੇ ਅਸਲ ਸਰੂਪ ਨੂੰ ਸਵੀਕਾਰ ਕਰਦੇ ਹਾਂ, ਤਾਂ ਦੁਨੀਆ ਵੀ ਸਾਨੂੰ ਉਸੇ ਰੂਪ ਵਿੱਚ ਸਵੀਕਾਰ ਕਰਨ ਲਈ ਮਜਬੂਰ ਹੋ ਜਾਂਦੀ ਹੈ।

ਅੰਤ ਵਿੱਚ, ਟੋਰਾਂਟੋ ਫੈਸ਼ਨ ਸ਼ੋਅ ਦੇ ਰੈਂਪ 'ਤੇ ਨਵਜੋਤ ਕੌਰ ਦੀ ਇਹ ਇਤਿਹਾਸਕ ਹਾਜ਼ਰੀ ਸਿਰਫ਼ ਫੈਸ਼ਨ ਜਗਤ ਦੀ ਇੱਕ ਸੁਰਖੀ ਨਹੀਂ, ਸਗੋਂ ਸੱਭਿਆਚਾਰਕ ਜਾਗ੍ਰਿਤੀ ਅਤੇ ਸਿੱਖ ਸਵੈ-ਮਾਣ ਦਾ ਇੱਕ ਵੱਡਾ ਸੁਨੇਹਾ ਹੈ। ਇਹ ਘਟਨਾ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਦਸਤਾਰ ਦੀ ਸ਼ਾਨ ਹਰ ਮੰਚ, ਹਰ ਦੇਸ਼ ਅਤੇ ਹਰ ਯੁੱਗ ਵਿੱਚ ਬਰਕਰਾਰ ਰਹੇਗੀ।

ਸਿੱਖ ਨਸਲਕੁਸ਼ੀ: ਦੋਸ਼ ਨੇਸ਼ਨ ਸਟੇਟ ਦਾ ਜਾਂ ਸਦੀਆਂ ਪੁਰਾਣੀ ਵਿਚਾਰਧਾਰਕ ਦੁਸ਼ਮਣੀ ਦਾ ?

ਪ੍ਰਭਜੋਤ ਸਿੰਘ

ਨਸਲਕੁਸ਼ੀ ਦੀਆਂ ਜੜ੍ਹਾਂ ਕਿਸੇ ਰਾਜ-ਪ੍ਰਬੰਧ ਦੀ ਸਥਾਪਨਾ ਨਾਲ ਨਹੀਂ ਉੱਗਦੀਆਂ, ਇਹ ਉਸ ਵਿਚਾਰਧਾਰਾ ਦੀ ਕੁੱਖ ਵਿੱਚ ਪਲਦੀਆਂ ਹਨ ਜੋ ਦੂਜੀ ਕੌਮ ਦੀ ਹੋਂਦ ਨੂੰ ਸਵੀਕਾਰ ਕਰਨ ਤੋਂ ਇਨਕਾਰੀ ਹੁੰਦੀ ਹੈ। ਲਿਬਾਸ ਬਦਲ ਜਾਣ ਨਾਲ ਵਿਚਾਰਧਾਰਾ ਦੀ ਆਤਮਾ ਨਹੀਂ ਬਦਲਦੀ! ਲਿਬਾਸ ਬਦਲਿਆ ਹੈ, ਆਤਮਾ ਉਹੀ ਹੈ — ਸਿੱਖ ਨਸਲਕੁਸ਼ੀ ਦੀ ਜੜ੍ਹ ਨੇਸ਼ਨ ਸਟੇਟ ਵਿੱਚ ਨਹੀਂ, ਬਿਪਰ-ਸੰਸਕਾਰੀ ਵਿਚਾਰਧਾਰਾ ਵਿੱਚ ਹੈ।

ਨਸਲਕੁਸ਼ੀ ਪੁਰਾਤਨ ਵਰਤਾਰਾ ਹੈ। ਇਸ ਹਕੀਕਤ ਦੀ ਪੁਸ਼ਟੀ ਤਾਂ ਨਸਲਕੁਸ਼ੀ ਟਰਮ ਦੀ ਘਾੜਤ ਘੜਨ ਵਾਲੇ ਰਾਫ਼ੇਲ ਲੈਮਕਿਨ ਨੇ ਵੀ ਕੀਤੀ ਹੈ। ਜੋਕਿ ਖੁਦ ਯਹੂਦੀ ਸੀ। ਰਾਫ਼ੇਲ ਲੈਮਕਿਨ ਅਨੁਸਾਰ ਨਸਲਕੁਸ਼ੀ ਦਾ ਵਰਤਾਰਾ ਨੇਸ਼ਨ ਸਟੇਟ ਤੋਂ ਕਿਤੇ ਪਹਿਲਾਂ ਵੀ ਮੌਜੂਦ ਸੀ। ਸਿਰਫ਼ ਉਸ ਵੇਲੇ ਟਰਮ ਨਸਲਕੁਸ਼ੀ ਦੀ ਅਣਹੋਂਦ ਸੀ। ਆਟੋਮਨ ਐਮਪਾਇਰ ਨੇ ਵੀ ਅਰਮੀਨੀਅਨ (ਲੋਕਾਂ ਦੀ ਨਸਲਕੁਸ਼ੀ ਕੀਤੀ ਸੀ। ਇਹ ਕੁਕਰਮ ਅਤੇ ਜ਼ੁਲਮ ਆਟੋਮਨ ਐਮਪਾਇਰ ਨੇ 20ਵੀਂ ਸਦੀ ਦੇ ਦੂਸਰੇ ਦਹਾਕੇ ਵਿੱਚ ਹੀ ਸਰਅੰਜਾਮ ਦਿੱਤਾ ਸੀ। ਇੱਥੇ ਤਾਂ ਨੇਸ਼ਨ ਸਟੇਟ ਨਹੀਂ ਸੀ। ਇਹ ਘੋਰ ਗੁਨਾਹ ਤਾਂ ਕੀਤਾ ਗਿਆ ਸੀ।

ਹਾਲਾਂਕਿ ਸੰਸਾਰ ਅੰਦਰ ਇਸ ਤੋਂ ਵੀ ਪੁਰਾਣੀਆਂ ਜਾਂ ਪੁਰਾਤਨ ਕਾਲ ਦੀਆਂ ਨਸਲਕੁਸ਼ੀਆਂ ਦੀ ਭਰਪੂਰ ਜਾਣਕਾਰੀ ਇਤਿਹਾਸ ਅੰਦਰ ਦਰਜ ਮਿਲਦੀ ਹੈ। ਪਰ ਆਪਾਂ ਹਾਲੇ ਉਸ ਪਾਸੇ ਵੱਲ ਨਹੀਂ ਜਾਂਦੇ ਹਾਂ। ਇੱਥੇ ਮਸਲਾ ਸਿੱਖ ਨਸਲਕੁਸ਼ੀ ਦਾ ਹੈ ਜੋ ਕਿ ਸਰੀਰਕ ਰੂਪ ਤੋਂ ਲੈ ਕੇ ਸਭਿਆਚਾਰਕ ਖੇਤਰ ਤੱਕ ਫ਼ੈਲੀ ਹੋਈ ਹੈ। ਇਹ ਸਟੇਟ ਜਾਂ ਰਾਜ ਬਿਪਰ-ਸੰਸਕਾਰੀ ਬਹੁਗਿਣਤੀ ਦਾ ਹੈ। ਇਸ ਵਿਚਲੀ ਨਸਲਕੁਸ਼ੀ ਦੀ ਪ੍ਰਵਿਰਤੀ ਬ੍ਰਾਹਮਣਵਾਦੀ-ਆਧੁਨਿਕ ਹਿੰਦੂਵਾਦੀ ਸੋਚ ਵਿੱਚੋਂ ਹੋਂਦ ਹਾਸਿਲ ਕਰਦੀ ਹੈ।

ਇਸ ਸੋਚ ਵੱਲੋਂ ਨਸਲਘਾਤ ਦੀਆਂ ਮਿਸਾਲਾਂ ਵੈਦਿਕ ਯੁਗ ਤੋਂ ਬਾਅਦ ਮਿਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜਿਸ ਵਿੱਚ ਜਿਸਮਾਨੀ ਕਤਲੇਆਮ ਤੋਂ ਲੈ ਕੇ ਵਿਚਾਰਧਾਰਕ ਕਤਲੇਆਮ ਦੁਆਰਾ ਆਪਣੇ ਵਿੱਚ ਜਜ਼ਬ ਕਰਨ ਦੀਆਂ ਅਨੇਕਾਂ ਉਦਾਹਰਣਾਂ ਮੌਜੂਦ ਹਨ। ਉਸ ਵੇਲੇ ਪੱਛਮੀ ਤਰਜ਼ ਦੀ ਕਿਹੜੀ ਨੇਸ਼ਨ ਸਟੇਟ ਜਾਂ ਨੈਸ਼ਨਲਿਜ਼ਮ ਮੌਜੂਦ ਸੀ? ਇਹ ਬਿਪਰ-ਸੰਸਕਾਰੀ ਵਿਚਾਰਧਾਰਾ ਅਤੇ ਉਸ ਦਾ ਵਹਿਸ਼ੀ ਅਭਿਆਸ ਜਾਂ ਕੁਕਰਮ ਪਹਿਲਾਂ ਤੋਂ ਹੀ ਕਾਇਮ ਸੀ ਅਤੇ ਹੈ।

ਬਿਪਰ-ਸੰਸਕਾਰੀ ਤਾਕਤ ਨੇ ਪੂਰਬਵਾਦ ਜਾਂ ਪੱਛਮ ਦੀ ਸੋਚ ਦੀ ਵਰਤੋਂ ਆਪਣੇ ਹੱਕ ਵਿੱਚ ਕਰਕੇ ਆਪਣੀ ਨੇਸ਼ਨ ਸਟੇਟ ਖੜ੍ਹੀ ਕਰ ਲਈ। ਪਰ ਉਸਨੇ ਆਪਣੀ ਮੂਲ ਵਹਿਸ਼ੀ ਸੋਚ ਅਤੇ ਕਸਰਤ ਨੂੰ ਮਾਡਰਨ ਰਾਜ ਭਾਵ ਕੌਮੀ ਰਾਜ ਵਿੱਚ ਵੀ ਪ੍ਰਵੇਸ਼ ਜਾਂ ਦਾਖਿਲ ਕਰਕੇ ਆਪਣੇ ਖ਼ਤਰਨਾਕ ਅਤੇ ਘਾਤਕ ਮਨਸੂਬੇ ਪੁਰਾਤਨ ਕਾਲ ਵਾਂਗ ਹੀ ਜਾਰੀ ਰੱਖੇ ਹੋਏ ਹਨ। ਜੇ ਬਿਲਕੁਲ ਸਾਧਾਰਨ ਸ਼ਬਦਾਂ ਵਿੱਚ ਗੱਲ ਕਰਨੀ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਉਹਨਾਂ ਨੇ ਲਿਬਾਸ ਜਾਂ ਪਹਿਰਾਵਾ ਹੀ ਬਦਲਿਆ ਹੈ, ਪਰ ਉਹਨਾਂ ਦੀ ਸਿੱਖੀ ਅਤੇ ਸਿੱਖ ਵਿਰੋਧੀ, ਅਤਿ ਦੁਸ਼ਮਣੀ ਭਰੀ ਆਤਮਾ ਗੁਰੂ ਸਾਹਿਬਾਨ ਦੇ ਵੇਲੇ ਤੋਂ ਅਤੇ ਸਿੱਖੀ ਦੇ ਇਸ ਧਰਤੀ ਉੱਤੇ ਪ੍ਰਕਾਸ਼ਮਾਨ ਹੋਣ ਤੋਂ ਬਹੁਤ ਪਹਿਲਾਂ ਹੀ ਕਾਇਮ ਸੀ ਅਤੇ ਉਸ ਦੀ ਨਵੀਂ ਦੇਹ ਭਾਵ ਕੌਮੀ ਰਾਜ ਵਿੱਚ ਵਿਦਮਾਨ, ਹਾਜ਼ਰ ਅਤੇ ਜੀਵੰਤ ਰੂਪ ਵਿੱਚ ਆਪਣੀ ਹੋਂਦ ਪੂਰਨ ਤਾਕਤਵਰ ਅੰਦਾਜ਼ 'ਚ ਆਪਣਾ ਸਥਾਈ ਸਥਾਨ ਬਣਾ ਕੇ ਜਮੂਦ ਦੇ ਮੁਆਫ਼ਕ ਡੇਰਾ ਲਾਈ ਬੈਠੀ ਹੈ।

ਸੋ, ਗੁਨਾਹ ਨੇਸ਼ਨ ਸਟੇਟ ਦਾ ਨਹੀਂ ਹੈ ਬਲਕਿ ਬਿਪਰ-ਸੰਸਕਾਰੀ ਵਿਚਾਰਧਾਰਾ 'ਚੋਂ ਉਪਜਣ ਵਾਲੀ ਮੰਦਭਾਵਨਾ ਅਤੇ ਕੁਚੱਜੀ ਜਾਂ ਅਸਭਿਅਕ ਵਹਿਸ਼ੀ ਸੋਚ ਅਤੇ ਅਮਲ ਦਾ ਹੈ। ਕੌਮ ਨੂੰ ਨੇਸ਼ਨ ਸਟੇਟ ਵਿਰੋਧੀ ਥੀਸਿਸ ਦੇਣ ਵਾਲੇ ਕੁੱਝ ਸਿੱਖ ਅਤੇ ਗ਼ੈਰ-ਸਿੱਖ ਵਿਦਵਾਨਾਂ ਦੇ ਜ਼ਰੀਏ ਕੁੱਝ ਸਿੱਖ ਧਿਰਾਂ ਜਾਂ ਸਿੱਖ ਇੰਨੇ ਕੁਰਾਹੇ ਪੈ ਗਏ ਹਨ ਕਿ ਹਿੰਦੂਵਾਦ ਦਾ ਹਲਕਾ ਜਿਹਾ ਜ਼ਿਕਰ ਕਰਕੇ ਜਾਂ ਵਿਰੋਧ ਕਰਕੇ ਸਾਰਾ ਦੋਸ਼ ਜਾਂ ਕਸੂਰ ਪੱਛਮ ਜਾਂ ਨੇਸ਼ਨ ਸਟੇਟ ਦਾ ਹੀ ਕੱਢ ਮਾਰਦੇ ਹਨ। ਸਿੱਖਾਂ ਦੀ ਸੁਰਤ ਵਿੱਚ ਇਹ ਵਿਚਾਰ ਉਤਾਰ ਦਿੰਦੇ ਹਨ ਕਿ ਸਾਡੀ ਨਸਲਕੁਸ਼ੀ ਦੀ ਅਸਲ ਜਾਂ ਹਕੀਕੀ ਜੜ੍ਹ ਨੇਸ਼ਨ ਸਟੇਟ ਵਿੱਚ ਹੀ ਪਈ ਹੈ। ਇਹ ਬਿਪਰ-ਸੰਸਕਾਰੀ ਤਾਕਤਾਂ ਨੂੰ ਗੁਨਾਹ-ਮੁਕਤ ਕਰਨ ਦਾ ਬੜਾ ਵਧੀਆ ਢੰਗ ਇਹਨਾਂ ਨੇ ਲੱਭਿਆ ਜਾਂ ਖੋਜਿਆ ਹੋਇਆ ਹੈ।

ਸੋ, ਇਹਨਾਂ ਦੇ ਜਾਂ ਇਹਨਾਂ ਵਰਗੇ ਹੋਰ ਸਿੱਖਾਂ ਦੇ ਪ੍ਰਵਚਨ ਕਾਰਨ ਸਿੱਖ ਆਪਣੀ ਨੇਸ਼ਨ ਸਟੇਟ ਦੇ ਸੰਘਰਸ਼ ਨੂੰ ਤਿਆਗ ਕਿ ਭਾਰਤੀ ਰਾਜ ਦੀ ਮਾਰੂ ਪ੍ਰਭੂਸੱਤਾ ਹੇਠ ਸੁਧਾਰਾਂ ਦੇ ਜ਼ਰੀਏ ਸਿੱਖਾਂ ਦਾ ਭਵਿੱਖ ਆਪਣੀ ਹੀ ਮੌਤ ਨੂੰ ਜੱਫੀ ਪਾਕੇ ਭਾਰਤੀ ਸਟੇਟ ਵਿੱਚੋਂ ਹੀ ਦੇਖਣ ਲੱਗੇ ਹੋਏ ਹਨ। ਇਹ ਸਿੱਖੀ ਅਤੇ ਸਿੱਖਾਂ ਦੇ ਅਗਾਊਂ ਘਾਣ ਦਾ ਹੋਰ ਸਖ਼ਤ ਮਾਹੌਲ ਕਰਨ ਵਿੱਚ ਭਾਰਤੀ ਸਟੇਟ ਦੇ ਹੱਕ ਵਿੱਚ ਸਹਾਈ ਹੋ ਰਹੇ ਹਨ। ਉਂਝ ਦੰਭ ਕਰਨ ਵੇਲੇ ਇਹ ਆਪਣੇ ਆਪ ਨੂੰ ਸਿੱਖ ਦਰਦ ਜਾਂ ਪੀੜ ਨਾਲ ਵਿੰਨ੍ਹੇ ਹੋਏ ਹੋਣ ਦਾ ਭਰਵਾਂ ਵਿਖਾਵਾ ਵੀ ਕਰਦੇ ਹਨ। ਪਰ ਇਹਨਾਂ ਦਾ ਸਾਰਾ ਖੋਖਲਾ ਬੌਧਿਕ ਅਤੇ ਸਿਆਸੀ ਅਮਲ ਸਿੱਖੀ ਦੀਆਂ ਜੜ੍ਹਾਂ ਪੁੱਟਣ ਉੱਤੇ ਲੱਗਾ ਹੋਇਆ ਹੈ। ਪਰ ਪੰਥ ਦੀ ਤਰਾਸਦੀ ਹੈ ਕਿ ਉਹ ਇਹਨਾਂ 'ਤੇ ਅੱਖਾਂ ਮੀਟ ਕੇ ਯਕੀਨ ਕਰਨ ਲੱਗੇ ਹੋਏ ਹਨ। ਇਸ ਖੇਤਰ ਵਿੱਚ ਬੌਧਿਕ ਅਮਲ ਦੇ ਜ਼ਰੀਏ ਵੱਡੀ ਤਬਦੀਲੀ ਦੀ ਲੋੜ ਕੌਮ ਅੱਗੇ ਦਰਪੇਸ਼ ਹੈ। ਕੌਮ ਦੇ ਨੌਜਵਾਨਾਂ ਨੂੰ ਇਸ ਬੌਧਿਕ ਚੁਣੌਤੀ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਹੋਏ, ਅਕਾਦਮਿਕ ਖੇਤਰ ਵਿੱਚ ਵੱਡਾ ਕਾਰਜ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਗੁਰਮਤਿ ਰਹਿਣੀ ਦਾ ਦਰਪਣ: ਰਹਿਤਨਾਮੇ ਅਤੇ ਸਮਕਾਲੀ ਸਿੱਖ ਜੀਵਨ-ਜਾਂਚ

ਰਜਿੰਦਰ ਸਿੰਘ ਕੁਰਾਲੀ

ਖ਼ਾਲਸਾ ਪੰਥ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਅਤੇ ਰੂਹਾਨੀਅਤ ਦੇ ਪਾਵਨ ਮੁਕਾਮ ਨਾਲ ਅਭੇਦ ਹੈ। ਸਮਾਜਿਕ ਨਿਆਂ ਦੀ ਸਥਾਪਨਾ ਲਈ ਖ਼ਾਲਸੇ ਨੂੰ ਮੁਸੀਬਤਾਂ ਦੇ ਪਹਾੜਾਂ ਨਾਲ ਟਕਰਾਉਣਾ ਪਿਆ। ਇੱਕ ਸਮਾਂ ਅਜਿਹਾ ਆਇਆ ਜਦੋਂ 'ਪੱਤਾ-ਪੱਤਾ ਸਿੰਘਾਂ ਦਾ ਵੈਰੀ' ਹੋ ਗਿਆ। ਖ਼ੌਫ਼ ਦੀਆਂ ਹਵਾਵਾਂ ਨੂੰ ਚੀਰ ਕੇ ਅਤੇ ਮੌਤ ਦੇ ਦਰਿਆਵਾਂ ਨੂੰ ਪਾਰ ਕਰਕੇ ਸਿੱਖਾਂ ਨੇ ਮਾਨਵ-ਹਿਤੈਸ਼ੀ ਰਾਜ ਸਥਾਪਤ ਕੀਤਾ। ਮੁਗ਼ਲ ਹਕੂਮਤ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ 'ਤੇ ਤੁਲੀ ਹੋਈ ਸੀ। ਦੂਜੇ ਪਾਸੇ, ਪਹਾੜੀ ਰਾਜਿਆਂ ਦੀ ਜਗੀਰਦਾਰੂ ਅਤੇ ਜਾਤੀ-ਹੰਕਾਰ ਨਾਲ ਭਰੀ ਸੋਚ ਖ਼ਾਲਸੇ ਦੀ ਲੋਕਤੰਤਰੀ ਤੇ ਬਰਾਬਰੀ ਵਾਲੀ ਭਾਵਨਾ ਨਾਲ ਟਕਰਾ ਰਹੀ ਸੀ। ਪੁਜਾਰੀਵਾਦ ਦੇ ਕਰਮਕਾਂਡਾਂ ਤੇ ਅੰਧਵਿਸ਼ਵਾਸਾਂ ਤੋਂ ਸਿੱਖਾਂ ਨੂੰ ਬਚਾ ਕੇ ਉਨ੍ਹਾਂ ਦਾ ਨਿਆਰਾਪਣ ਕਾਇਮ ਰੱਖਣਾ ਉਸ ਦੌਰ ਦੀ ਇੱਕ ਵੱਡੀ ਚੁਣੌਤੀ ਸੀ। ਇਨ੍ਹਾਂ ਬਿਖੜੇ ਹਾਲਾਤ ਦਾ ਸਾਹਮਣਾ ਕੌਮ ਨੇ 'ਗੁਰੂ ਮਾਨਿਓ ਗ੍ਰੰਥ' ਦੀ ਬਰਕਤ ਨਾਲ ਕੀਤਾ। ਗੁਰਬਾਣੀ ਦੇ ਨਿਰੰਤਰ ਚਾਨਣ ਨੇ ਸਿੱਖ ਨੂੰ ਚੜ੍ਹਦੀ ਕਲਾ ਬਖ਼ਸ਼ੀ, ਦ੍ਰਿਸ਼ਟੀਕੋਣ ਨੂੰ ਵਿਸ਼ਾਲਤਾ ਅਤੇ ਇਰਾਦਿਆਂ ਨੂੰ ਲੋਹੇ ਵਰਗੀ ਦ੍ਰਿੜ੍ਹਤਾ ਪ੍ਰਦਾਨ ਕੀਤੀ। ਗੁਰਬਾਣੀ ਤੋਂ ਪ੍ਰੇਰਿਤ ਹੋ ਕੇ ਲਿਖੇ ਗਏ ਰਹਿਤਨਾਮੇ ਤਤਕਾਲੀ ਹਾਲਾਤ ਅਤੇ ਸਿੱਖ ਸੱਭਿਆਚਾਰ ਦੀ ਸੱਚੀ ਤਰਜਮਾਨੀ ਕਰਦੇ ਹਨ। ਇਹ ਕੌਮ ਦਰਪੇਸ਼ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਕੇ ਸਿੱਖ ਮਾਨਸਿਕਤਾ ਨੂੰ ਰਣ-ਤੱਤੇ ਵਿੱਚ ਜੂਝਣ ਲਈ ਤਿਆਰ ਕਰਦੇ ਹਨ। ਇਨ੍ਹਾਂ ਵਿੱਚ ਉੱਚੇ ਇਖ਼ਲਾਕ ਅਤੇ ਇਨਸਾਨੀਅਤ ਪ੍ਰਤੀ ਪਿਆਰ ਝਲਕਦਾ ਹੈ। ਸਿੱਖੀ ਬਾਹਰੀ ਕਰਮਕਾਂਡਾਂ ਦੀ ਥਾਂ ਸ਼ੁਭ ਅਮਲਾਂ ਨੂੰ ਪ੍ਰਮੁੱਖਤਾ ਦਿੰਦੀ ਹੈ, ਇਸੇ ਲਈ ਸਿੱਖ ਨਾਲੋਂ ਉਸ ਦੀ ਰਹਿਤ ਗੁਰੂ ਨੂੰ ਵਧੇਰੇ ਪਿਆਰੀ ਮੰਨੀ ਗਈ ਹੈ:

ਰਹਿਣੀ ਰਹੈ ਸੋਈ ਸਿਖ ਮੇਰਾ ॥
ਉਹ ਸਾਹਿਬ ਮੈ ਉਸਕਾ ਚੇਰਾ ॥

ਰਹਿਤਨਾਮੇ ਜੀਵਨ ਵਿੱਚ ਆਤਮ-ਅਨੁਸ਼ਾਸਨ ਪੈਦਾ ਕਰਦੇ ਹਨ, ਵਿਅਕਤੀਵਾਦ ਦੀ ਥਾਂ ਪੰਥ ਨੂੰ ਪ੍ਰਮੁੱਖਤਾ ਦਿੰਦੇ ਹਨ ਅਤੇ ਮਾਨਵਤਾ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਜਗਾਉਂਦੇ ਹਨ। ਚੜ੍ਹਦੀ ਕਲਾ ਅਤੇ 'ਸਰਬੱਤ ਦਾ ਭਲਾ' ਸਿੱਖ ਦੇ ਰੋਮ-ਰੋਮ ਵਿੱਚ ਵਸਿਆ ਹੁੰਦਾ ਹੈ। ਇਹ ਸਿਧਾਂਤ ਭਰਮ ਅਤੇ ਭੇਖ ਦੋਵਾਂ ਨੂੰ ਰੱਦ ਕਰਦੇ ਹਨ। ਜੀਵਨ ਨੂੰ ਮਾਨਵਤਾ ਦੀ ਸੇਵਾ ਲਈ ਸਮਰਪਿਤ ਕਰਨਾ ਹੀ ਸਿੱਖੀ ਦੀ ਲਾਜ਼ਮੀ ਸ਼ਰਤ ਹੈ:

ਭੇਖ ਪਿਆਰਾ ਨਾਹਿ ਮਮ ਵਰਣ ਪਿਆਰਾ ਨਾਹਿ ॥
ਰਹਿਤ ਪਿਆਰੀ ਮੋਹ ਕੋ ਸਿਦਕ ਪਿਆਰਾ ਆਹਿ ॥

ਔਰਤ ਦੇ ਸਨਮਾਨ ਅਤੇ ਉਸ ਨੂੰ ਵਿਕਾਸ ਦੇ ਬਰਾਬਰ ਅਵਸਰ ਪ੍ਰਦਾਨ ਕਰਨ ਲਈ ਸਿੱਖ ਧਰਮ ਨੇ ਇਨਕਲਾਬੀ ਪੈੜਾਂ ਪਾਈਆਂ ਹਨ। ਰਹਿਤਨਾਮਿਆਂ ਵਿੱਚ ਸੁਚੱਜੀ ਨਾਰੀ ਦਾ ਮਾਣਮੱਤਾ ਬਿੰਬ ਉੱਭਰਦਾ ਹੈ। ਭਾਈ ਚਉਪਾ ਸਿੰਘ ਛਿੱਬਰ ਦੇ ਰਹਿਤਨਾਮੇ ਵਿੱਚ ਸਿੱਖ ਇਸਤਰੀ ਨੂੰ ਗੁਰਬਾਣੀ ਕੰਠ ਕਰਨ, ਦੋਵੇਂ ਵੇਲੇ ਗੁਰਦੁਆਰਾ ਸਾਹਿਬ ਜਾਣ ਅਤੇ ਆਪਣੇ ਪਰਿਵਾਰ ਨੂੰ ਗੁਰਮਤਿ ਮਾਰਗ 'ਤੇ ਤੋਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਸਿੱਖ ਰਹਿਤ ਵਿੱਚ ਪਰਾਈ ਇਸਤਰੀ ਪ੍ਰਤੀ ਮਾੜੀ ਨਜ਼ਰ ਰੱਖਣ ਦੀ ਬਜਾਏ ਉਸ ਦੇ ਆਦਰ-ਸਤਿਕਾਰ ਦੀ ਮਰਯਾਦਾ ਨਿਰਧਾਰਿਤ ਕੀਤੀ ਗਈ ਹੈ:

ਪਰ ਬੇਟੀ ਕੋ ਬੇਟੀ ਜਾਨੈ ॥
ਪਰ ਇਸਤ੍ਰੀ ਕੋ ਮਾਤ ਬਖਾਨੈ ॥
ਅਪਨਿ ਇਸਤ੍ਰੀ ਸੋਂ ਰਤਿ ਹੋਈ ॥
ਰਹਿਤਵੰਤ ਸਿੰਘ ਹੈ ਸੋਈ ॥

ਲੜਕੀ ਦਾ ਮੁੱਲ ਵੱਟ ਕੇ ਅਯੋਗ ਥਾਂ ਰਿਸ਼ਤਾ



ਕਰਨ ਦੀ ਸਖ਼ਤ ਮਨਾਹੀ ਕਰਦਿਆਂ ਗੁਰਸਿੱਖ ਪਰਿਵਾਰ ਵਿੱਚ ਯੋਗ ਵਰ ਨਾਲ ਨਿਸ਼ਕਾਮ ਵਿਆਹ ਕਰਨ ਦੀ ਹਦਾਇਤ ਕੀਤੀ ਗਈ ਹੈ:

ਕੰਨਿਆ ਦੇਵੈ ਸਿਖ ਕੋ ਲੇਵੈ ਨਹਿ ਕਿਛੁ ਦਾਮ ॥
ਸੋਈ ਮੇਰਾ ਸਿਖ ਹੈ ਪਹੁਚੇ ਗੁਰ ਦੇ ਧਾਮ ॥

ਭਾਈ ਸਾਹਿਬ ਸਿੰਘ ਦੇ ਮੁਕਤਿਨਾਮੇ ਵਿੱਚ ਅਨੰਦ ਕਾਰਜ ਦੀ ਰੀਤ ਅਨੁਸਾਰ ਵਿਆਹ ਕਰਵਾਉਣ ਦੀ ਤਾਕੀਦ ਕੀਤੀ ਗਈ ਹੈ ਅਤੇ ਪਰ-ਇਸਤਰੀ ਗਮਨ ਨੂੰ ਬੱਜਰ ਕੁਰਹਿਤ ਕਰਾਰ ਦਿੱਤਾ ਗਿਆ ਹੈ:

ਬਿਨਾ ਅਨੰਦ ਬਿਵਾਹ ਤੇ ਭੁਗਤੇ ਪਰ ਕੀ ਜੋਇ ॥
ਸੁਣ ਸਿਖਾ ਗੁਰ ਕਹਿ ਥੱਕੇ ਮੇਰਾ ਸਿੱਖ ਨਾ ਸੋਇ ॥

ਬੱਚਿਆਂ ਨੂੰ ਸਿੱਖੀ ਰਹਿਣੀ ਨਾਲ ਜੋੜਨ ਦੀ ਜ਼ਿੰਮੇਵਾਰੀ ਮਾਤਾ-ਪਿਤਾ ਦੋਵਾਂ ਨੂੰ ਸਾਂਝੇ ਤੌਰ 'ਤੇ ਨਿਭਾਉਣ ਲਈ ਕਿਹਾ ਗਿਆ ਹੈ:

ਸਿਖ ਸਿਖਣੀ ਮਿਲ ਬਹਹਿੰ ਚਰਚਾ ਕਰਹਿ ਅਪਾਰ ॥
ਭਜਨ ਸਿਖਾਵਹਿ ਪੁਤ੍ਰ ਕੋ ਹਰਿ ਭਜ ਬਾਰੰਬਾਰ ॥

ਰਹਿਤਨਾਮੇ ਗੁਰਮੁਖੀ ਅੱਖਰਾਂ ਪ੍ਰਤੀ ਅਥਾਹ ਸਨੇਹ ਨਾਲ ਭਰਪੂਰ ਹਨ। ਗੁਰਮੁਖੀ ਸਿੱਖਣਾ ਲਾਜ਼ਮੀ ਕਰਾਰ ਦਿੱਤਾ ਗਿਆ, ਨਾਲ ਹੀ ਗਿਆਨ ਦਾ ਘੇਰਾ ਵਿਸ਼ਾਲ ਕਰਨ ਲਈ ਹੋਰ ਭਾਸ਼ਾਵਾਂ ਅਤੇ ਵਿੱਦਿਆਵਾਂ ਸਿੱਖਣ ਦੀ ਖੁੱਲ੍ਹ ਵੀ ਦਿੱਤੀ ਗਈ। ਪ੍ਰੰਤੂ ਉਸ ਵੇਲੇ ਹਾਕਮ ਧਿਰ ਦੇ ਗ਼ਲਬੇ ਅਤੇ ਹੰਕਾਰ ਦਾ ਪ੍ਰਤੀਕ ਬਣੀ ਫ਼ਾਰਸੀ ਦੀ ਸਰਦਾਰੀ ਦਾ ਵਿਰੋਧ ਦਰਜ ਕੀਤਾ ਗਿਆ, ਜੋ ਕਿ ਕਿਸੇ ਭਾਸ਼ਾ ਦਾ ਨਹੀਂ ਸਗੋਂ ਮਾਨਸਿਕ ਗ਼ੁਲਾਮੀ ਦਾ ਪ੍ਰਤੀਰੋਧ ਸੀ:

ਗੁਰਮੁਖੀ ਅੱਖਰ ਜੋ ਹੈ ਭਾਈ ॥ ਸਿੰਘ ਸਿੰਘ ਤੇ ਸੀਖੇ ਜਾਈ ॥
ਔਰ ਜੁ ਬਿਦਯਾ ਜਹ ਤਹ ਹੋਈ ॥ ਅਵਰਨ ਤੇ ਭੀ ਲੇਵਹੁ ਸੋਈ ॥

ਨਸ਼ਿਆਂ ਵਿਰੁੱਧ ਸੁਚੇਤ ਕਰਦਿਆਂ ਤੰਬਾਕੂ ਅਤੇ ਭੰਗ ਆਦਿ ਦੀ ਵਰਤੋਂ ਤੋਂ ਪੂਰੀ ਤਰ੍ਹਾਂ ਵਰਜਿਆ ਗਿਆ:

ਭਾਂਗ ਤਮਾਕੂ ਨਿਕਟ ਨ ਜਾਵੈ ॥ ਤਿਨ ਤੇ ਭੀ ਸੁਚਿ ਦੇਗ ਕਰਾਵੈ ॥

ਰਹਿਤਨਾਮਿਆਂ ਵਿੱਚ 'ਤੁਰਕ' ਪ੍ਰਤੀ ਜੋ ਸਖ਼ਤ ਵਿਰੋਧ ਦਰਜ ਹੈ, ਉਹ ਕਿਸੇ ਧਾਰਮਿਕ ਨਫ਼ਰਤ ਕਾਰਨ ਨਹੀਂ ਸਗੋਂ ਜ਼ਾਲਮ ਅਤੇ ਹੰਕਾਰੀ ਹਕੂਮਤੀ ਢਾਂਚੇ ਦੇ ਖ਼ਿਲਾਫ਼ ਸੀ। ਇਹ ਉਨ੍ਹਾਂ ਤਾਕਤਾਂ ਨੂੰ ਵੰਗਾਰ ਸੀ ਜੋ ਮਨੁੱਖੀ ਅਧਿਕਾਰ ਕੁਚਲ ਰਹੀਆਂ ਸਨ:

ਗੋ ਬ੍ਰਾਹਮਣ ਕੀ ਰੱਖਿਆ ਕਰੈ ॥ ਤੁਰਕਨ ਸੋਂ ਅਤਿ ਹਠ ਕਰਿ ਮਰੈ ॥
ਤੁਰਕ ਦੇਖ ਨਹਿ ਸੀਸ ਨਿਵਾਵੈ ॥ ਰਹਿਤਵੰਤ ਜੇ ਸਿੰਘ ਕਹਾਵੈ ॥

ਭਾਈ ਦੇਸਾ ਸਿੰਘ ਅਨੁਸਾਰ ਅਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ, ਪਟਨਾ ਸਾਹਿਬ ਅਤੇ ਅਬਚਲ ਨਗਰ (ਹਜ਼ੂਰ ਸਾਹਿਬ) ਸਿੱਖ ਸ਼ਰਧਾ ਦੇ ਪ੍ਰਮੁੱਖ ਕੇਂਦਰ ਮੰਨੇ ਗਏ। ਗੁਰਬਾਣੀ ਨੂੰ ਇਕਾਗਰ ਚਿੱਤ ਹੋ ਕੇ ਸਰਵਣ ਕਰਨ ਦਾ ਆਦੇਸ਼ ਹੈ:

ਪਾਠ ਗ੍ਰੰਥ ਕੋ ਹੋਇ ਜਹਿੰ ਹਰਿ ਕਥਾ ਬਖਾਨ ॥
ਤਹ ਕਛੁ ਅਵਰ ਨ ਬੋਲਈ ਸੁਨੀਏ ਲਾਇ ਧਿਆਨ ॥

ਸਿੱਖ ਧਰਮ ਵਿੱਚ ਦੇਹਧਾਰੀ ਗੁਰੂ ਦਾ ਕੋਈ ਸੰਕਲਪ ਨਹੀਂ; ਸ਼ਬਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿੱਚ ਆਤਮਿਕ ਜੋਤ ਅਤੇ ਖ਼ਾਲਸਾ ਪੰਥ ਵਿੱਚ ਦੇਹ ਦੀ ਮਾਨਤਾ ਹੈ। ਭਾਈ ਦਇਆ ਸਿੰਘ ਜੀ ਫ਼ੁਰਮਾਉਂਦੇ ਹਨ:

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ ॥
ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ ॥

ਰਹਿਤਨਾਮੇ 'ਰਾਜ ਕਰੇਗਾ ਖ਼ਾਲਸਾ' ਦੀ ਭਾਵਨਾ ਤਹਿਤ ਸਿਆਸੀ ਚੇਤਨਾ ਅਤੇ ਜਥੇਬੰਦਕ ਤਾਕਤ ਦਾ ਸੰਦੇਸ਼ ਦਿੰਦੇ ਹਨ। ਗੁਰਮਤਿ ਵਿੱਚ ਸੱਤਾ ਦਾ ਮਤਲਬ ਹੰਕਾਰ ਜਾਂ ਸ਼ੋਸ਼ਣ ਨਹੀਂ, ਸਗੋਂ ਦੀਨ-ਦੁਖੀਆਂ ਦੀ ਨਿਰਸਵਾਰਥ ਸੇਵਾ ਹੈ:

ਆਪ ਸਿੰਘ ਜੋ ਰਾਜਾ ਹੋਈ ॥ ਨਿਰਧਨ ਸਿੰਘਨ ਪਾਲੈ ਸੋਈ ॥
ਜੋ ਸਿੰਘਨ ਕੀ ਕਾਰ ਕਮਾਵੈ ॥ ਸੋ ਸਿੰਘਨ ਕਾ ਰਾਜਾ ਕਹਾਵੈ ॥

ਭਾਵ ਜੇ ਕੋਈ ਸਿੰਘ ਸ਼ਾਸਕ ਜਾਂ ਆਗੂ ਬਣਦਾ ਹੈ ਤਾਂ ਉਸ ਦਾ ਪ੍ਰਮੁੱਖ ਫ਼ਰਜ਼ ਗ਼ਰੀਬ, ਕਮਜ਼ੋਰ ਅਤੇ ਲੋੜਵੰਦ ਪਰਜਾ ਦੀ ਪਾਲਣਾ-ਪੋਸ਼ਣਾ ਤੇ ਆਰਥਿਕ ਸਹਾਇਤਾ ਕਰਨਾ ਹੈ। ਸੱਚਾ ਹਾਕਮ ਉਹੀ ਹੈ ਜੋ ਜਨਤਾ ਦੀ ਨਿਸ਼ਕਾਮ ਸੇਵਾ ਕਰਦਾ ਹੈ:

ਨਿਰਧਨ ਖਾਲਸੇ ਨੇਹੁ ਲਗਾਵੈ ॥ ਧਨ-ਬਾਜ਼ੀ ਦੇ ਪ੍ਰੀਤਿ ਬਢਾਵੈ ॥
ਪਰਦੇਸੀ ਸਿੰਘਨ ਜਬ ਦੇਖੈ ॥ ਉਨ ਕੀ ਸੇਵਾ ਕਰੇ ਬਿਸੇਖੈ ॥

ਗ਼ਰੀਬ ਅਤੇ ਲੋੜਵੰਦਾਂ ਨਾਲ ਸਨੇਹ ਰੱਖਣਾ, ਉਨ੍ਹਾਂ ਦੀ ਮਦਦ ਕਰਨਾ ਅਤੇ ਬਾਹਰੋਂ ਆਏ ਪਰਦੇਸੀ ਜਾਂ ਮੁਸਾਫ਼ਰ ਗੁਰਸਿੱਖ ਦੀ ਉਚੇਚੀ ਸੇਵਾ-ਸੰਭਾਲ ਕਰਨਾ ਗੁਰਸਿੱਖ ਰਹਿਣੀ ਦਾ ਅਨਿੱਖੜਵਾਂ ਅੰਗ ਹੈ।



ਪ੍ਰੋ. ਸਰਚਾਂਦ ਸਿੰਘ ਖਿਆਲਾ

ਸਿੱਖ ਇਤਿਹਾਸ ਦਾ ਮਹਾਂ ਨਾਇਕ: ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ

ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਮ ਸਿੱਖ ਇਤਿਹਾਸ, ਭਾਰਤੀ ਇਤਿਹਾਸ ਅਤੇ ਮਨੁੱਖੀ ਮੁਕਤੀ ਦੇ ਸੰਘਰਸ਼ ਵਿੱਚ ਅਦੁੱਤੀ ਸਨਮਾਨ ਨਾਲ ਲਿਆ ਜਾਂਦਾ ਹੈ। ਉਹ ਕੇਵਲ ਇੱਕ ਮਹਾਨ ਯੋਧੇ ਹੀ ਨਹੀਂ ਸਨ, ਸਗੋਂ ਅਜਿਹੇ ਇਨਕਲਾਬੀ ਆਗੂ ਸਨ, ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਅੱਗੇ ਵਧਾਉਂਦਿਆਂ ਜ਼ੁਲਮ, ਜਾਗੀਰਦਾਰੀ ਅਤੇ ਸਮਾਜਿਕ ਅਸਮਾਨਤਾ ਨੂੰ ਸਿੱਧੀ ਚੁਣੌਤੀ ਦਿੱਤੀ। ਉਨ੍ਹਾਂ ਨੇ ਜਾਤ-ਪਾਤ ਅਤੇ ਉੱਚ-ਨੀਚ ਦੇ ਭੇਦਭਾਵ ਨੂੰ ਰੱਦ ਕਰਦਿਆਂ ਸਮਾਜ ਦੇ ਹੇਠਲੇ ਸਮਝੇ ਜਾਂਦੇ ਵਰਗਾਂ ਨੂੰ ਵੀ ਇੱਜ਼ਤ, ਅਧਿਕਾਰ ਅਤੇ ਸੱਤਾ ਵਿੱਚ ਹਿੱਸੇਦਾਰੀ ਦਿੱਤੀ।

ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਸਮਾਜਿਕ ਕ੍ਰਾਂਤੀ ਸੀ। ਉਨ੍ਹਾਂ ਨੇ ਜਾਗੀਰਦਾਰੀ ਪ੍ਰਣਾਲੀ ਨੂੰ ਚੁਣੌਤੀ ਦਿੰਦਿਆਂ ਜ਼ਮੀਨਾਂ ਦਾ ਮਾਲਕਾਨਾ ਹੱਕ ਉਨ੍ਹਾਂ ਕਿਸਾਨਾਂ ਨੂੰ ਦਿਵਾਇਆ, ਜੋ ਪੀੜ੍ਹੀਆਂ ਤੋਂ ਉਨ੍ਹਾਂ ਜ਼ਮੀਨਾਂ 'ਤੇ ਮਿਹਨਤ ਕਰਦੇ ਅਤੇ ਹਲ ਵਾਹੁੰਦੇ ਆ ਰਹੇ ਸਨ। ਇਹ ਭਾਰਤੀ ਉਪ-ਮਹਾਂਦੀਪ ਦੇ ਇਤਿਹਾਸ ਵਿੱਚ ਪੱਛਮ ਤੋਂ ਵੀ ਪਹਿਲਾਂ ਦਾ ਇੱਕ ਵਿਲੱਖਣ ਅਤੇ ਕ੍ਰਾਂਤੀਕਾਰੀ ਕਦਮ ਸੀ।

ਉਹ ਅਜਿਹੇ ਮਹਾਨ ਆਗੂ ਵਜੋਂ ਉੱਭਰੇ, ਜਿਨ੍ਹਾਂ ਨੇ ਮੁਗ਼ਲ ਸਾਮਰਾਜ ਵਿਰੁੱਧ ਖ਼ਾਲਸਾ ਫ਼ੌਜ ਦੀ ਅਗਵਾਈ ਕਰਦਿਆਂ ਉਸ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਅਤੇ ਕੁਝ ਹੀ ਸਾਲਾਂ ਵਿੱਚ ਪੰਜਾਬ ਦੇ ਆਮ ਲੋਕਾਂ ਦਾ ਪਹਿਲਾ ਖ਼ਾਲਸਾਈ ਰਾਜ ਸਥਾਪਿਤ ਕੀਤਾ। ਇਹ ਪੰਜਾਬ ਦੀ ਧਰਤੀ 'ਤੇ ਸਮਾਜਿਕ ਨਿਆਂ, ਲੋਕ-ਕਲਿਆਣ ਅਤੇ ਬਰਾਬਰੀ ਦੇ ਸਿਧਾਂਤਾਂ 'ਤੇ ਆਧਾਰਿਤ ਪਹਿਲੇ ਖ਼ਾਲਸਾ ਰਾਜ ਦੀ ਸਥਾਪਨਾ ਸੀ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਆਪਣੇ ਨਾਮ ਦੀ ਬਜਾਏ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ 'ਤੇ ਸਿੱਕੇ ਚਲਾਏ ਜਾਣਾ ਇਹ ਸਪੱਸ਼ਟ ਕਰਦਾ ਹੈ ਕਿ ਉਹ ਆਪਣੇ ਆਪ ਨੂੰ ਕਿਸੇ ਰਾਜਵੰਸ਼ ਦਾ ਸੰਸਥਾਪਕ ਨਹੀਂ, ਸਗੋਂ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਸੇਵਕ ਮੰਨਦੇ ਸਨ।

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ 1670 ਨੂੰ ਰਾਜੌਰੀ, ਮੌਜੂਦਾ ਜੰਮੂ-ਕਸ਼ਮੀਰ, ਵਿਖੇ ਇੱਕ ਰਾਜਪੂਤ ਕਿਸਾਨ ਪਰਿਵਾਰ ਵਿੱਚ ਹੋਇਆ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਮੁੱਢਲਾ ਨਾਮ ਲਛਮਣ ਦਾਸ ਸੀ। ਸ਼ਿਕਾਰ ਦੌਰਾਨ ਵਾਪਰੀ ਇੱਕ ਘਟਨਾ ਨੇ ਉਨ੍ਹਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਸੰਸਾਰਕ ਜੀਵਨ ਤੋਂ ਵਿਰਕਤ ਹੋ ਗਏ। ਬਾਅਦ ਵਿੱਚ ਉਨ੍ਹਾਂ ਨੇ ਤਿਆਗੀ ਜੀਵਨ ਅਪਣਾਇਆ ਅਤੇ ਮਾਧੋ ਦਾਸ ਵਜੋਂ ਜਾਣੇ ਜਾਣ ਲੱਗੇ। ਉਹ ਦੱਖਣ ਦੇ ਨਾਸਿਕ ਵਿਖੇ ਇੱਕ ਜੋਗੀ ਦੇ ਚੇਲੇ ਬਣੇ ਅਤੇ ਗੋਦਾਵਰੀ ਨਦੀ ਦੇ ਕੰਢੇ, ਨਾਂਦੇੜ ਵਿਖੇ, ਆਪਣਾ ਡੇਰਾ ਸਥਾਪਿਤ ਕੀਤਾ।

ਸੰਨ 1708 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਦਾ ਮਿਲਾਪ ਕੇਵਲ ਦੋ ਵਿਅਕਤੀਆਂ ਦੀ ਮੁਲਾਕਾਤ ਨਹੀਂ ਸੀ, ਸਗੋਂ ਇਤਿਹਾਸ ਦੀ ਦਿਸ਼ਾ ਬਦਲਣ ਵਾਲਾ ਮਹੱਤਵਪੂਰਨ ਪਲ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਅੰਮ੍ਰਿਤ ਛਕਿਆ ਅਤੇ ਗੁਰਬਖ਼ਸ਼ ਸਿੰਘ ਨਾਮ ਧਾਰਨ ਕੀਤਾ। ਪਰ ਇਤਿਹਾਸ ਵਿੱਚ ਬੰਦਾ ਸਿੰਘ ਬਹਾਦਰ ਦੇ ਨਾਮ ਨਾਲ ਪ੍ਰਸਿੱਧ ਹੋਏ।

ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮੁਗ਼ਲ ਸ਼ਾਸਨ ਦੇ ਅੱਤਿਆਚਾਰਾਂ ਵਿਰੁੱਧ ਸੰਘਰਸ਼ ਕਰਨ ਅਤੇ ਲੋਕਾਂ ਨੂੰ ਨਿਆਂ ਦਿਵਾਉਣ ਲਈ ਪੰਜਾਬ ਭੇਜਿਆ। ਇਸ ਮਿਸ਼ਨ ਲਈ ਉਨ੍ਹਾਂ ਨੂੰ ਪੰਜ ਤੀਰ, ਨਿਸ਼ਾਨ ਸਾਹਿਬ, ਨਗਾਰਾ ਅਤੇ ਸਿੱਖ ਸੰਗਤਾਂ ਨੂੰ ਉਨ੍ਹਾਂ ਦੀ ਅਗਵਾਈ ਹੇਠ ਇਕੱਠੇ ਹੋਣ ਦਾ ਸੰਦੇਸ਼ ਦੇਣ ਵਾਲੇ ਹੁਕਮਨਾਮੇ ਸੌਂਪੇ ਗਏ।

ਬਾਬਾ ਬੰਦਾ ਸਿੰਘ ਬਹਾਦਰ ਦੀ ਮੁਗ਼ਲ ਸ਼ਾਸਨ ਵਿਰੁੱਧ ਲੜਾਈ ਅੱਜ ਦੇ ਪੰਜਾਬ, ਹਰਿਆਣਾ ਅਤੇ ਨੇੜਲੇ ਖੇਤਰਾਂ ਵਿੱਚ ਕੇਂਦਰਿਤ ਸੀ। ਉਨ੍ਹਾਂ ਨੇ ਸਮਾਣਾ, ਸਢੌਰਾ, ਕਪੂਰੀ, ਥਾਨੇਸਰ, ਕੁਰੂਕਸ਼ੇਤਰ ਅਤੇ ਸੋਨੀਪਤ ਵਰਗੇ ਖੇਤਰਾਂ ਨੂੰ ਮੁਗ਼ਲਾਂ ਤੋਂ ਆਜ਼ਾਦ ਕਰਵਾਇਆ। ਇਹੀ ਕਾਰਨ ਹੈ ਕਿ ਹਰਿਆਣਾ ਸਰਕਾਰ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੀ ਧਾਰਮਿਕ ਪਛਾਣ ਤੋਂ ਉੱਪਰ ਇੱਕ ਲੋਕ ਨਾਇਕ, ਸੰਯੁਕਤ ਸਭਿਆਚਾਰਕ ਪ੍ਰਤੀਕ ਅਤੇ ਰਾਸ਼ਟਰੀ ਨੇਤਾ ਵਜੋਂ ਦੇਖਦੀ ਹੈ। ਉਨ੍ਹਾਂ ਦੀਆਂ ਜਿੱਤਾਂ ਨੇ ਆਮ ਲੋਕਾਂ ਵਿੱਚ ਜ਼ੁਲਮ ਵਿਰੁੱਧ ਲੜਨ ਦਾ ਹੌਸਲਾ ਪੈਦਾ ਕੀਤਾ। ਇਸੇ ਲਈ ਉਹ ਵਿਆਪਕ ਭਾਰਤੀ ਇਤਿਹਾਸ ਵਿੱਚ ਵੀ ਜ਼ੁਲਮ ਵਿਰੁੱਧ ਸੰਘਰਸ਼ ਦੇ ਪ੍ਰਤੀਕ ਵਜੋਂ ਯਾਦ ਕੀਤੇ ਜਾਂਦੇ ਹਨ।

ਸੰਨ 1710 ਵਿੱਚ ਉਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਨੂੰ

ਡਾ. ਆਤਮਜੀਤ ਸਿੰਘ ਇੱਕ ਵਿਦਵਾਨ ਸ਼ਖਸੀਅਤ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਉਹਨਾਂ ਦਿਨਾਂ ਵਿੱਚ ਜਦੋਂ ਮੈਂ 29 ਮਈ 1995 ਨੂੰ ਨਿਊਯਾਰਕ ਤੋਂ ਕੈਲੀਫ਼ੋਰਨੀਆ ਆਣ ਵੱਸਿਆ। ਮੇਰੀ ਰਸਮੀ ਮੁਲਾਕਾਤ ਡਾ. ਆਤਮਜੀਤ ਸਿੰਘ ਨਾਲ ਗੁਰਦੁਆਰਾ ਹੇਵਰਡ ਵਿਖੇ ਹੋਈ। ਫਿਰ ਪੰਜਾਬੀ ਸਾਹਿਤ, ਸੱਭਿਆਚਾਰ, ਵਿਦਿਅਕ, ਧਾਰਮਿਕ ਅਤੇ ਵਿਹਾਰਕ ਪ੍ਰੋਗਰਾਮਾਂ ਵਿੱਚ ਮਿਲਦੇ ਰਹੇ। ਨੇੜਤਾ ਵਧਦੀ ਗਈ। ਟੈਲੀਫੋਨ 'ਤੇ ਲੰਮੀਆਂ ਵਿਚਾਰਾਂ ਹੋਣ ਲੱਗੀਆਂ । ਅਸੀਂ ਮਿਲ ਕੇ ਸੈਨਹੋਜੇ ਸਟੇਟ ਯੂਨੀਵਰਸਿਟੀ ਵਿਚੋਂ ਕਈ ਧਰਮ ਤੇ ਵਿਰਸੇ ਦੇ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ। ਉਹਨਾਂ ਨੇ ਪਹਿਲਾਂ ਅਗਸਤ 1993 ਵਿੱਚ ਬਰਕਲੇ ਯੂਨੀਵਰਸਿਟੀ ਕੈਲੀਫੋਰਨੀਆਂ ਦੇ ਦੱਖਣੀ ਅਤੇ ਦੱਖਣੀ ਪੂਰਬੀ ਅਧਿਐਨ ਵਿਭਾਗ ਵਿੱਚ ਪੰਜਾਬੀ ਭਾਸ਼ਾ ਦਾ ਪਹਿਲਾ ਪ੍ਰੋਗਰਾਮ ਸਥਾਪਤ ਕੀਤਾ। ਸੰਨ 1998 ਵਿੱਚ ਉਹ ਸੈਨਹੋਜੇ ਸਟੇਟ ਯੂਨੀਵਰਸਿਟੀ ਪੰਜਾਬੀ ਭਾਸ਼ਾ ਪ੍ਰੋਗਰਾਮ ਚਲਾਉਣ ਲੱਗੇ।

ਸੰਨ 2010 ਵਿੱਚ ਉਹਨਾਂ ਦੀ ਧਰਮ ਪਤਨੀ ਬਿਮਾਰ ਪੈ ਗਈ। ਉਹ ਹਸਪਤਾਲ ਵਿੱਚ ਲੰਮਾ ਸਮਾਂ ਰਹੀ। ਇਸ ਦੇ ਨਾਲ ਹੀ ਜਨ 2010 ਵਿੱਚ ਪੰਜਾਬੀ ਕਲਾਸਾਂ ਯੂਨੀਵਰਸਿਟੀ ਵਿੱਚ ਬੰਦ ਹੋ ਗਈਆਂ। ਇੱਕ ਤਾਂ ਉਹਨਾਂ ਨੂੰ ਦਿਨ ਰਾਤ ਆਪਣੀ ਬਿਮਾਰ ਪਤਨੀ ਦੀ ਦੇਖ ਰੇਖ ਕਰਨੀ ਪੈਂਦੀ। ਦੂਸਰਾ ਪੰਜਾਬੀ ਕਲਾਸਾਂ ਦੁਬਾਰਾ ਸ਼ੁਰੂ ਕਰਵਾਉਣ ਲਈ ਮਾਲੀ ਸਹਾਇਤਾ ਜੁਟਾਉਣ ਲਈ ਯਤਨਸ਼ੀਲ ਸਨ। ਇਸ ਭੱਜ ਦੌੜ ਵਿੱਚ ਅਤੇ ਪ੍ਰੇਸ਼ਾਨੀਆਂ ਵਿੱਚ ਉਹਨਾਂ ਦੀ ਸਿਹਤ ਵਿਗੜ ਰਹੀ ਸੀ। ਇੱਕ ਦਿਨ ਸਵੇਰੇ ਉਹਨਾਂ ਦੇ ਅੰਬਾਲਾ ਛਾਉਣੀ ਦੇ ਹਮਜਮਾਤੀ ਗੁਰਚਰਨ ਸਿੰਘ ਫਲਕ ਦਾ ਫੋਨ ਆਇਆ ਕਿ ਡਾ. ਸਾਹਿਬ ਚਲਾਣਾ ਕਰ ਗਏ ਹਨ। ਮੈਂ ਕਿਹਾ ਕਿ ਬਿਮਾਰ ਤਾਂ ਉਹਨਾਂ ਦੀ ਪਤਨੀ ਸੀ। ਫਲਕ ਸਾਹਿਬ ਨੇ ਕਿਹਾ ਕਿ ਨਹੀਂ. ਡਾ. ਸਾਹਿਬ ਆਪ 12 ਨਵੰਬਰ 2010 ਨੂੰ ਚਲਾਣਾ ਕਰ ਗਏ ਹਨ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ ਮੈਂ ਅਕਸਰ ਉਹਨਾਂ ਦੀ ਪਤਨੀ ਦੀ ਖ਼ਬਰ ਵਾਸਤੇ ਮਿਲਦਾ ਰਹਿੰਦਾ ਸੀ। ਅਖੀਰਲੇ ਸਮੇਂ ਜਦੋਂ ਹਸਪਤਾਲ ਵਿੱਚ ਡਾ. ਸਾਹਿਬ ਦੀ ਵਿਗੜਦੀ ਹਾਲਤ ਵੇਖ ਕੇ ਨਰਸ ਨੇ ਸੰਭਾਲਣਾ ਚਾਹਿਆ ਤਾਂ ਉਹਨਾਂ ਕਿ ਮੈਨੂੰ ਨਾ ਸੰਭਾਲੋ, ਜਾਣ ਦਿਓ। ਇੱਕ ਰਾਹ ਦਸੇਰੇ ਹਮਸਫਰ ਨਿੱਘੇ ਮਿੱਤਰ ਦੇ ਤੁਰ ਜਾਣ ਤੇ ਭਾਰੀ ਦੁੱਖ ਹੋਇਆ। ਉਹਨਾਂ ਦੀ ਪਤਨੀ ਵੀ 29 ਮਈ 2011 ਨੂੰ ਚਲਾਣਾ ਕਰ ਗਏ ਸਨ।

ਵਿਸ਼ਵ ਪ੍ਰਸਿੱਧ ਵਿਦਵਾਨ, ਉੱਘੇ ਅਕਾਦਮਿਕ, ਡਾਕਟਰ ਅਤੇ ਪ੍ਰੋਫੈਸਰ ਸਨ। ਜਿੰਨਾ ਪੰਜਾਬੀ ਮਾਂ ਬੋਲੀ, ਧਰਮ ਤੇ ਵਿਰਸੇ ਨੂੰ ਪ੍ਰਫੁਲਿਤ, ਪ੍ਰਚਾਰਨ ਅਤੇ ਪ੍ਰਸਾਰਨ ਲਈ ਆਖਰੀ ਦਮ ਤਕ ਬੜੀ ਸ਼ਿੱਦਤ ਨਾਲ ਆਪਣਾ ਫਰਜ਼ ਨਿਭਾਇਆ। ਉਹ ਇੱਕ ਅਣਥੱਕ ਪਾਂਧੀ ਸਨ।

ਆਪ ਜੀ ਦਾ ਜਨਮ 7 ਅਗਸਤ 1934 ਨੂੰ ਇੱਕ ਅਕਾਦਮਿਕ ਪਰਵਾਰ ਵਿੱਚ ਮੁਕਤਸਰ ਜ਼ਿਲ੍ਹਾ ਫ਼ਿਰੋਜ਼ਪੁਰ ਪੰਜਾਬ ਵਿੱਚ ਹੋਇਆ। ਆਪ ਜੀ ਦੇ ਪਿਤਾ ਕੇਸਰ ਸਿੰਘ ਉਬਰਾਏ ਪ੍ਰੋਫੈਸਰ ਸਨ। ਆਪ ਜੀ ਦੀ ਮਾਤਾ ਦਾ ਨਾਉਂ ਬਲਬੀਰ ਕੌਰ ਸੀ। ਹਾਈ ਸਕੂਲ ਤੱਕ ਦੀ ਵਿਦਿਆ ਸੀ. ਬੀ. ਹਾਈ ਸਕੂਲ ਅੰਬਾਲਾ ਛਾਉਣੀ ਤੋਂ ਪ੍ਰਾਪਤ ਕੀਤੀ। ਉਚੇਰੀ ਸਿੱਖਿਆ ਜੀ ਐਮ ਐਨ ਕਾਲਜ ਅੰਬਾਲਾ ਲੁਧਿਆਣਾ ਅਤੇ ਪਟਿਆਲਾ ਤੋਂ ਪ੍ਰਾਪਤ ਕੀਤੀ। ਉਹਨਾਂ ਨੇ ਪੀਐਚਡੀ ਪੰਜਾਬੀ ਕਵੀ ਵਿਦਵਾਨ ਡਾ. ਹਰਿਭਜਨ ਸਿੰਘ ਦੀ ਅਗਵਾਈ ਹੇਠ ਦਿੱਲੀ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਖੋਜ ਵਿਸ਼ਾ ਰਿਹਾ " ਪੰਜਵੀਂ ਪਾਤਿਸ਼ਾਹੀ ਗੁਰੂ ਅਰਜਨ ਦੇਵ ਸਾਹਿਬ ਜੀ ਦੀਆਂ ਰਚਨਾਵਾਂ ਵਿੱਚ ਸ਼ਿੰਗਾਰ (ਬ੍ਰਹਮ ਸੁੰਦਰਤਾ) ਦੀ ਧਾਰਨਾ 'ਤੇ ਸੀ।

20 ਸਾਲ ਦੀ ਉਮਰ ਵਿੱਚ ਮੁਕੰਦ ਲਾਲ ਨੈਸ਼ਨਲ ਕਾਲਜ ਯਮੁਨਾ ਨਗਰ ਵਿੱਚ ਲੈਕਚਰਾਰ ਲੱਗੇ। ਉਪਰੰਤ ਖ਼ਾਲਸਾ ਕਾਲਜ ਅਤੇ ਆਰਟਸ ਵਿਭਾਗ ਦਿੱਲੀ ਯੂਨੀਵਰਸਿਟੀ , ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੰਜਾਬੀ ਅਧਿਆਪਕ ਵਿਦਵਾਨ ਵਜੋਂ ਪ੍ਰਸਿੱਧ ਹੋਏ। ਉਹਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੰਜਾਬੀ ਅਧਿਐਨ ਸਕੂਲ ਦੇ ਪ੍ਰੋਫੈਸਰ ਅਤੇ ਚੇਅਰਮੈਨ ਵਜੋਂ ਸੇਵਾ ਨਿਭਾਈ। ਉਹ ਦੋ ਵਾਰ ਪੰਜਾਬ ਰਾਜ ਪਾਠ ਪੁਸਤਕ ਬੋਰਡ ਦੇ ਨਿਰਦੇਸ਼ਕ ਵੀ ਰਹੇ। ਜਿਥੇ ਉਹਨਾਂ ਨੇ ਕੇ 12 ਅਤੇ ਕਾਲਜ ਪੱਧਰ ਤੇ ਪੰਜਾਬ ਵਿੱਚ ਵਰਤੋਂ ਲਈ ਪਾਠਕ੍ਰਮ ਅਤੇ ਪਾਠ ਪੁਸਤਕਾਂ ਦੇ ਵਿਕਾਸ ਦੀ ਅਗਵਾਈ ਕੀਤੀ। ਅੰਤਰਰਾਸ਼ਟਰੀ ਪੱਧਰ ਤੇ ਵਿਦੇਸ਼ੀ ਭਾਸ਼ਾਵਾਂ ਦੇ ਟੋਕੀਓ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਦੀਆਂ ਜਮਾਤਾਂ ਪੜਾਈਆਂ। ਰਿਫ ਉਸਾਕਾ ਯੂਨੀਵਰਸਿਟੀ ਆਫ਼ ਫੋਰਨ ਸਟੱਡੀਜ ਵਿਖੇ ਸੈਮੀਨਾਰ ਅਤੇ ਗੋਸ਼ਟੀਆਂ ਕਰਵਾਈਆਂ। ਥਾਈਲੈਂਡ, ਯੂਨਾਈਟਿਡ ਕਿੰਗਡਮ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖ ਵਿਰਸੇ ਦੀਆਂ ਪੰਜਾਬੀ ਜਮਾਤਾਂ ਪੜਾਈਆਂ।

ਅਗਸਤ 1993 ਵਿੱਚ ਯੂਨੀਵਰਸਿਟੀ ਕੈਲੀਫ਼ੋਰਨੀਆ ਬਰਕਲੇ ਅਮਰੀਕਾ ਵਿਖੇ ਪੰਜਾਬੀ ਪ੍ਰੋਗਰਾਮ ਲਾਗੂ ਕਰਨ ਦੇ ਮੋਢੀ ਸਨ। ਸੰਨ 1998 ਵਿੱਚ ਸੈਨਹੋਜੇ ਸਟੇਟ ਯੂਨੀਵਰਸਿਟੀ ਵਿਖੇ ਪੰਜਾਬੀ ਭਾਸ਼ਾ ਪ੍ਰੋਗਰਾਮ ਤੇ ਕੰਮ ਕੀਤਾ। ਇਸ ਸਮੇਂ ਦੌਰਾਨ ਉਹਨਾਂ ਦਾ ਅੰਦਰ ਧਰਮ ਅਤੇ ਪੰਜਾਬੀ ਭਾਈਚਾਰੇ ਦਾ ਇੱਕ ਅਦਾਰਾ ਬਣ ਗਿਆ ਮੇਰੇ ਤੋਂ ਇਲਾਵਾ ਮਹਿੰਦਰ ਸਿੰਘ ਮਦਾਨ, ਡਾ. ਇੰਦਰ ਮੋਹਨ ਸਿੰਘ, ਜੰਗ ਸਿੰਘ ਗਿਆਨੀ, ਆਜ਼ਾਦ ਜਲੰਧਰੀ, ਗੁਰਚਰਨ ਸਿੰਘ ਫਲਕ, ਹਰਭਜਨ ਸਿੰਘ ਬੈਂਸ, ਡਾ.ਰਜਿੰਦਰ ਸਿੰਘ, ਡਾ. ਅਜੀਤਪਾਲ ਸਿੰਘ, ਡਾ.ਹਰਦੇਵ ਸਿੰਘ ਮਾਂਗਟ, ਡਾ. ਅਵਤਾਰ ਸਿੰਘ ਆਦਿ ਸ਼ਾਮਲ ਸਨ। ਜਿਨ੍ਹਾਂ ਦੇ ਸਹਿਯੋਗ ਨਾਲ ਸਿੱਖ ਧਰਮ ਅਤੇ ਵਿਰਸੇ ਦੇ ਨਾਲ ਪੰਜਾਬੀ ਸਾਹਿਤ ਬਾਰੇ ਵੱਡੀਆਂ ਕਾਨਫਰੰਸਾਂ ਦਾ ਆਯੋਜਨ ਕੀਤਾ। ਜਿਸ ਵਿੱਚ ਸਿੱਖ ਅਧਿਐਨ, ਸੂਫ਼ੀਵਾਦ ਦਾ ਵਿਸ਼ਵੀਕਰਨ ਗੁਰੂ ਗ੍ਰੰਥ ਸਾਹਿਬ ਜੀ ਦਾ ਅਨਾਦਿ ਸੁਨੇਹਾ, ਗੁਰੂ ਅਰਜਨ ਦੇਵ ਸਾਹਿਬ ਜੀ ਦੇ ਜੀਵਨ ਅਤੇ ਬਾਣੀ ਰਚਨਾ ਬਾਰੇ ਆਦਿ ਵਿਸ਼ੇਸ਼ ਸਨ। ਉਹਨਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ ਕਿ ਸੈਨਹੋਜੇ ਸਟੇਟ ਯੂਨੀਵਰਸਿਟੀ ਅਮਰੀਕਾ ਦਾ ਲਾਈਬ੍ਰੇਰੀ ਦੀ ਦੂਸਰੀ ਮੰਜ਼ਲ ਤੇ ਗੁਰੂ ਨਾਨਕ ਵਿਰਾਸਤ ਨਾਉਂ ਹੇਠ ਪੰਜਾਬੀ ਪੁਸਤਕਾਂ ਅਤੇ ਹੋਰ ਦਰਸ਼ੀ ਸਾਧਨਾਂ ਨੂੰ ਜਗ੍ਹਾ ਦਿਵਾਈ। ਉਹਨਾਂ ਨੇ ਵੱਖ ਵੱਖ ਸਾਹਿਤਕ ਸੰਮੇਲਨਾਂ ਦੀ ਅਗਵਾਈ ਕੀਤੀ। ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਗੁਰਮੁਖੀ ਲਿਪੀ ਦੇ ਪ੍ਰਯੋਗ ਦੀ ਜਾਚ ਸਿਖਾਈ ਅਤੇ ਪੰਜਾਬੀ ਮਾਂ ਬੋਲੀ ਪ੍ਰਤੀ ਉਤਸ਼ਾਹ ਭਰਿਆ। ਉਹਨਾਂ ਨੇ ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਵੀ ਪੰਜਾਬੀ ਜਮਾਤਾਂ ਪੜਾਈਆਂ।

ਦੇਸ਼ ਵਿਦੇਸ਼ ਵਿੱਚ ਬਹੁਤ ਸਾਰੀਆਂ ਅਕਾਦਮਿਕ ਸੰਸਥਾਵਾਂ ਜਿਵੇਂ ਪੰਜਾਬੀ ਸਾਹਿਤ ਅਕਾਦਮੀ ਅਤੇ ਅਮਰੀਕਾ ਅਤੇ ਕੈਨੇਡਾ ਵਿੱਚ ਸੰਸਥਾਵਾਂ ਨਾਲ ਜੁੜੇ ਸਨ। ਉਹ ਧਰਮ ਅਤੇ ਵਿਰਸੇ ਦੇ ਸਾਹਿਤ ਨੂੰ ਦੇਸ਼ ਵਿਦੇਸ਼ ਵਿੱਚ ਅਦਾਨ ਪ੍ਰਦਾਨ ਰਾਹੀਂ ਪ੍ਰਫੁਲਤ ਕਰਨ ਲਈ ਇੱਕ ਪੁਲ ਦਾ ਕੰਮ ਕਰਦੇ ਸਨ।

ਉਹਨਾਂ ਦਾ ਇੱਕ ਵਿਦਵਾਨ ਅਤੇ ਅਧਿਆਪਨ ਵਿੱਚ ਉੱਘਾ ਸਤਿਕਾਰਯੋਗ ਸਥਾਨ ਸੀ, ਫਿਰ ਵੀ ਆਪ ਨਰਮ, ਸੁਭਾਅ, ਮਿਲਾਪੜੇ, ਕੋਮਲ ਮੁਸਕਰਾਹਟ, ਮਨੁੱਖਤਾ ਦੀ ਸੇਵਾ ਅਤੇ ਮੁਆਫ਼ ਕਰ ਦੇਣ ਵਾਲੇ ਗੁਣ ਸਨ। ਮਤਭੇਦ ਅਤੇ ਈਰਖਾ ਨੂੰ ਆਪਣੇ ਫਰਜ਼ ਵਿੱਚ ਰੁਕਾਵਟ ਨਹੀਂ ਬਣਨ ਦਿੱਤਾ। ਆਪਣੀ ਸਿਆਣਪ ਅਤੇ ਸਹਿਨਸ਼ੀਲਤਾ ਨਾਲ ਉਹਨਾਂ ਧਾਰਮਿਕ, ਸੱਭਿਆਚਾਰਕ ਅਤੇ ਸਾਹਿਤਕ ਵਿਰਸੇ ਪ੍ਰਤੀ ਸੁਹਿਰਦ ਫਰਜ਼ ਨਿਭਾਇਆ। ਉਹਨਾਂ ਨੂੰ ਮਜ਼ਬੂਤ ਇਰਾਦੇ ਨਾਲ ਵਿਦਿਆਰਥੀਆਂ ਅਤੇ ਭਾਈਚਾਰੇ ਨੂੰ ਹਮੇਸ਼ਾ ਜੋੜਿਆ।

ਉਹਨਾਂ ਦੇ ਭਰਾ ਅੰਮ੍ਰਿਤਪਾਲ ਸਿੰਘ ਓਹੀਓ ਯੂਨੀਵਰਸਿਟੀ ਅਮਰੀਕਾ ਵਿੱਚ ਅੰਗਰੇਜ਼ੀ ਅਤੇ ਅਫਰੀਕਨ ਅਮਰੀਕਨ ਸਟਡੀਜ ਦੇ ਉੱਘੇ ਪ੍ਰੋਫੈਸਰ ਨੇ ਆਪਣੇ ਵੱਡੇ ਭਰਾ ਨੂੰ ਕੋਮਲ ਸ਼ੇਰ ਦੱਸਿਆ ਹੈ। ਫਰਜ਼ਾਂ, ਕਦਰਾਂ ਕੀਮਤਾਂ ਦੇ ਸਟੀਲ ਪਿੰਜਰ ਵਿੱਚ ਸ਼ੇਰ ਦੇ ਨਾਲ ਇੱਕ ਲੇਲੇ ਦਾ ਨਰਮ ਦਿਲ ਵੀ ਸੀ। ਉਹਨਾਂ ਨੂੰ ਆਪਣੇ ਵਿਦਿਆਰਥੀਆਂ, ਪਰਵਾਰ , ਦੋਸਤਾਂ ਅਤੇ ਭਾਈਚਾਰੇ ਵੱਲੋਂ ਉਹਨਾਂ ਦੀ ਅਦਭੁਤ ਦੇਣ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

30 ਅਪ੍ਰੈਲ 2011 ਨੂੰ ਇੱਕ ਸ਼ਰਧਾਂਜਲੀ ਸਮਾਰੋਹ ਚਾਂਦਨੀ ਰੈਸਟਰਾਂ ਅਮਰੀਕਾ ਵਿੱਚ ਹੋਇਆ। ਰਾਜਦੂਤ ਕਰਾਮਾਤ ਉਲਾ ਗੌਰੀ ਨੇ ਆਪਣੇ ਮੂਲ ਭਾਵ ਵਿੱਚ ਕਿਹਾ ਕਿ ਅੱਜ ਇਸ ਸ਼ਰਧਾਂਜਲੀ ਸਮਾਰੋਹ ਵਿੱਚ ਇਕੱਠੇ ਹੋਏ ਲੇਖਕ ਵੱਖ ਵੱਖ ਖ਼ਿੱਤੇ, ਧਰਮ ਅਤੇ ਭਾਸ਼ਾ ਦੇ ਹਨ ਪਰ ਉਹ ਸਾਰੇ ਸਮਾਜਿਕ ਬੁਰਾਈਆਂ ਦੇ ਖ਼ਿਲਾਫ਼ ਲਿਖਦੇ ਹਨ। ਉਸੇ ਤਰ੍ਹਾਂ ਡਾ. ਆਤਮਜੀਤ ਸਿੰਘ ਨੇ ਪੰਜਾਬੀ ਮਾਂ ਬੋਲੀ ਧਰਮ ਤੇ ਵਿਰਸੇ ਨੂੰ ਪੜਾਇਆ ਹੈ। ਉਹਨਾਂ ਨੇ ਆਪਣੇ ਵਿਦਿਆਰਥੀਆਂ ਨੂੰ ਹਮੇਸ਼ਾ ਚੰਗੀ ਜੀਵਨ ਜਾਚ ਸਿਖਾਈ। ਉਹਨਾਂ ਨੇ ਆਪਣੇ ਹੁਨਰ ਪ੍ਰਤੀ ਹਮੇਸ਼ਾ ਬੜੀ ਹੀ ਤਨਦੇਹੀ ਅਤੇ ਇਮਾਨਦਾਰੀ ਨਾਲ ਫਰਜ਼ ਨਿਭਾਇਆ ਹੈ। ਉਹਨਾਂ ਪ੍ਰਤੀ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਉਹਨਾਂ ਦੀ ਵਿਰਾਸਤ ਨੂੰ ਹਮੇਸ਼ਾ ਅਗਾਂਹ ਤੋਰਿਆ ਜਾਵੇ। ਸਮਾਰੋਹ ਵਿੱਚ ਲੇਖਕ ਡਾ. ਅੰਮ੍ਰਿਤਜੀਤ ਸਿੰਘ, ਡਾ. ਮਹਿੰਦਰ ਸਿੰਘ ਮਦਾਨ, ਕਰਾਮਾਤ ਓਲਾ ਗੌਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਪ੍ਰਬੰਧਕ, ਤਾਰਾ ਸਿੰਘ ਸਾਗਰ, ਕੁਲਦੀਪ ਸਿੰਘ ਢੀਂਡਸਾ, ਇਰੈਨੇ ਨੈਕਸੀਰਾ, ਲਾਲ ਸਿੰਘ ਭੱਟੀ ਢੋਲੀ, ਗੁਰਚਰਨ ਸਿੰਘ ਫਲਕ, ਅਜ਼ਾਦ ਜਲੰਧਰੀ, ਹਮੀਦਾ ਚੋਪੜਾ, ਤਾਸ਼ੀ ਜਹੀਰ, ਮੁਹੰਮਦ ਅਸ਼ਰਫ ਚੌਧਰੀ, ਮੁਹੰਮਦ ਸਲੀਮ ਅਖਤਰ, ਡਾ. ਸੁਖਮੰਦਰ ਸਿੰਘ, ਜਸਜੀਤ ਕੌਰ, ਜਨਾਰੋ ਰੋਡਕਟਿਜ, ਮਾਇਕ ਗਰਾਵਲ, ਮੁਹੰਮਦ ਅਸ਼ਰਫ ਤੂਰ, ਡਾ. ਅਵਤਾਰ ਸਿੰਘ, ਮੁਹੰਮਦ ਸਲੀਮ, ਡਾ. ਕੁਲਬੀਰ ਥਿੰਦ, ਆਗਾ ਸਈਦ ਆਦਿ ਹਾਜ਼ਰ ਸਨ।

ਅੰਤਿਕਾ : ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਪ੍ਰਭੂ ਦੀ ਹਜ਼ੂਰੀ ਵਿੱਚ ਸਤਿਕਾਰੇ ਜਾਂਦੇ ਹਨ। ਪਰਮਾਤਮਾ ਆਪ ਉਹਨਾਂ ਨੂੰ ਆਪਣੇ ਗਲ ਲਾਉਂਦਾ ਹੈ ਅੰਗ 41-42.

ਕਲਮ, ਕੌਮ ਅਤੇ ਚੇਤਨਾ: ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਬੌਧਿਕ ਯਾਤਰਾ

ਸਰਬਜੀਤ ਕੌਰ

ਆਧੁਨਿਕ ਸਿੱਖ ਸਾਹਿਤ ਅਤੇ ਇਤਿਹਾਸਕ ਲੇਖਨ ਵਿੱਚ ਪ੍ਰਮਿੰਦਰ ਸਿੰਘ ਪ੍ਰਵਾਨਾ ਉਹ ਨਾਮ ਹੈ ਜਿਨ੍ਹਾਂ ਨੇ ਕਲਮ ਨੂੰ ਸਿਰਫ਼ ਸ਼ਬਦਾਂ ਤੱਕ ਸੀਮਿਤ ਨਹੀਂ ਰੱਖਿਆ, ਸਗੋਂ ਇਸਨੂੰ ਸੱਚ, ਸੰਘਰਸ਼ ਅਤੇ ਸਿੱਖ ਅਸਲੀਅਤ ਦੀ ਆਵਾਜ਼ ਬਣਾਇਆ। ਜਦੋਂ ਕਲਮ ਇਤਿਹਾਸ ਨਾਲ ਸੰਵਾਦ ਕਰਦੀ ਹੈ ਅਤੇ ਲੇਖਕ ਆਪਣੀ ਕੌਮ ਦੀ ਚੇਤਨਾ ਬਣ ਜਾਂਦਾ ਹੈ, ਓਥੇ ਪ੍ਰਮਿੰਦਰ ਸਿੰਘ ਪ੍ਰਵਾਨਾ ਵਰਗਾ ਸਾਹਿਤਕਾਰ ਜਨਮ ਲੈਂਦਾ ਹੈ।

ਪ੍ਰਮਿੰਦਰ ਸਿੰਘ ਪ੍ਰਵਾਨਾ ਸਿਰਫ਼ ਇੱਕ ਸਾਹਿਤਕਾਰ ਨਹੀਂ, ਸਗੋਂ ਸਿੱਖ ਇਤਿਹਾਸ ਦੀ ਉਸ ਲਗਾਤਾਰ ਜਗਦੀ ਮਸ਼ਾਲ ਦਾ ਨਾਮ ਹਨ, ਜੋ ਪੀੜ੍ਹੀ ਦਰ ਪੀੜ੍ਹੀ ਸੱਚ ਨੂੰ ਰੌਸ਼ਨ ਕਰ ਰਹੀ ਹੈ।

ਪ੍ਰਮਿੰਦਰ ਸਿੰਘ ਪ੍ਰਵਾਨਾ ਪੰਜਾਬੀ ਸਾਹਿਤਕਾਰ ਦੇ ਨਾਲ ਨਾਲ ਇੱਕ ਚੰਗੇ ਸਿੱਖ ਇਤਿਹਾਸਕਾਰ ਹਨ। ਪੰਜਾਬੀ ਭਾਸ਼ਾ ਨਾਲ ਸੰਬੰਧਿਤ ਅਲੱਗ ਅਲੱਗ ਅਖਬਾਰਾਂ ਵਿੱਚ ਅਕਸਰ ਹੀ ਇਹਨਾਂ ਦੀਆਂ ਲਿਖਤਾਂ ਪਬਲਿਸ਼ ਹੁੰਦੀਆਂ ਰਹਿੰਦੀਆਂ ਹਨ। ਪ੍ਰਮਿੰਦਰ ਸਿੰਘ ਪ੍ਰਵਾਨਾ ਦਾ ਜਨਮ ਮਹੱਲਾ ਲਾਡੋਵਾਲੀ ਜਲੰਧਰ ਸ਼ਹਿਰ ਵਿਖੇ ਹੋਇਆ ਸੀ। ਉਹਨਾਂ ਨੇ ਆਪਣੀ ਮੁੱਢਲੀ ਵਿੱਦਿਆ ਮੁਹੱਲੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਉਚੇਰੀ ਵਿਦਿਆ ਦੇ ਲਈ ਲਾਇਲਪੁਰ ਖਾਲਸਾ ਕਾਲਜ ਜਲੰਧਰ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਹਾਸਲ ਕੀਤੀ। ਪੰਜਾਬੀ ਪੜ੍ਹਨ ਲਿਖਣ ਤੇ ਬੋਲਣ ਦਾ ਸ਼ੌਕ ਪ੍ਰਮਿੰਦਰ ਸਿੰਘ ਪ੍ਰਵਾਨਾ ਨੂੰ ਬਚਪਨ ਤੋਂ ਹੀ ਸੀ ਜਿਸ ਕਰਕੇ ਉਹਨਾਂ ਨੇ ਪ੍ਰਾਇਮਰੀ ਸਕੂਲ ਦੀਆਂ ਬਾਲ ਸਭਾਵਾਂ ਤੋਂ ਹੀ ਕਵੀਆਂ ਦੀਆਂ ਲਿਖੀਆਂ ਕਵਿਤਾਵਾਂ ਪੜ੍ਹਨੀਆਂ ਸ਼ੁਰੂ ਕੀਤੀਆਂ। ਬਚਪਨ ਤੋਂ ਹੀ ਉਹਨਾਂ ਨੂੰ ਪਾਠਕ੍ਰਮ ਦੀਆਂ ਪੁਸਤਕਾਂ ਵਿੱਚੋਂ ਕਹਾਣੀਆਂ ਯਾਦ ਕਰਕੇ ਜ਼ਬਾਨੀ ਸੁਣਾਉਣ ਦਾ ਸ਼ੌਕ ਸੀ, ਜਿਸ ਦੇ ਸਦਕਾ ਹੀ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਹਾਇਰ ਸੈਕੰਡਰੀ ਸਕੂਲ ਵਿੱਚ ਮਾਸਟਰ ਜੀ ਦੇ ਲਿਖੇ ਲੇਖ ਜ਼ਿਲ੍ਹਾ ਪੱਧਰ ਦੇ ਭਾਸ਼ਣ ਮੁਕਾਬਲਿਆਂ ਵਿੱਚ ਸੁਣਾਏ ਤੇ ਉਹਨਾਂ ਵਿੱਚੋਂ ਅੱਵਲ ਸਥਾਨ ਪ੍ਰਾਪਤ ਕੀਤਾ। ਕਾਲਜ ਤੋਂ ਲੈ ਕੇ ਯੂਨੀਵਰਸਿਟੀ ਦੇ ਮੈਗਜ਼ੀਨ ਵਿੱਚ ਅਕਸਰ ਹੀ ਉਹਨਾਂ ਦੀਆਂ ਕਵਿਤਾਵਾਂ ਛਪਣ ਲੱਗੀਆਂ। ਉਹਨਾਂ ਨੇ ਆਪਣੀ ਪਹਿਲੀ ਕਵਿਤਾ 1971 ਵਿੱਚ ਲਿਖਣੀ ਸ਼ੁਰੂ ਕੀਤੀ।

ਉਹਨਾਂ ਨੇ ਆਪਣੇ ਜੀਵਨ ਦੇ 17 ਸਾਲ ਸਰਕਾਰੀ ਨੌਕਰੀ ਮਨਿਸਟਰੀ ਆਫ ਐਗਰੀਕਲਚਰ ਐਂਡ ਕਰੈਡਿਟ ਡਿਵੀਜ਼ਨ ਕ੍ਰਿਸ਼ੀ ਭਵਨ ਦਿੱਲੀ ਦੇ ਜ਼ਿਲ੍ਹਾ ਪੱਧਰੀ ਦਫ਼ਤਰ ਵਿੱਚ ਬਤੌਰ ਜ਼ਿਲ੍ਹਾ ਨਰੀਖਣ ਅਫ਼ਸਰ ਵਜੋਂ ਕੰਮ ਕੀਤਾ। ਨੌਕਰੀ ਦੌਰਾਨ ਵੀ ਉਹਨਾਂ ਦਾ ਲੇਖਣੀ ਦਾ ਸਫ਼ਰ ਜਾਰੀ ਸੀ। ਸਰਕਾਰੀ ਪ੍ਰੋਗਰਾਮਾਂ ਦੀਆਂ ਸੂਚਨਾਵਾਂ ਅੰਗਰੇਜ਼ੀ ਤੋ



ਰਾਵਨਜੋਤ ਕੌਰ ਸਿੱਧੂ ਰਾਵੀ



ਆਖ਼ਰੀ ਦਸਤਖ਼ਤ

ਸਵੇਰ ਦੀ ਚਾਹ ਹਾਲੇ ਮੇਜ਼ ਉੱਤੇ ਪਈ ਸੀ ਕਿ ਅਖ਼ਬਾਰ ਦੇ ਪਹਿਲੇ ਪੰਨੇ 'ਤੇ ਛਪੀ ਖ਼ਬਰ ਨੇ ਮੇਰੇ ਹੱਥ ਰੋਕ ਦਿੱਤੇ। ਇਹ ਖ਼ਬਰ ਪੈਂਤੀ ਸਾਲ ਪੁਰਾਣੇ ਸਰਕਾਰੀ ਸਕੂਲ ਨੂੰ ਢਾਹ ਕੇ ਉੱਥੇ ਵਪਾਰਕ ਕੰਪਲੈਕਸ ਬਣਾਉਣ ਬਾਰੇ ਸੀ। ਖ਼ਬਰ ਨਾਲ ਛਪੀ ਤਸਵੀਰ ਵਿੱਚ ਇੱਕ ਬਜ਼ੁਰਗ ਆਦਮੀ ਸਕੂਲ ਦੇ ਮੁੱਖ ਗੇਟ ਅੱਗੇ ਖੜ੍ਹਾ ਸੀ। ਉਸ ਦੀਆਂ ਅੱਖਾਂ ਵਿੱਚ ਅਜੀਬ ਜਿਹੀ ਬੇਵੱਸੀ ਸੀ। ਉਸ ਦੇ ਹੱਥ ਵਿੱਚ ਫੜਿਆ ਕਾਗਜ਼ ਹਵਾ ਨਾਲ ਕੰਬ ਰਿਹਾ ਸੀ, ਜਿਸ ਨੂੰ ਉਸ ਦੀਆਂ ਉਂਗਲਾਂ ਨੇ ਇਉਂ ਘੁੱਟ ਕੇ ਫੜਿਆ ਹੋਇਆ ਸੀ ਜਿਵੇਂ ਉਹ ਕਾਗਜ਼ ਨਹੀਂ, ਕਿਸੇ ਦੀ ਜ਼ਿੰਦਗੀ ਹੋਵੇ। ਉਸ ਆਦਮੀ ਨੂੰ ਮੈਂ ਚੰਗੀ ਤਰ੍ਹਾਂ ਜਾਣਦੀ ਸੀ। ਉਹ ਮਾਸਟਰ ਜਗਤਾਰ ਸਿੰਘ ਸਨ, ਅਜਿਹਾ ਅਧਿਆਪਕ, ਜਿਸ ਨੇ ਆਪਣੀ ਸਾਰੀ ਉਮਰ ਬੱਚਿਆਂ ਦੇ ਲੇਖੇ ਲਾ ਦਿੱਤੀ ਸੀ। ਮੈਂ ਅਖ਼ਬਾਰ ਮੋੜ ਕੇ ਰੱਖ ਦਿੱਤਾ ਪਰ ਉਨ੍ਹਾਂ ਦੀਆਂ ਅੱਖਾਂ ਵਿਚਲੇ ਅੱਥਰੂ ਜਿਵੇਂ ਮੇਰੇ ਮਨ 'ਤੇ ਉੱਕਰੇ ਗਏ। ਕੁਝ ਯਾਦਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਜਿੰਨਾ ਦਬਾਉਂਦੇ ਹਾਂ, ਉਹ ਓਨੀਆਂ ਹੀ ਯਾਦ ਆਉਂਦੀਆਂ ਹਨ।

ਮੈਨੂੰ ਪੈਂਤੀ ਸਾਲ ਪੁਰਾਣੇ ਦਿਨ ਯਾਦ ਆ ਗਏ। ਉਦੋਂ ਮੈਂ ਇਸੇ ਸਰਕਾਰੀ ਸਕੂਲ ਵਿੱਚ ਅੱਠਵੀਂ ਜਮਾਤ 'ਚ ਪੜ੍ਹਦੀ ਸੀ। ਸਾਡੇ ਪਿੰਡ ਦੇ ਬਹੁਤੇ ਘਰਾਂ ਦੀ ਹਾਲਤ ਚੰਗੀ ਨਹੀਂ ਸੀ। ਕਈ ਬੱਚੇ ਨੰਗੇ ਪੈਰੀਂ ਸਕੂਲ ਆਉਂਦੇ,ਕਈਆਂ ਦੇ ਬਸਤੇ ਵਿੱਚ ਕਿਤਾਬਾਂ ਨਾਲੋਂ ਵੱਧ ਫ਼ਿਕਰ ਹੁੰਦੇ। ਕਿਸੇ ਦੇ ਪਿਤਾ ਕੋਲ ਜ਼ਮੀਨ ਨਹੀਂ ਸੀ, ਕਿਸੇ ਦੀ ਮਾਂ ਲੋਕਾਂ ਦੇ ਘਰਾਂ ਵਿੱਚ ਕੰਮ ਕਰਦੀ ਸੀ। ਮਾਸਟਰ ਜਗਤਾਰ ਸਿੰਘ ਲਈ ਅਸੀਂ ਸਾਰੇ ਬਰਾਬਰ ਸਾਂ। ਉਹ ਅਕਸਰ ਕਹਿੰਦੇ ਸਨ, ਬੱਚਿਓ! ਗ਼ਰੀਬੀ ਤੁਹਾਡੇ ਘਰ ਦੀ ਹਾਲਤ ਹੋ ਸਕਦੀ ਹੈ, ਤੁਹਾਡੀ ਕਿਸਮਤ ਨਹੀਂ। ਜੇ ਪੜ੍ਹਨ ਦਾ ਹੌਸਲਾ ਹੈ ਤਾਂ ਦੁਨੀਆ ਦੀ ਕੋਈ ਤਾਕਤ ਤੁਹਾਨੂੰ ਅੱਗੇ ਵਧਣ ਤੋਂ ਨਹੀਂ ਰੋਕ ਸਕਦੀ। ਉਨ੍ਹਾਂ ਦੀਆਂ ਗੱਲਾਂ ਸਾਡੇ ਲਈ ਕਿਤਾਬਾਂ ਦੇ ਪਾਠ ਨਾਲੋਂ ਵੱਧ ਅਹਿਮ ਸਨ।

ਮੇਰੇ ਪਿਤਾ ਜੀ ਮਜ਼ਦੂਰੀ ਕਰਦੇ ਸਨ। ਘਰ ਵਿੱਚ ਅਸੀਂ ਤਿੰਨ ਭੈਣਾਂ ਸਾਂ। ਮਾਂ ਚਾਹੁੰਦੀ ਸੀ ਕਿ ਮੈਂ ਪੜ੍ਹ-ਲਿਖ ਕੇ ਆਪਣੇ ਪੈਰਾਂ 'ਤੇ ਖੜ੍ਹੀ ਹੋਵਾਂ ਪਰ ਘਰ ਦੀ ਤੰਗੀ ਨਿੱਤ ਮੇਰੇ ਸੁਪਨਿਆਂ ਅੱਗੇ ਕੰਧ ਬਣ ਜਾਂਦੀ ਸੀ। ਇੱਕ ਦਿਨ ਪਿਤਾ ਜੀ ਨੇ ਕਹਿ ਦਿੱਤਾ, "ਅਗਲੇ ਮਹੀਨੇ ਤੋਂ ਤੂੰ ਸਕੂਲ ਨਹੀਂ ਜਾਣਾ।" ਉਨ੍ਹਾਂ ਨੇ ਮੇਰੇ ਲਈ ਕਿਸੇ ਘਰ ਵਿੱਚ ਕੰਮ ਲੱਭ ਲਿਆ ਸੀ। ਉਸ ਦਿਨ ਮੈਂ ਸਾਰਾ ਦਿਨ ਚੁੱਪ ਰਹੀ। ਅਗਲੀ ਸਵੇਰ ਮਾਸਟਰ ਜੀ ਨੇ ਮੇਰੀਆਂ ਅੱਖਾਂ ਦੀ ਉਦਾਸੀ ਪੜ੍ਹ ਲਈ। ਕੀ ਗੱਲ ਹੈ ਮਨਪ੍ਰੀਤ? ਅੱਜ ਤੇਰੀਆਂ ਅੱਖਾਂ ਵਿੱਚ ਕੋਈ ਸੁਪਨਾ ਨਹੀਂ ਦਿਸਦਾ? ਮੈਂ ਰੋਂਦਿਆਂ ਸਾਰੀ ਗੱਲ ਦੱਸ ਦਿੱਤੀ। ਉਨ੍ਹਾਂ ਨੇ ਉਸੇ ਸ਼ਾਮ ਮੇਰੇ ਪਿਤਾ ਜੀ ਨਾਲ ਮੁਲਾਕਾਤ ਕੀਤੀ ਅਤੇ ਸਮਝਾਇਆ ਕਿ ਧੀ ਦੀ ਪੜ੍ਹਾਈ ਦਾ ਖ਼ਰਚਾ ਸਕੂਲ ਦੇ ਸਹਾਇਤਾ ਫੰਡ ਵਿੱਚੋਂ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਮੈਨੂੰ ਕਿਤਾਬਾਂ ਲੈ ਕੇ ਦਿੱਤੀਆਂ ਅਤੇ ਕਿਹਾ ਕਿ ਜਦੋਂ ਤੱਕ ਉਹ ਸਕੂਲ ਵਿੱਚ ਹਨ, ਮੇਰੀ ਪੜ੍ਹਾਈ ਨਹੀਂ ਰੁਕਣ ਦੇਣਗੇ। ਮੈਂ ਪੜ੍ਹਦੀ ਰਹੀ। ਸਮਾਂ ਬੀਤਿਆ। ਮੈਂ ਅਧਿਆਪਕਾ ਬਣੀ। ਫਿਰ ਸਰਕਾਰੀ ਨੌਕਰੀ ਤੋਂ ਸੇਵਾਮੁਕਤ ਵੀ ਹੋ ਗਈ। ਜ਼ਿੰਦਗੀ ਨੇ ਮੈਨੂੰ ਬਹੁਤ ਕੁਝ ਦਿੱਤਾ ਪਰ ਮੇਰੇ ਮਨ ਵਿੱਚ ਮਾਸਟਰ ਜਗਤਾਰ ਸਿੰਘ ਲਈ ਸਤਿਕਾਰ ਕਦੇ ਘੱਟ ਨਹੀਂ ਹੋਇਆ। ਉਨ੍ਹਾਂ ਦੀ ਆਪਣੀ ਕੋਈ ਔਲਾਦ ਨਹੀਂ ਸੀ। ਉਹ ਅਕਸਰ ਹੱਸ ਕੇ ਕਹਿੰਦੇ ਸਨ, ਮੇਰੇ ਬੱਚੇ ਤਾਂ ਇਸ ਸਕੂਲ ਦੀਆਂ ਜਮਾਤਾਂ ਵਿੱਚ ਬੈਠੇ ਹਨ। ਜਦੋਂ ਕੋਈ ਬੱਚਾ ਪੜ੍ਹ ਕੇ ਆਪਣੇ ਪੈਰਾਂ 'ਤੇ ਖੜ੍ਹਾ ਹੋ ਜਾਂਦਾ ਹੈ, ਮੈਨੂੰ ਲੱਗਦਾ ਹੈ ਮੇਰਾ ਘਰ ਵੱਸ ਗਿਆ। ਪਰ ਸਮਾਂ ਬਦਲ ਗਿਆ ਸੀ। ਪਿੰਡ ਦੇ ਬਾਹਰ ਨਵੀਂ ਸੜਕ ਬਣੀ ਤਾਂ ਸਕੂਲ ਦੇ ਆਲੇ-ਦੁਆਲੇ ਦੀ ਜ਼ਮੀਨ ਦੀ ਕੀਮਤ ਆਸਮਾਨੀਂ ਚੜ੍ਹ ਗਈ। ਸ਼ਹਿਰ ਦੇ ਇੱਕ ਵੱਡੇ ਵਪਾਰੀ ਨੇ ਸਕੂਲ ਵਾਲੀ ਜ਼ਮੀਨ 'ਤੇ ਨਜ਼ਰ ਰੱਖ ਲਈ। ਪੰਚਾਇਤ ਦੀਆਂ ਮੀਟਿੰਗਾਂ ਹੋਣ ਲੱਗੀਆਂ, ਕਾਗਜ਼ਾਂ ਵਿੱਚ ਨਵੀਆਂ ਯੋਜਨਾਵਾਂ ਬਣੀਆਂ। ਕਦੇ ਸਕੂਲ ਨੂੰ ਘੱਟ ਵਿਦਿਆਰਥੀਆਂ ਵਾਲਾ ਦੱਸਿਆ ਜਾਂਦਾ, ਕਦੇ ਇਮਾਰਤ ਨੂੰ ਖ਼ਸਤਾ। ਮਾਸਟਰ ਜਗਤਾਰ ਸਿੰਘ ਉਸ ਵੇਲੇ ਸੇਵਾਮੁਕਤ ਹੋ ਚੁੱਕੇ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਸਕੂਲ ਦੀ ਜ਼ਮੀਨ ਦੇ ਪੁਰਾਣੇ ਰਿਕਾਰਡ ਲੱਭਣੇ ਸ਼ੁਰੂ ਕੀਤੇ। ਉਨ੍ਹਾਂ ਕੋਲ ਸੰਭਾਲ ਕੇ ਰੱਖੇ ਕਈ ਦਸਤਾਵੇਜ਼ ਸਨ। ਉਹ ਕਹਿੰਦੇ ਸਨ ਕਿ ਇਹ ਜ਼ਮੀਨ ਸਰਕਾਰੀ ਜਾਇਦਾਦ ਨਹੀਂ ਸਗੋਂ ਪਿੰਡ ਦੇ ਲੋਕਾਂ ਨੇ ਬੱਚਿਆਂ ਦੀ ਪੜ੍ਹਾਈ ਲਈ ਦਾਨ ਕੀਤੀ ਸੀ। ਉਨ੍ਹਾਂ ਨੇ ਜ਼ਿਲ੍ਹਾ ਦਫ਼ਤਰਾਂ ਦੇ ਚੱਕਰ ਲਾਏ। ਕਈ ਵਾਰ ਅਧਿਕਾਰੀਆਂ ਦੇ ਦਰਵਾਜ਼ਿਆਂ ਅੱਗੇ ਘੰਟਿਆਂਬੱਧੀ ਬੈਠੇ ਰਹੇ ਪਰ ਹਰ ਵਾਰ ਉਨ੍ਹਾਂ ਨੂੰ ਇੱਕੋ ਜਵਾਬ ਮਿਲਦਾ, ਬਾਬਾ ਜੀ! ਇਹ ਸਰਕਾਰੀ ਮਾਮਲਾ ਹੈ। ਤੁਸੀਂ ਫ਼ਿਕਰ ਨਾ ਕਰੋ, ਸਭ ਕੁਝ ਨਿਯਮਾਂ ਅਨੁਸਾਰ ਹੋ ਰਿਹਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਨਹੀਂ ਸੀ ਕਿ ਉਨ੍ਹਾਂ ਦੀ ਉਮਰ ਦਫ਼ਤਰਾਂ ਦੇ ਚੱਕਰ ਕੱਟਦਿਆਂ ਲੰਘ ਰਹੀ ਹੈ ਸਗੋਂ ਦੁੱਖ ਇਸ ਗੱਲ ਦਾ ਸੀ ਕਿ ਜਿਸ ਇਮਾਰਤ 'ਚੋਂ ਕਦੇ ਬੱਚਿਆਂ ਦੇ ਸੁਪਨੇ ਦੇਖੇ ਸਨ, ਹੁਣ ਉਸ ਨੂੰ ਤੋੜ ਕੇ ਮੁਨਾਫ਼ਾ ਖੱਟਣ ਬਾਰੇ ਸੋਚਿਆ ਜਾ ਰਿਹਾ ਸੀ।

ਫਿਰ ਇੱਕ ਦਿਨ ਮੈਂ ਉਨ੍ਹਾਂ ਨੂੰ ਮਿਲਣ ਗਈ। ਉਹ ਸਕੂਲ ਦੇ ਪੁਰਾਣੇ ਵਰਾਂਡੇ ਵਿੱਚ ਬੈਠੇ ਸਨ। ਸਾਹਮਣੇ ਟੁੱਟਿਆ ਹੋਇਆ ਬਲੈਕਬੋਰਡ ਪਿਆ ਸੀ, ਜਿਸ ਉੱਤੇ ਉਹ ਕੁਝ ਲਿਖ ਰਹੇ ਸਨ। ਮਾਸਟਰ ਜੀ! ਤੁਸੀਂ ਹਾਰ ਕਿਉਂ ਨਹੀਂ ਮੰਨ ਲੈਂਦੇ? ਤੁਹਾਡੀ ਉਮਰ ਵੀ ਤਾਂ ਹੋ ਗਈ ਹੈ। ਉਹ ਮੇਰੇ ਵੱਲ ਦੇਖ ਕੇ ਮੁਸਕਰਾਏ, ਮਨਪ੍ਰੀਤ, ਜੇ ਅਧਿਆਪਕ ਹੀ ਹਾਰ ਮੰਨ ਲਵੇ ਤਾਂ ਬੱਚਿਆਂ ਨੂੰ ਹੌਸਲਾ ਰੱਖਣਾ ਕੌਣ ਸਿਖਾਏਗਾ? ਮੈਂ ਚੁੱਪ ਹੋ ਗਈ। ਉਨ੍ਹਾਂ ਨੇ ਬਲੈਕਬੋਰਡ ਵੱਲ ਦੇਖਦਿਆਂ ਕਿਹਾ, ਇਸ ਕਮਰੇ ਵਿੱਚ ਬੈਠ ਕੇ ਕਦੇ ਇੱਕ ਬੱਚੇ ਨੇ ਮੈਨੂੰ ਪੁੱਛਿਆ ਸੀ ਕਿ ਵੱਡਾ ਹੋ ਕੇ ਇਨਸਾਨ ਕਿਵੇਂ ਬਣੀਦਾ ਹੈ? ਮੈਂ ਉਸ ਨੂੰ ਜਵਾਬ ਦਿੱਤਾ ਸੀ ਕਿ ਜਦੋਂ ਤੇਰੇ ਕੋਲ ਕਿਸੇ ਦਾ ਹੱਕ ਮਾਰਨ ਦੀ ਤਾਕਤ ਹੋਵੇ ਪਰ ਤੂੰ ਫਿਰ ਵੀ ਉਸ ਦਾ ਹੱਕ ਨਾ ਮਾਰਿਆ ਤਾਂ ਸਮਝੀਂ ਤੂੰ ਇਨਸਾਨ ਬਣ ਗਿਆ। ਉਨ੍ਹਾਂ ਲੰਮਾ ਸਾਹ ਲੈਂਦਿਆਂ ਕਿਹਾ, ਅੱਜ ਮੈਨੂੰ ਲੱਗਦਾ ਹੈ ਕਿ ਮੈਂ ਬੱਚਿਆਂ ਨੂੰ ਇਹ ਪਾਠ ਤਾਂ ਪੜ੍ਹਾਇਆ ਸੀ ਪਰ ਵੱਡੇ ਹੋਏ ਲੋਕਾਂ ਨੇ ਇਸ ਨੂੰ ਕਿਤਾਬ ਵਿੱਚੋਂ ਕੱਢ ਕੇ ਸੁੱਟ ਦਿੱਤਾ। ਉਸ ਦਿਨ ਮੈਂ ਉਨ੍ਹਾਂ ਕੋਲੋਂ ਪਰਤਦਿਆਂ ਬਹੁਤ ਉਦਾਸ ਸੀ।

ਕੁਝ ਦਿਨਾਂ ਬਾਅਦ ਸਕੂਲ ਦੀ ਇਮਾਰਤ ਨੂੰ ਢਾਹੁਣ ਦੀ ਤਾਰੀਖ਼ ਤੈਅ ਹੋ ਗਈ। ਪਿੰਡ ਦੇ ਲੋਕਾਂ ਨੂੰ ਪਤਾ ਲੱਗਿਆ ਤਾਂ ਕੁਝ ਨੇ ਵਿਰੋਧ ਕੀਤਾ ਪਰ ਬਹੁਤਿਆਂ ਨੇ ਇਹ ਕਹਿ ਕੇ ਪਾਸਾ ਵੱਟ ਲਿਆ ਕਿ ਸਰਕਾਰ ਦੇ ਫ਼ੈਸਲੇ ਅੱਗੇ ਕੌਣ ਖੜ੍ਹ ਸਕਦਾ ਹੈ। ਮਾਸਟਰ ਜੀ ਨੇ ਆਖ਼ਰੀ ਵਾਰ ਪਿੰਡ ਦੀ ਪੰਚਾਇਤ ਨੂੰ ਅਪੀਲ ਕੀਤੀ। ਉਨ੍ਹਾਂ ਨੇ ਸਕੂਲ ਦੇ ਪੁਰਾਣੇ ਰਜਿਸਟਰ, ਜ਼ਮੀਨ ਦਾਨ ਕਰਨ ਵਾਲਿਆਂ ਦੇ ਨਾਮ ਅਤੇ ਵਿਦਿਆਰਥੀਆਂ ਦੇ ਰਿਕਾਰਡ ਮੇਜ਼ 'ਤੇ ਰੱਖ ਦਿੱਤੇ। ਉਨ੍ਹਾਂ ਕਿਹਾ, ਇਨ੍ਹਾਂ ਕਾਗਜ਼ਾਂ ਨੂੰ ਦੇਖੋ, ਪਿੰਡ ਦੇ ਕਿੰਨੇ ਘਰਾਂ ਦੇ ਚਿਰਾਗ਼ ਇੱਥੋਂ ਪੜ੍ਹ ਕੇ ਨਿਕਲੇ ਹਨ। ਕਿਸੇ ਨੇ ਫ਼ੌਜ ਵਿੱਚ ਨੌਕਰੀ ਕੀਤੀ, ਕਿਸੇ ਨੇ ਡਾਕਟਰ ਬਣ ਕੇ ਲੋਕਾਂ ਦੀ ਸੇਵਾ ਕੀਤੀ ਤੇ ਕਿਸੇ ਨੇ ਅਧਿਆਪਕ ਬਣ ਕੇ ਬੱਚਿਆਂ ਨੂੰ ਸਿੱਧੇ ਰਾਹ ਪਾਇਆ। ਹੁਣ ਤੁਸੀਂ ਦੱਸੋ, ਇਹ ਇਮਾਰਤ ਸਿਰਫ਼ ਇੱਟਾਂ ਦੀ ਬਣੀ ਹੋਈ ਹੈ ਜਾਂ ਸਾਡੇ ਪਿੰਡ ਦੀ ਰੂਹ ਵੀ ਇਸ 'ਚ ਵੱਸਦੀ ਹੈ? ਪੰਚਾਇਤ ਵਿੱਚ ਬੈਠੇ ਲੋਕਾਂ ਦੀਆਂ ਨਜ਼ਰਾਂ ਝੁਕ ਗਈਆਂ ਪਰ ਫ਼ੈਸਲਾ ਪਹਿਲਾਂ ਹੀ ਹੋ ਚੁੱਕਾ ਸੀ। ਅਗਲੀ ਸਵੇਰ ਬੁਲਡੋਜ਼ਰ ਸਕੂਲ ਦੇ ਗੇਟ ਅੱਗੇ ਆ ਖੜ੍ਹਾ ਹੋਇਆ। ਮਾਸਟਰ ਜਗਤਾਰ ਸਿੰਘ ਗੇਟ ਦੇ ਕੋਲ ਖੜ੍ਹੇ ਸਨ। ਉਨ੍ਹਾਂ ਦੇ ਹੱਥ ਵਿੱਚ ਪੁਰਾਣਾ ਰਜਿਸਟਰ ਸੀ, ਜਿਸ ਵਿੱਚ ਉਨ੍ਹਾਂ ਨੇ ਆਪਣੀ ਨੌਕਰੀ ਦੇ ਪਹਿਲੇ ਦਿਨ ਤੋਂ ਲੈ ਕੇ ਆਖ਼ਰੀ ਦਿਨ ਤੱਕ ਕਈ ਵਿਦਿਆਰਥੀਆਂ ਦੇ ਨਾਂ ਲਿਖੇ ਹੋਏ ਸਨ। ਉਹ ਬੁਲਡੋਜ਼ਰ ਦੇ ਚਾਲਕ ਕੋਲ ਗਏ ਤੇ ਆਖਿਆ, ਪੁੱਤ! ਇੱਕ ਮਿੰਟ ਰੁਕ ਜਾ। ਚਾਲਕ ਨੇ ਮਸ਼ੀਨ ਬੰਦ ਕਰ ਦਿੱਤੀ, ਕੀ ਹੋਇਆ ਬਾਬਾ ਜੀ? ਮਾਸਟਰ ਜੀ ਨੇ ਰਜਿਸਟਰ ਖੋਲ੍ਹਿਆ। ਉਨ੍ਹਾਂ ਦੀਆਂ ਅੱਖਾਂ ਨਮ ਸਨ ਤੇ ਆਖਿਆ, ਮੈਂ ਆਪਣੀ ਪੂਰੀ ਜ਼ਿੰਦਗੀ ਇਸ ਇਮਾਰਤ ਨੂੰ ਖੜ੍ਹਾ ਰੱਖਣ ਵਿੱਚ ਲਾ ਦਿੱਤੀ। ਅੱਜ ਇਸ ਨੂੰ ਢਾਹੁਣ ਤੋਂ ਪਹਿਲਾਂ ਮੈਨੂੰ ਇੱਕ ਵਾਰ ਉਨ੍ਹਾਂ ਬੱਚਿਆਂ ਦੇ ਨਾਂ ਪੜ੍ਹ ਲੈਣ ਦਿਓ, ਜਿਨ੍ਹਾਂ ਨੇ ਇੱਥੇ ਬੈਠ ਕੇ ਆਪਣੇ ਸੁਪਨੇ ਦੇਖੇ ਸਨ। ਉੱਥੇ ਖੜ੍ਹੇ ਲੋਕਾਂ ਵਿੱਚੋਂ ਕਿਸੇ ਨੇ ਸਿਰ ਝੁਕਾ ਲਿਆ, ਕਿਸੇ ਨੇ ਮੂੰਹ ਦੂਜੇ ਪਾਸੇ ਕਰ ਲਿਆ ਪਰ ਬੁਲਡੋਜ਼ਰ ਫਿਰ ਚੱਲ ਪਿਆ। ਪਹਿਲਾ ਵਾਰ ਸਕੂਲ ਦੇ ਮੁੱਖ ਦਰਵਾਜ਼ੇ 'ਤੇ ਹੋਇਆ। ਲੱਕੜ ਦਾ ਦਰਵਾਜ਼ਾ ਟੁੱਟ ਕੇ ਹੇਠਾਂ ਡਿੱਗ ਪਿਆ। ਉਸ ਦੇ ਨਾਲ ਹੀ ਮਾਸਟਰ ਜੀ ਦੇ ਹੱਥ ਵਿੱਚ ਫੜੇ ਰਜਿਸਟਰ ਦੇ ਕੁਝ ਪੁਰਾਣੇ ਪੰਨੇ ਹਵਾ ਵਿੱਚ ਉੱਡ ਗਏ। ਉਹ ਉਨ੍ਹਾਂ ਪੰਨਿਆਂ ਨੂੰ ਫੜਨ ਲਈ ਅੱਗੇ ਵਧੇ ਪਰ ਪੈਰ ਲੜਖੜਾ ਗਏ। ਮੈਂ ਦੌੜ ਕੇ ਉਨ੍ਹਾਂ ਨੂੰ ਸੰਭਾਲਿਆ। ਉਨ੍ਹਾਂ ਨੇ ਮੇਰਾ ਹੱਥ ਫੜਿਆ ਅਤੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ, ਮਨਪ੍ਰੀਤ, ਅੱਜ ਮੇਰਾ ਸਕੂਲ ਨਹੀਂ ਟੁੱਟਿਆ... ਅੱਜ ਮੇਰੇ ਭਰੋਸੇ ਦੀ ਇਮਾਰਤ ਡਿੱਗ ਗਈ ਹੈ। ਉਸੇ ਸ਼ਾਮ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ। ਜਦੋਂ ਮੈਂ ਹਸਪਤਾਲ ਪਹੁੰਚੀ, ਉਹ ਬੇਹੋਸ਼ ਸਨ। ਉਨ੍ਹਾਂ ਦੇ ਸਿਰਹਾਣੇ ਉਹੀ ਪੁਰਾਣਾ ਰਜਿਸਟਰ ਪਿਆ ਸੀ। ਉਸ ਦੇ ਆਖ਼ਰੀ ਪੰਨੇ 'ਤੇ ਕੰਬਦੇ ਹੱਥਾਂ ਨਾਲ ਲਿਖਿਆ ਹੋਇਆ ਸੀ, ਜਿਸ ਦਿਨ ਸਿੱਖਿਆ ਦੀ ਥਾਂ ਮੁਨਾਫ਼ਾ ਲੈ ਲਵੇਗਾ, ਉਸ ਦਿਨ ਸਮਾਜ ਪੜ੍ਹਿਆ-ਲਿਖਿਆ ਤਾਂ ਹੋਵੇਗਾ ਪਰ ਸਿਆਣਾ ਨਹੀਂ। ਅਗਲੀ ਸਵੇਰ ਉਹ ਇਸ ਦੁਨੀਆ ਵਿੱਚ ਨਹੀਂ ਰਹੇ। ਉਨ੍ਹਾਂ ਦੇ ਸਸਕਾਰ ਵੇਲੇ ਪਿੰਡ ਦੇ ਬਹੁਤ ਸਾਰੇ ਲੋਕ ਆਏ ਤੇ ਉਹ ਲੋਕ ਵੀ ਆਏ, ਜਿਨ੍ਹਾਂ ਨੇ ਸਕੂਲ ਢਾਹੇ ਜਾਣ ਵੇਲੇ ਚੁੱਪ ਵੱਟੀ ਹੋਈ ਸੀ ਪਰ ਹੁਣ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਸਨ। ਸ਼ਾਇਦ ਉਹ ਪਹਿਲੀ ਵਾਰ ਸਮਝ ਰਹੇ ਸਨ ਕਿ ਕਈ ਨੁਕਸਾਨ ਅਜਿਹੇ ਹੁੰਦੇ ਹਨ, ਜਿਨ੍ਹਾਂ ਦੀ ਭਰਪਾਈ ਪੈਸੇ ਨਾਲ ਨਹੀਂ ਹੋ ਸਕਦੀ। ਕੁਝ ਮਹੀਨਿਆਂ ਬਾਅਦ ਉਸ ਥਾਂ ਵਪਾਰਕ ਕੰਪਲੈਕਸ ਦੀ ਉਸਾਰੀ ਸ਼ੁਰੂ ਹੋ ਗਈ। ਉੱਚੀਆਂ ਕੰਧਾਂ ਖੜ੍ਹੀਆਂ ਹੋਣ ਲੱਗੀਆਂ, ਵੱਡੇ-ਵੱਡੇ ਬੋਰਡ ਲੱਗ ਗਏ। ਲੋਕਾਂ ਨੇ ਨਵੀਆਂ ਦੁਕਾਨਾਂ ਬੁੱਕ ਕਰਵਾ ਲਈਆਂ। ਪਿੰਡ ਦੀ ਜ਼ਿੰਦਗੀ ਮੁੜ ਆਮ ਵਾਂਗ ਚੱਲਣ ਲੱਗੀ ਪਰ ਮੇਰੇ ਲਈ ਉਹ ਥਾਂ ਕਦੇ ਆਮ ਨਹੀਂ ਹੋ ਸਕੀ। ਹਰ ਵਾਰ ਉੱਥੋਂ ਲੰਘਦਿਆਂ ਮੈਨੂੰ ਬੱਚਿਆਂ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ। ਮੈਨੂੰ ਲੱਗਦਾ, ਜਿਵੇਂ ਕੋਈ ਅਧਿਆਪਕ ਅਜੇ ਵੀ ਕਲਾਸ ਵਿੱਚ ਖੜ੍ਹਾ ਕਹਿ ਰਿਹਾ ਹੋਵੇ, ਬੱਚਿਓ! ਸੱਚ ਦਾ ਸਾਥ ਕਦੇ ਨਾ ਛੱਡਣਾ।

ਅਖ਼ਬਾਰ ਵਿੱਚ ਮਾਸਟਰ ਜੀ ਦੀ ਤਸਵੀਰ ਦੇਖ ਕੇ ਮੈਂ ਇੱਕ ਫ਼ੈਸਲਾ ਕੀਤਾ। ਮੈਂ ਇੱਕ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੀ। ਉਸ ਚਿੱਠੀ ਵਿੱਚ ਸਕੂਲ ਦੀ ਪੂਰੀ ਕਹਾਣੀ ਲਿਖੀ ਅਤੇ ਮਾਸਟਰ ਜੀ ਦੇ ਆਖ਼ਰੀ ਸ਼ਬਦ ਵੀ ਦਰਜ ਕੀਤੇ। ਮੈਂ ਇਹ ਵੀ ਲਿਖਿਆ ਕਿ ਜੇ ਕਿਸੇ ਸਮਾਜ ਵਿੱਚ ਇਮਾਰਤਾਂ ਦੀ ਕੀਮਤ ਬੱਚਿਆਂ ਦੇ ਭਵਿੱਖ ਨਾਲੋਂ ਵੱਧ ਹੋ ਜਾਵੇ ਤਾਂ ਉਸ ਸਮਾਜ ਨੂੰ ਆਪਣੀ ਤਰੱਕੀ ਦੇ ਅਰਥ ਮੁੜ ਸਮਝਣ ਦੀ ਲੋੜ ਹੈ। ਚਿੱਠੀ ਦੇ ਅਖ਼ੀਰ ਵਿੱਚ ਮੈਂ ਆਪਣਾ ਨਾਂ ਲਿਖਿਆ, "ਮਨਪ੍ਰੀਤ ਕੌਰ, ਸਾਬਕਾ ਵਿਦਿਆਰਥਣ।" ਚਿੱਠੀ ਭੇਜਣ ਤੋਂ ਪਹਿਲਾਂ ਮੇਰੀ ਨਜ਼ਰ ਮੇਜ਼ ਉੱਤੇ ਪਏ ਉਸ ਪੁਰਾਣੇ ਕਾਗਜ਼ 'ਤੇ ਪਈ, ਜਿਸ ਨੂੰ ਮੈਂ ਮਾਸਟਰ ਜੀ ਦੀ ਯਾਦ ਵਿੱਚ ਸੰਭਾਲ ਕੇ ਰੱਖਿਆ ਹੋਇਆ ਸੀ। ਉਹ ਮੇਰੇ ਸਕੂਲ ਦਾ ਸਰਟੀਫਿਕੇਟ ਸੀ। ਉਸ ਉੱਤੇ ਮਾਸਟਰ ਜੀ ਦੇ ਦਸਤਖ਼ਤ ਸਨ। ਮੈਂ ਉਨ੍ਹਾਂ ਦਸਤਖ਼ਤਾਂ ਉੱਤੇ ਉਂਗਲ ਫੇਰੀ। ਮੇਰੀਆਂ ਅੱਖਾਂ ਭਰ ਆਈਆਂ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਹਜ਼ਾਰਾਂ ਬੱਚਿਆਂ ਦੇ ਸਰਟੀਫਿਕੇਟਾਂ 'ਤੇ ਦਸਤਖ਼ਤ ਕੀਤੇ ਸਨ ਪਰ ਅੱਜ ਪਹਿਲੀ ਵਾਰ ਮੈਨੂੰ ਅਹਿਸਾਸ ਹੋਇਆ ਕਿ ਉਨ੍ਹਾਂ ਦੇ ਦਸਤਖ਼ਤ ਸਿਰਫ਼ ਕਾਗਜ਼ਾਂ ਉੱਤੇ ਨਹੀਂ ਸਨ, ਉਹ ਸਾਡੀਆਂ ਜ਼ਿੰਦਗੀਆਂ ਉੱਤੇ ਸਨ। ਕੁਝ ਲੋਕ ਦੁਨੀਆ ਤੋਂ ਚਲੇ ਜਾਂਦੇ ਹਨ ਪਰ ਉਨ੍ਹਾਂ ਵੱਲੋਂ ਸਿਖਾਇਆ ਸੱਚ ਸਾਡੇ ਅੰਦਰ ਜਿਊਂਦਾ ਰਹਿੰਦਾ

ਕਾਵਿ ਸੰਸਾਰ

ਸੁਣ ਕੇ ਜਾਈਂ
ਸਿਮਰਜੀਤ ਕੌਰ ਗਰੇਵਾਲ

ਗੱਲ ਜ਼ਰੂਰੀ, ਸੁਣ ਕੇ ਜਾਈਂ,
ਉਹ ਵੀ ਪੂਰੀ, ਸੁਣ ਕੇ ਜਾਈਂ।
ਗ਼ੁਰਬਤ ਦੇ ਗਲਿਆਰੇ ਵਿਚਲੀ,
ਸਿਦਕ, ਸਬੂਰੀ, ਸੁਣ ਕੇ ਜਾਈਂ।
ਫੋਕੇ ਬੰਦੇ ਕਰਦੇ ਫ਼ਿਰਦੇ,
ਜੋ ਮਸ਼ਹੂਰੀ, ਸੁਣ ਕੇ ਜਾਈਂ।
ਰੋਜ਼ੀ ਖ਼ਾਤਰ ਦੂਰ ਗਏ ਦੀ,
ਕੀ ਮਜਬੂਰੀ, ਸੁਣ ਕੇ ਜਾਈਂ।
ਪੋਹ ਦੀ ਰੁੱਤੇ ਲੈਂਦਾ ਹੈ ਜੋ,
ਪਾਟੀ ਭੂਰੀ, ਸੁਣ ਕੇ ਜਾਈਂ।
ਲੱਗ ਗਈ ਜੋ ਦਿਲ ਦੇ ਖੂੰਜੇ,
ਰੀਝ ਅਧੂਰੀ, ਸੁਣ ਕੇ ਜਾਈਂ।
ਸਹਿਣੀ ਪੈਂਦੀ ਨਿੱਤ ਕਿਸੇ ਨੂੰ,
ਜਿਹੜੀ ਘੂਰੀ, ਸੁਣ ਕੇ ਜਾਈਂ।
ਤਰਸ ਗਿਆ ਪਰ ਖਾ ਨਾ ਸਕਿਆ,
ਜਿਹੜਾ ਚੂਰੀ, ਸੁਣ ਕੇ ਜਾਈਂ।
ਜਿਸ ਦੇ ਲੇਖੀਂ ਆਏ ਨਾਹੀਂ,
ਦਿਨ ਅੰਗੂਰੀ, ਸੁਣ ਕੇ ਜਾਈਂ।
ਤੁਰ ਨਾ ਸਕਦਾ ਇੱਕ ਕਦਮ ਜੋ,
ਬਿਨ ਮਨਜ਼ੂਰੀ, ਸੁਣ ਕੇ ਜਾਈਂ।
'ਸਿਮਰ' ਕਦੇ ਵੀ ਛੱਡ ਸਕੀ ਨਾ,
ਕਿਉਂ ਮਗ਼ਰੂਰੀ, ਸੁਣ ਕੇ ਜਾਈਂ।

ਮਿੱਤਰੋ
ਇੰਦਰ ਸਿੰਘ ਮਾਨ

ਇਕੱਲੇ ਮਿੱਤਰੋ
ਕਹਿਣ ਨਾਲ
ਗੱਲ ਨਹੀਂ ਬਣਦੀ
ਮਿੱਤਰਾਂ ਨਾਲ
ਹਰ ਤਰ੍ਹਾਂ ਦੇ
ਦੁੱਖ-ਸੁਖ ਵਿੱਚ
ਨਿਭਣਾ ਪੈਂਦਾ ਹੈ
ਤੁਸੀਂ ਤਾਂ
ਨਿਭਣਾ ਦੂਰ ਦੀ ਗੱਲ
ਉਲਟਾ ਮਿੱਤਰਾਂ ਦਾ
ਲਾਠੀਚਾਰਜ ਨਾਲ
ਸਵਾਗਤ ਕਰਦੇ ਹੋ...!

ਗ਼ਜ਼ਲ
ਜਸਵਿੰਦਰ ਸਿੰਘ ਰੁਪਾਲ

ਬੇਚੈਨੀ ਤੇ ਘੋਰ ਉਦਾਸੀ,
ਨਿੱਤ ਫੈਲਦੀ ਜਾਏ ਕਿੱਦਾਂ ?
ਕਬਰੀਂ ਬੈਠਾ ਜੀਵਨ ਦਾ ਕੋਈ,
ਗੀਤ ਸੁਹਾਵਾਂ ਗਾਏ ਕਿੱਦਾਂ ?
ਢਿੱਡ ਦੀ ਅੱਗ ਜਵਾਨੀ ਤਾਈ,
ਦੇਸ਼ਾਂ ਤੋਂ ਪਰਦੇਸ ਲਿਆਈ,
ਚੋਗੇ ਖਾਤਰ ਸੈ ਕੋਹਾਂ ਤੋਂ,
ਸੋਚ ਪਰਿੰਦੇ ਆਏ ਕਿੱਦਾਂ ?
ਪੱਥਰ ਕੁੱਟ ਰਹੀ ਦਾ ਚਿਹਰਾ,
ਸਬਰ ਸ਼ੁਕਰ ਦੀ ਝਲਕ ਦਿਖਾਵੇ,
ਨੈਣਾਂ ਅੰਦਰ ਲੱਖਾਂ ਸੁਫ਼ਨੇ,
ਉਸ ਨੇ ਦੇਖ ਛੁਪਾਏ ਕਿੱਦਾਂ ?
ਬੁੱਢਾ ਬਾਪੂ ਸਮਝ ਸਕੇ ਨਾ,
ਲੁਕਵੀਂ ਸ਼ਕਤੀ ਮੰਡੀ ਵਾਲੀ
ਕਿੱਦਾਂ ਪਨੀਰੀ ਫੈਸ਼ਨ ਵਿੱਚ ਡੋਬੀ,
ਪੁੱਤ ਨਸ਼ੇ 'ਤੇ ਲਾਏ ਕਿੱਦਾਂ ?
ਭੁੱਖਾ ਤਨ ਤਾਂ ਪਿੰਜਰ ਹੋਇਆ,
ਦੇਖ ਹਾਲੇ ਤਕ ਰੂਹ ਜ਼ਿੰਦਾ ਹੈ।
ਮਾਸ ਖੋਰੀਆਂ ਗਿਰਝਾਂ ਨੂੰ ਪਰ,
ਦੇਖਾਂ ਕੋਈ ਬੁਲਾਏ ਕਿੱਦਾਂ ?
ਅੰਬਰ ਤੱਕ ਪਰਵਾਜ਼ ਭਰਾਂ ਮੈਂ,
ਬੱਦਲ ਡਾਢੇ ਨੀਵੇਂ ਰਹਿ ਗਏ
ਤੇਜ਼ ਗੜੇ 'ਤੇ ਝੱਖੜ ਮੈਨੂੰ,
ਦੱਸੋ ਰੋਕਾਂ ਪਾਏ ਕਿੱਦਾਂ ?
ਹਰ ਪਾਸੇ ਤੋਂ ਨਫ਼ਰਤ ਦਾ
ਨਿਤ ਧੂੰਆਂ ਉੱਪਰ ਉੱਠ ਰਿਹਾ ਹੈ
ਦੇਖ 'ਰੁਪਾਲ' ਇਹ ਸਾਂਝਾ ਵਿਰਸਾ,
ਦਿਲ ਚੋਂ ਦੱਸ ਭੁਲਾਏ ਕਿੱਦਾਂ ?

ਝੋਂਕੀ
ਪਰਮਜੀਤ ਸਿੰਘ ਰਾਜਗੜ੍ਹ



ਜ਼ਿੰਦਗੀ ਜੀਣ ਦਾ ਸਿੱਖ ਤਰੀਕਾ,
ਕੀ ਕਰਨਾ ਏ ਵਿੱਚ ਅਮਰੀਕਾ।
ਸਰ ਕਰਨਾ ਪਊ ਜੰਗਲ ਪਨਾਮਾ,
ਜਿਥੇ ਪਹਿਲਾਂ ਹੀ ਵਿਲਕਣ ਜਾਨਾਂ।
ਕਈ ਤਾਂ ਪਿੰਜਰ ਹੋ ਕੇ ਰਹਿ ਗਏ,
ਉਥੇ ਪੀ ਲਿਆ ਖ਼ੂਨ ਸ਼ੈਤਾਨਾਂ।
ਲੋਥਾਂ ਵਿੱਚੋਂ ਲੰਘਣਾ ਪੈਦਾ,
ਤਲੀ 'ਤੇ ਰੱਖ ਕੇ ਆਪਣੀਆਂ ਜਾਨਾਂ।
ਕਈ ਮੁੱਕਦੇ ਨੇ ਭੁੱਖੇ ਪਿਆਸੇ,
ਉਥੇ ਹਰ ਰਾਹ ਹੈ ਅਨਜਾਨਾ।
ਜਦੋਂ ਦਿਲ 'ਤੇ ਪੱਥਰ ਧਰ ਕੇ,
ਛੱਡ ਜਾਂਦੀਆਂ ਸਾਥ ਕਮਾਨਾਂ।
ਕਈ ਤੜਫ਼ ਤੜਫ਼ ਮਰ ਜਾਂਦੇ,
ਰੁਲ਼ ਖੁਲ ਕੇ ਫਿਰ ਨਿਕਲਣ ਜਾਨਾਂ।
ਆਪ ਡੁੱਬੇ ਜੱਗ ਪਰਲੋਂ ਆਵੇ,
ਸੱਚੀਆਂ ਹੋਣ ਅਖਾਣਾਂ।
ਡੌਂਕਰ ਨਹੀਂ ਦੈਤਾਂ ਦਾ ਤਾਂਡਵ,
ਜਿਵੇਂ ਕਰਦੀ ਮੌਤ ਮਸਾਣਾਂ।
'ਪਰਮਜੀਤ' ਡਾਲਰ ਦੇ ਸੁਫ਼ਨੇ,
ਆਪਣਾ ਆਪ ਹਰਾਨਾਂ।
ਥੋੜ੍ਹੀ ਖਾ ਇੱਜ਼ਤ ਦੀ ਖਾ ਲੈ,
ਕਿਉਂ ਜਿੰਦੜੀ ਨੂੰ ਕੁਰਲਾਉਂਦਾਂ।

ਗ਼ਜ਼ਲ
ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'

ਧੌਣ ਰਹੀ ਨਾ ਧੜ 'ਤੇ, ਚੜ੍ਹ ਕੇ ਆਏ ਰਾਠ ਨਵਾਬੀ ਦੇ
ਗ਼ੈਰਤ ਵੱਲ ਉਠਾਈ ਉਂਗਲ਼, ਜਿਹਨੇ ਵੱਲ ਪੰਜਾਬੀ ਦੇ।
ਸ਼ੇਰ ਦਹਾੜਨ ਜਦ ਖੜ੍ਹ ਕੇ, ਭਾਜੜ ਜੰਗਲ ਵਿੱਚ ਪੈ ਜਾਂਦੀ
ਫਸਦੇ ਪੈਰ ਨਹੀਂ ਭਾਜੜ ਵਿੱਚ, ਤਿੱਲੇਦਾਰ ਰਕਾਬੀ ਦੇ।
ਕੌਮ ਜੁਝਾਰੂ ਪੰਜਾਬੀ ਨੂੰ, ਵੰਡ ਗਏ ਜਾਤਾਂ ਵਿੱਚ ਵੈਰੀ
ਸ਼ਾਨੋ-ਸ਼ੌਕਤ, ਕਰ 'ਤੇ ਮਿੱਟੀ, ਰੰਗ ਗੁਲਾਬ ਗੁਲਾਬੀ ਦੇ।
ਪੱਥਰ ਵਿੱਚ ਸਜਾ 'ਤਾ, ਰੱਬੀ ਪ੍ਰਕਾਸ਼ ਬ੍ਰਹਿਮੰਡਾਂ ਦਾ
ਪੁੱਠੀ ਖੱਲ ਲੁਹਾ ਪਾ 'ਤੇ ਫਾਹੇ, ਸੋਚ ਇਨਕਲਾਬੀ ਦੇ।
ਲਹਿੰਦਾ-ਚੜ੍ਹਦਾ ਇੱਕ ਹੀ ਸੂਰਜ, ਦਰਿਆਵਾਂ ਦਾ ਪੁੱਤਰ ਹੈ
ਸੁਰ-ਸਰਗਮ ਸੁਣ ਲੈ ਚਾਹੇ, ਮਰਦਾਨੇ ਯਾਰ ਰਬਾਬੀ ਦੇ।
ਕਿਰਦਾਰ ਨਹੀਂ ਹੁੰਦੇ ਬੇਨਸਲੇ, ਬਾਅਦਬ ਲੋਕਾਂ ਦੇ
'ਬਾਲੀ' ਕਾਵਾਂਰੌਲੀ ਵਰਗੇ, ਜਾਣੋ ਕੌਲ ਸ਼ਰਾਬੀ ਦੇ।

ਉਹ ਕਿੱਸੇ
ਯਾਦਵਿੰਦਰ ਸਿੰਘ ਕਲੌਲੀ

ਤੇਰੇ ਜਾਣ ਮਗਰੋਂ, ਚੇਤੇ ਆਏ ਉਹ ਕਿੱਸੇ,
ਭੁੱਲੇ ਨਾ ਸਾਨੂੰ, ਕਈ ਵਾਰ ਭੁਲਾਏ ਉਹ ਕਿੱਸੇ।
ਉਮਰ ਦੇ ਤਜਰਬੇ, ਸਿਦਕਾਂ ਦੇ ਹਾਣੀ,
ਜੋ ਹਮੇਸ਼ਾ ਸਾਥ ਨਿਭਾਏ, ਤੇਰੇ ਉਹ ਕਿੱਸੇ।
ਝਿੜਕਾਂ ਚ ਪਿਆਰ,
ਖਾਲੀ ਖੀਸੇ 'ਚ ਲਭਦਾ ਸੀ ਸੰਸਾਰ,
ਹਰ ਪਗਡੰਡੀ 'ਤੇ ਚੇਤੇ ਆਏ, ਤੇਰੇ ਉਹ ਕਿੱਸੇ।
ਜਦ ਕਦੇ ਵੀ ਘੇਰਿਆ ਹਨੇਰਿਆਂ ਨੇ,
ਔਕੜ ਵੇਲੇ ਦੋਸਤ ਬਣ,
ਸਾਥ ਨਿਭਾਵਣ ਆਏ, ਤੇਰੇ ਉਹ ਕਿੱਸੇ
ਤੇਰੇ ਜਾਣ ਮਗਰੋਂ, ਚੇਤੇ ਆਏ ਉਹ ਕਿੱਸੇ।

ਬਥੇਰੇ ਦੁੱਖ
ਹਰਭਿੰਦਰ ਸਿੰਘ ਸੰਧੂ

ਦਿਨ ਪੁਰਾਣੇ ਚੇਤੇ ਕਰਕੇ ਲਾਉਂਦੀ ਹੈ ਜਿੰਦ ਝੋਰੇ,
ਕੋਈ ਨਾ ਲੱਭੇ ਵੈਦ ਐਸਾ, ਲੰਘੇ ਪਲ ਜੋ ਮੋੜੇ।
ਜੀਅ ਨਾ ਕਰਦਾ ਹੁੰਦਾ ਟੁੱਟੇ ਰਿਸ਼ਤਾ ਕੋਈ ਪੁਰਾਣਾ,
ਪਰ ਨਹੀਂ ਅੱਖੀਂ ਵੇਖ ਕੇ ਖਾਧੇ ਜਾਂਦੇ ਹੁੰਦੇ ਮਹੁਰੇ।
ਕਈਆਂ ਨੇ ਤਾਂ ਧੀਆਂ ਲੈ ਕੇ ਘੁੱਟ ਸਬਰ ਦੇ ਪੀਤੇ,
ਕਈ ਇੱਕਲੌਤੇ ਪੁੱਤ ਵੀ ਤੁਰਗੇ ਵੱਜੇ ਵੇਖੇ ਲੋਹੜੇ।
ਬਥੇਰੇ ਦੁੱਖ ਹੰਢਾਏ 'ਸੰਧੂ' ਤਕੜਾ ਦਿਲ ਕਰ ਕਰ ਕੇ,
ਉਦੋਂ ਅੱਖ ਨਾ ਜਾਏ ਰੋਕੀ ਜਦੋਂ ਬਾਬਲ ਧੀ ਨੂੰ ਤੋਰੇ।

ਗ਼ਜ਼ਲ
ਗੁਰਪ੍ਰੀਤ ਸਿੰਘ ਬਿਲਿੰਗ

ਮਾਂ ਦੀ ਦੁਆ ਤੋਂ ਵੱਡੀ ਨਾ ਕੋਈ ਦਵਾ ਹੁੰਦੀ ਹੈ,
ਹਰ ਰੋਗ, ਹਰ ਜ਼ਖ਼ਮ ਦੀ ਉਹ ਹੀ ਸ਼ਿਫ਼ਾ ਹੁੰਦੀ ਹੈ।
ਜਦ ਧੁੱਪ ਸਿਰ ਤੋਂ ਲੰਘ ਕੇ ਰੂਹਾਂ ਤੱਕ ਪਹੁੰਚ ਜਾਵੇ,
ਮਾਂ ਦੀ ਹੀ ਯਾਦ ਤਪਦੇ ਰਾਹਾਂ 'ਚ ਛਾਂ ਹੁੰਦੀ ਹੈ।
ਮਨੁੱਖ ਭਾਵੇਂ ਹੋ ਜਾਵੇ ਵੱਡਾ, ਚਾਹੇ ਕਿੰਨੀ ਵੀ ਉਮਰ ਦਾ,
ਮਾਂ ਲਈ ਤਾਂ ਉਸ ਦੀ ਤਕਲੀਫ਼ ਸਜ਼ਾ ਹੁੰਦੀ ਹੈ।
ਸੱਜਣ, ਵਫ਼ਾਵਾਂ, ਰਿਸ਼ਤੇ, ਦੁਨੀਆ ਦੇ ਸਭ ਕਾਇਦੇ,
ਮਾਂ ਦੀ ਮੁਹੱਬਤ ਸਭ ਤੋਂ ਹੀ ਜੁਦਾ ਹੁੰਦੀ ਹੈ।
ਮਸਜਿਦਾਂ ਦੀ ਅਜ਼ਾਨ, ਮੰਦਿਰਾਂ ਵਿੱਚ ਹੁੰਦੀ ਆਰਤੀ,
ਮਾਂ ਦੀ ਸਦਾ ਵਿੱਚ ਸ਼ਾਮਿਲ ਹਰ ਇੱਕ ਦੁਆ ਹੁੰਦੀ ਹੈ।
ਪੈਰਾਂ ਦੇ ਹੇਠ ਜੰਨਤਾਂ ਦਾ ਜ਼ਿਕਰ ਇਉਂ ਹੀ ਨਹੀਂ,
ਧਰਤੀ 'ਤੇ ਮਾਂ ਹੀ ਰੱਬ ਦੀ ਮਰਜ਼ੀ ਤੇ ਰਜ਼ਾ ਹੁੰਦੀ ਹੈ।
ਦੁਨੀਆ ਦੀਆਂ ਸਭ ਜੰਗਾਂ, ਸਭ ਜਿੱਤਾਂ ਅਧੂਰੀਆਂ,
ਜਦ ਘਰ 'ਚ ਬੈਠੀ ਮਾਂ ਦੀ ਅੱਖ ਖ਼ਫ਼ਾ ਹੁੰਦੀ ਹੈ।
ਮਾਂ ਮਰ ਕੇ ਵੀ ਨਹੀਂ ਮਰਦੀ, ਹੈ ਗੱਲ ਇਹ ਸੱਚ,
ਔਲਾਦ ਦੇ ਸਾਹਾਂ ਵਿੱਚ ਉਹ ਬਣ ਕੇ ਸਾਹ ਜਿਊਂਦੀ ਹੈ।

ਗ਼ਜ਼ਲ
ਪ੍ਰਤਾਪ 'ਪਾਰਸ' ਗੁਰਦਾਸਪੁਰੀ

ਅੱਜ ਗਵਾ ਕੇ ਕੱਲ੍ਹ ਵਾਸਤੇ ਭਟਕ ਰਿਹਾ ਹੈ ਬੰਦਾ,
ਸੂਲੀ ਉੱਤੇ ਜ਼ਿੰਦਾ ਵੇਖੋ ਲਟਕ ਰਿਹਾ ਹੈ ਬੰਦਾ।
ਖਾਹਸ਼ਾਂ ਅਤੇ ਤ੍ਰਿਸ਼ਨਾਵਾਂ ਨੇ ਪਾ ਕੇ ਰੱਖਿਆ ਘੇਰਾ,
ਗਰਜ਼ਾਂ ਦੇ ਇਹ ਪਿੰਜਰੇ ਪੈ ਕੇ ਖਟਕ ਰਿਹਾ ਹੈ ਬੰਦਾ।
ਖੁਸ਼ੀਆਂ ਵੰਡੇ ਜੀਵਨ ਦੇਵੇ ਰੋਂਦਿਆਂ ਤਾਈਂ ਹਸਾਵੇ,
ਕੈਸੀ ਗੱਲ ਹੈ ਪਰ ਇਸ ਰਾਹ ਤੋਂ ਭਟਕ ਰਿਹਾ ਹੈ ਬੰਦਾ।
ਪਰਬਤ ਤੋੜੇ, ਦਰਿਆਵਾਂ 'ਤੇ ਇਸ ਨੇ ਬੰਨ੍ਹ ਲਗਾਏ,
ਇਸੇ ਕਰਕੇ ਕੁਦਰਤ ਨੂੰ ਵੀ ਖਟਕ ਰਿਹਾ ਹੈ ਬੰਦਾ।
ਜ਼ਹਿਰਾਂ ਬੀਜੇ ਜ਼ਹਿਰਾਂ ਵੱਡੇ ਜ਼ਹਿਰਾਂ ਦੇ ਵਿੱਚ ਰਮਿਆ,
ਫਿਰ ਆਪੇ ਹੀ ਜ਼ਹਿਰ ਰੋਜ਼ਾਨਾ ਗਟਕ ਰਿਹਾ ਹੈ ਬੰਦਾ।
ਇਹ ਵੀ ਸੱਚ ਹੈ ਇਥੋਂ ਤੇਰੇ ਨਾਲ ਨਾ ਕੁਝ ਵੀ ਜਾਣਾ,
ਪਰ 'ਪਾਰਸ' ਇਹ ਸੱਚ ਨੂੰ ਵੇਖੋ ਝਟਕ ਰਿਹਾ ਹੈ ਬੰਦਾ।
ਚੋਰੀ, ਯਾਰੀ, ਠੱਗੀ-ਠੋਰੀ ਕਰਦਾ ਮੂਲ ਨਾ ਡਰਦਾ,
ਸੱਚ ਲੁਕਾ ਕੇ ਕਿੰਨਾ ਬਣ ਇਹ ਚਟਕ ਰਿਹਾ ਹੈ ਬੰਦਾ।

ਗ਼ਜ਼ਲ
ਮੁਹੰਮਦ ਅੱਬਾਸ ਧਾਲੀਵਾਲ

ਝੂਠ ਦੇ ਚਿਹਰੇ ਮੈਂ ਸਾਰੇ ਦੇਖਦਾਂ,
ਹਰ ਮੋੜ 'ਤੇ ਸੱਚ ਨੂੰ ਹਾਰੇ ਦੇਖਦਾਂ।
ਭੁੱਖ ਦੇ ਹੱਥੋਂ ਜੋ ਬੱਚੇ ਮਰ ਰਹੇ,
ਖ਼ਾਬ ਉਨ੍ਹਾਂ ਦੇ ਕੁਆਰੇ ਦੇਖਦਾਂ।
ਨਿਆਂ ਦੇ ਦਰ 'ਤੇ ਹੈ ਖ਼ਾਮੋਸ਼ੀ ਬੜੀ,
ਫ਼ੈਸਲੇ ਪਹਿਲਾਂ ਹੀ ਸਾਰੇ ਦੇਖਦਾਂ।
ਵੇਚਦੇ ਜ਼ਮੀਰ ਕੁਰਸੀ ਵਾਸਤੇ,
ਲੋਕ ਖ਼ੁਦ ਤੋਂ ਹੀ ਨਿਆਰੇ ਦੇਖਦਾਂ।
ਨਫ਼ਰਤਾਂ ਦੇ ਮਹੱਲ ਉਸਾਰੇ ਜਾ ਰਹੇ,
ਪਿਆਰ ਦੇ ਢੱਠੇ ਚੁਬਾਰੇ ਦੇਖਦਾਂ।
ਰੋਜ਼ ਹੀ ਮਜ਼ਦੂਰਾਂ ਦੇ ਮੱਥੇ 'ਤੇ ਮੈਂ,
ਧੁੱਪ ਦੇ ਬਲਦੇ ਸ਼ਰਾਰੇ ਦੇਖਦਾਂ।
ਹੱਕ ਦੀਆਂ ਗੱਲਾਂ ਜੋ ਕਰਦੇ ਨੇ ਇੱਥੇ,
ਰਾਹ ਵਿੱਚ ਉਨ੍ਹਾਂ ਦੇ ਅੰਗਿਆਰੇ ਦੇਖਦਾਂ।
ਹਾਕਮ ਲੁੱਟ ਕੇ ਲੋਕਾਂ ਦੇ ਹੱਕ ਇੱਥੇ,
ਫਿਰ ਵੀ ਬਣਦੇ ਨੇ ਵਿਚਾਰੇ ਦੇਖਦਾਂ।
ਕੌਮ ਦੇ ਨਾਂ 'ਤੇ ਸਿਆਸਤ ਖੇਡਦੇ,
ਰੋਜ਼ ਹੀ ਮੈਂ ਇਹ ਨਜ਼ਾਰੇ ਦੇਖਦਾਂ।
ਜ਼ੁਲਮ ਦੀ ਆਰੀ ਦੇ ਹੇਠਾਂ ਜ਼ਿੰਦਗੀ,
ਦਰਦ ਦੇ ਉੱਠਦੇ ਫੁਹਾਰੇ ਦੇਖਦਾਂ।
ਜੋ ਕਰਦੇ ਸੀ ਅੰਬਰਾਂ ਦੀਆਂ ਗੱਲਾਂ,
ਅੱਜ ਧਰਤੀ 'ਤੇ ਮੈਂ ਭਾਰੇ ਦੇਖਦਾਂ।
ਰੋਜ਼ ਅਖ਼ਬਾਰਾਂ 'ਚ ਵਿਕਦਾ ਹੈ ਅਮਨ,
ਖ਼ੂਨ ਨਾਲ ਲਿਖੇ ਇਸ਼ਾਰੇ ਦੇਖਦਾਂ।
ਮਹਿਲਾਂ ਵਿੱਚ ਹਨ ਐਸ਼ ਦੇ ਮੇਲੇ,
ਕੁੱਲੀਆਂ ਦੇ ਬੁਝੇ ਸਿਤਾਰੇ ਦੇਖਦਾਂ।
ਮੈਂ 'ਅੱਬਾਸ' ਕਦੀ ਕਲਮ ਨਾ ਵੇਚੀ,
ਇਸ ਲਈ ਚਿਹਰੇ ਉਤਾਰੇ ਦੇਖਦਾਂ।

ਸ਼ਰਧਾ ਦੇ ਫੁੱਲ
ਸੁਖਦੇਵ ਸਿੰਘ ਭੁੱਲੜ

ਅਸੀਂ ਭਾਜੀਆਂ ਮੋੜਨਾ ਜਾਣਦੇ ਹਾਂ,
ਪੁੱਛ ਸਕਦੇ ਹੋ ਮੁਗ਼ਲ ਦਰਬਾਰ ਕੋਲੋਂ।
ਮੱਸੇ ਰੰਘੜ ਤੋਂ ਜਾਂ ਵਜ਼ੀਦ ਖਾਂ ਤੋਂ,
ਜਾਂ ਫਿਰ ਗੰਗੂ ਤੇ ਚੰਦੂ ਪਰਿਵਾਰ ਕੋਲੋਂ।
ਪੁੱਛ ਵੇਖਿਓ ਕਾਬਲ ਜਾ ਦੁਰਾਨੀਆਂ ਤੋਂ,
ਕਿਵੇਂ ਕੰਬਦੇ ਸੀ ਨਲੂਏ ਸਰਦਾਰ ਕੋਲੋਂ।
ਤੁਸੀਂ ਕਰਿਓ ਪੜਤਾਲ ਲੰਡਨ ਜਾ ਕੇ,
'ਕੱਲੀ-'ਕੱਲੀ ਗੱਲ ਗੋਰੀ ਸਰਕਾਰ ਕੋਲੋਂ।
ਜੇਕਰ ਫਿਰ ਵੀ ਭਰੋਸਾ ਨਾ ਆਇਆ ਤਾਂ,
ਊਧਮ ਸਿੰਘ ਨੂੰ ਯਾਦ ਕਰ ਲੈਣਾ।
ਕਿਵੇਂ ਮਾਰਿਆ ਸੀ ਗੋਰਾ ਸਟੇਜ ਉੱਤੇ,
ਹਾਲ 'ਭੁੱਲੜਾ' ਓਸ ਦਾ ਪੜ੍ਹ ਲੈਣਾ।

ਪੰਜਾਬੀਆਂ ਦੇ ਖ਼ੂਨ ਵਿੱਚ ਵਸੀ ਹੋਈ ਹੈ ਹਾਕੀ ਦੀ ਖੇਡ



ਨਵਦੀਪ ਸਿੰਘ ਗਿੱਲ



ਪੰਜਾਬ ਦਾ ਖੇਡਾਂ, ਖ਼ਾਸਕਰ ਹਾਕੀ ਨਾਲ ਨਹੁੰ-ਮਾਸ ਦਾ ਰਿਸ਼ਤਾ ਹੈ। ਖਿੱਦੋ-ਖੂੰਡੀ ਤੋਂ ਹਾਕੀ ਵਿੱਚ ਬਦਲੀ ਇਹ ਖੇਡ ਪੰਜਾਬੀਆਂ ਦੇ ਖ਼ੂਨ ਵਿੱਚ ਵਸੀ ਹੋਈ ਹੈ। ਇਸੇ ਲਈ ਹਾਕੀ ਦੇ ਮੈਦਾਨ ਵਿੱਚ ਪੰਜਾਬੀਆਂ ਨੇ ਬਹੁਤ ਮੱਲਾਂ ਮਾਰੀਆਂ ਹਨ। ਸੰਨ 1928 ਦੀਆਂ ਐਮਸਟਰਡਮ ਉਲੰਪਿਕਸ ਤੋਂ ਲੈ ਕੇ 2024 ਦੀਆਂ ਪੈਰਿਸ ਉਲੰਪਿਕਸ ਤੱਕ ਭਾਰਤ ਵੱਲੋਂ ਹਾਕੀ ਦੇ ਮੁਕਾਬਲਿਆਂ ਵਿੱਚ 77 ਓਲੰਪੀਅਨਾਂ ਨੇ ਭਾਗ ਲਿਆ ਹੈ। ਇਸ ਸਮੇਂ ਦੌਰਾਨ ਭਾਰਤ ਨੇ ਅੱਠ ਵਾਰ ਸੋਨੇ, ਇੱਕ ਵਾਰ ਚਾਂਦੀ ਤੇ ਚਾਰ ਵਾਰ ਕਾਂਸੀ ਦਾ ਤਮਗਾ ਜਿੱਤਿਆ ਹੈ ਅਤੇ ਇਕੱਲੇ ਪੰਜਾਬ ਦੇ 48 ਖਿਡਾਰੀਆਂ ਨੇ ਉਲੰਪਿਕਸ ਤਮਗ਼ੇ ਜਿੱਤੇ ਹਨ। ਊਧਮ ਸਿੰਘ ਨੇ ਤਿੰਨ ਸੋਨੇ ਤੇ ਇੱਕ ਚਾਂਦੀ ਦਾ ਅਤੇ ਬਲਬੀਰ ਸਿੰਘ ਸੀਨੀਅਰ ਨੇ ਤਿੰਨ ਸੋਨ ਤਮਗੇ ਜਿੱਤੇ ਹਨ। ਭਾਰਤ ਨੇ ਸੀਨੀਅਰ ਵਿਸ਼ਵ ਕੱਪ ਵਿੱਚ ਇੱਕ-ਇੱਕ ਸੋਨੇ, ਚਾਂਦੀ ਤੇ ਕਾਂਸੀ ਦਾ ਤਮਗ਼ਾ ਜਿੱਤਿਆ ਜਦੋਂਕਿ ਦੋ ਵਾਰ ਜੂਨੀਅਰ ਵਿਸ਼ਵ ਕੱਪ ਜਿੱਤਿਆ। ਭਾਰਤ ਨੇ ਛੇ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫੀ, ਪੰਜ ਵਾਰ ਏਸ਼ਿਆਈ ਖੇਡਾਂ ਅਤੇ ਚਾਰ ਵਾਰ ਏਸ਼ੀਆ ਕੱਪ ਜਿੱਤਿਆ। ਪੰਜ ਵਾਰ ਸੁਲਤਾਨ ਅਜ਼ਲਾਨ ਸ਼ਾਹ ਕੱਪ ਜਿੱਤਿਆ ਅਤੇ ਤਿੰਨ ਵਾਰ ਚੈਂਪੀਅਨਜ਼ ਟਰਾਫੀ ਵਿੱਚ ਤਗ਼ਮਾ ਜਿੱਤਿਆ। ਭਾਰਤ ਵੱਲੋਂ ਹਾਕੀ ਮੁਕਾਬਲਿਆਂ 'ਚ ਬੇਸ਼ੁਮਾਰ ਜਿੱਤਾਂ ਪਿੱਛੇ ਪੰਜਾਬੀ ਖਿਡਾਰੀਆਂ ਦਾ ਸਭ ਤੋਂ ਵੱਡਾ ਯੋਗਦਾਨ ਰਿਹਾ।

ਪੰਜਾਬ ਦੀ ਹਾਕੀ ਨੂੰ ਵੱਡੀ ਦੇਣ ਦੇ ਬਾਵਜੂਦ ਪੰਜਾਬ ਦੀ ਧਰਤੀ ਉੱਤੇ ਕੋਈ ਵੀ ਕੌਮਾਂਤਰੀ ਹਾਕੀ ਟੂਰਨਾਮੈਂਟ ਨਹੀਂ ਖੇਡਿਆ ਗਿਆ। ਮੁੰਬਈ, ਮਦਰਾਸ, ਦਿੱਲੀ ਜਿਹੇ ਸ਼ਹਿਰਾਂ ਅਤੇ ਉੜੀਸਾ, ਤਾਮਿਲਨਾਡੂ, ਬਿਹਾਰ, ਝਾਰਖੰਡ ਤੇ ਉੱਤਰ ਪ੍ਰਦੇਸ਼ ਆਦਿ ਸੂਬਿਆਂ ਨੇ ਕਈ ਵੱਡੇ ਹਾਕੀ ਟੂਰਨਾਮੈਂਟ ਕਰਵਾਏ। ਪੰਜਾਬ ਦੇ ਖਿਡਾਰੀ ਭਾਰਤ ਦੀ ਸ਼ਾਨ ਵਧਾਉਂਦੇ ਹਨ, ਪਰ ਪੰਜਾਬ ਬੈਠੇ ਹਾਕੀ ਪ੍ਰੇਮੀਆਂ ਨੂੰ ਆਪਣੇ ਘਰ ਵਿੱਚ ਆਪਣੇ ਖਿਡਾਰੀਆਂ ਨੂੰ ਵੇਖਣ ਦਾ ਮੌਕਾ ਨਹੀਂ ਮਿਲਦਾ। ਭਾਰਤੀ ਹਾਕੀ ਕਪਤਾਨ ਹਰਮਨਪ੍ਰੀਤ ਸਿੰਘ ਨੇ ਭਾਵੁਕ ਹੁੰਦਿਆਂ ਆਖਣਾ ਕਿ ਹਾਲੇ ਤੱਕ ਉਨ੍ਹਾਂ ਦੇ ਮਾਪਿਆਂ ਨੇ ਉਸ ਨੂੰ ਮੈਦਾਨ ਵਿੱਚ ਖੇਡਦਾ ਨਹੀਂ ਵੇਖਿਆ। ਇਹ ਟੀਸ ਹਰ ਹਾਕੀ ਪ੍ਰੇਮੀ ਦੇ ਸੀਨੇ ਵਿੱਚ ਸੀ। ਪੰਜਾਬੀਆਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹਾਕੀ ਇੰਡੀਆ ਅੱਗੇ ਕੋਈ ਵੱਡਾ ਟੂਰਨਾਮੈਂਟ ਕਰਵਾਉਣ ਲਈ ਪੇਸ਼ਕਸ਼ ਕੀਤੀ ਗਈ। ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਬੂਰ ਪਿਆ ਅਤੇ ਹਾਕੀ ਇੰਡੀਆ ਵੱਲੋਂ ਏਸ਼ੀਅਨ ਹਾਕੀ ਫੈਡਰੇਸ਼ਨ ਤਰਫ਼ੋਂ ਪੁਰਸ਼ਾਂ ਦੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਪੰਜਾਬ ਨੂੰ ਸੌਂਪੀ ਗਈ।

ਏਸ਼ੀਆ ਦੇ ਇਸ ਵੱਕਾਰੀ ਟੂਰਨਾਮੈਂਟ ਲਈ ਪੰਜਾਬ ਦੇ ਦੋ ਸ਼ਹਿਰ ਚੁਣੇ ਗਏ। ਖੇਡਾਂ ਦੀ ਰਾਜਧਾਨੀ ਜਲੰਧਰ ਅਤੇ ਆਈ ਟੀ ਸਿਟੀ ਮੋਹਾਲੀ। ਖੇਡ ਵਿਭਾਗ ਵੱਲੋਂ 23 ਕਰੋੜ ਰੁਪਏ ਦੀ ਲਾਗਤ ਨਾਲ ਜਲੰਧਰ ਦੇ ਉਲੰਪੀਅਨ ਸੁਰਜੀਤ ਸਿੰਘ ਸਟੇਡੀਅਮ ਅਤੇ ਮੋਹਾਲੀ ਦੇ ਉਲੰਪੀਅਨ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਨੂੰ ਸ਼ਿੰਗਾਰਿਆ ਗਿਆ। ਜਲੰਧਰ ਵਿਖੇ ਸੁਰਜੀਤ ਸਿੰਘ ਦਾ ਬੁੱਤ ਸਥਾਪਤ ਹੋਇਆ। ਇਸ ਨਾਲ ਉਹ ਪੰਜਾਬ ਦਾ ਪਹਿਲਾ ਖਿਡਾਰੀ ਬਣ ਗਿਆ ਹੈ, ਜਿਸ ਦੇ ਬੁੱਤ ਤਿੰਨ ਥਾਂ (ਜਲੰਧਰ, ਬਟਾਲਾ ਤੇ ਜਰਖੜ ਵਿਖੇ) ਲੱਗੇ ਹਨ। ਉਦਘਾਟਨ ਤੇ ਲੀਗ ਮੈਚ ਜਲੰਧਰ ਅਤੇ ਨਾਕ ਆਊਟ ਮੈਚ ਤੇ ਸਮਾਪਤੀ ਸਮਾਗਮ ਮੋਹਾਲੀ ਵਿਖੇ ਹੋਇਆ। ਦਸ ਦਿਨ ਚੱਲੇ ਹਾਕੀ ਦੇ ਮਹਾਂਕੁੰਭ ਵਿੱਚ ਹਾਕੀ ਪ੍ਰੇਮੀਆਂ ਨੇ ਵਹੀਰਾਂ ਘੱਤ ਕੇ ਹਾਜ਼ਰੀਆਂ ਭਰੀਆਂ। ਸਟੇਡੀਅਮ ਅੰਦਰ ਦਾਖਲਾ ਮੁਫ਼ਤ ਸੀ, ਪਰ ਮੁਫ਼ਤ ਟਿਕਟ ਸਕੈਨ ਕਰਵਾਉਣ ਵਾਲਿਆਂ ਵਿੱਚ ਹੋੜ ਲੱਗੀ ਹੋਈ ਸੀ। ਸਟੇਡੀਅਮ ਦੇ ਬਾਹਰ ਲੰਮੀਆਂ ਕਤਾਰਾਂ ਲੱਗਦੀਆਂ। ਜਲੰਧਰ ਦਾ ਸਟੇਡੀਅਮ ਦਰਸ਼ਕਾਂ ਦੇ ਹੜ੍ਹ ਅੱਗੇ ਛੋਟਾ ਪੈ ਗਿਆ ਅਤੇ ਸਟੇਡੀਅਮ ਦੇ ਬਾਹਰ ਵੱਡੀਆਂ ਟੀਵੀ ਸਕਰੀਨਾਂ ਲਗਾਈਆਂ ਗਈਆਂ, ਜਿੱਥੇ ਲੋਕਾਂ ਨੇ ਮੈਚ ਦਾ ਆਨੰਦ ਮਾਣਿਆ। ਦੋਵੇਂ ਸਟੇਡੀਅਮਾਂ ਅੰਦਰ 'ਸਾਡਾ ਪਿੰਡ' ਉਸਾਰਿਆ ਗਿਆ, ਜਿਸ ਵਿੱਚ ਪੰਜਾਬ ਦੇ ਵਿਰਸੇ ਦੇ ਨਾਲ ਹਾਕੀ ਦਾ ਇਤਿਹਾਸ ਸਮੋਇਆ ਹੋਇਆ ਸੀ। ਅਜਾਇਬਘਰ ਰੂਪੀ ਇਹ 'ਸਾਡਾ ਪਿੰਡ' ਖਿੱਚ ਦਾ ਕੇਂਦਰ ਰਿਹਾ।

ਟੂਰਨਾਮੈਂਟ ਦੀ ਲੀਗ ਸਟੇਜ ਵਿੱਚ ਭਾਰਤ ਅਜਿੱਤ ਰਹਿੰਦਾ ਹੋਇਆ ਪਹਿਲੇ ਸਥਾਨ 'ਤੇ ਰਿਹਾ ਜਦੋਂਕਿ ਜਾਪਾਨ ਦੂਜੇ, ਮਲੇਸ਼ੀਆ ਤੀਜੇ, ਕੋਰੀਆ ਚੌਥੇ, ਚੀਨ ਪੰਜਵੇਂ ਤੇ ਬੰਗਲਾਦੇਸ਼ ਛੇਵੇਂ ਸਥਾਨ ਉੱਤੇ ਰਿਹਾ। ਬੰਗਲਾਦੇਸ਼ ਨੂੰ ਹਰਾ ਕੇ ਪੰਜਵੀਂ ਪੁਜੀਸ਼ਨ ਚੀਨ ਨੇ ਮੱਲੀ। ਸੈਮੀਫਾਈਨਲ ਮੁਕਾਬਲਿਆਂ ਵਿੱਚ ਭਾਰਤ ਨੇ ਕੋਰੀਆ ਨੂੰ 8-1 ਦੇ ਵੱਡੇ ਫ਼ਰਕ ਨਾਲ ਹਰਾਇਆ ਜਦੋਂਕਿ ਜਾਪਾਨ ਨੇ ਮਲੇਸ਼ੀਆ ਨੂੰ ਗੋਲ ਰਹਿਤ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਆਊਟ ਵਿੱਚ 5-3 ਨਾਲ ਹਰਾਇਆ। ਮਲੇਸ਼ੀਆ ਨੇ ਕੋਰੀਆ ਨੂੰ 5-3 ਨਾਲ ਹਰਾ ਕੇ ਕਾਂਸੀ ਦਾ ਤਮਗ਼ਾ ਜਿੱਤਿਆ। ਸੋਨ ਤਮਗ਼ੇ ਲਈ ਖੇਡਿਆ ਫਾਈਨਲ, ਟੂਰਨਾਮੈਂਟ ਦਾ ਸਭ ਤੋਂ ਰੋਮਾਂਚਕ ਮੈਚ ਰਿਹਾ ਜਿਸ ਵਿੱਚ ਏਸ਼ੀਆ ਦੀ ਸਭ ਤੋਂ ਤਾਕਤਵਾਰ ਮੇਜ਼ਬਾਨ ਭਾਰਤ ਦੀ ਟੀਮ ਤੀਜੇ ਕੁਆਰਟਰ ਦੀ ਸਮਾਪਤੀ ਤੱਕ ਇੱਕ ਗੋਲ ਨਾਲ ਪੱਛੜ ਰਹੀ ਸੀ। ਤੀਜੇ ਕੁਆਰਟਰ ਦੇ ਆਖ਼ਰੀ ਪਲਾਂ ਵਿੱਚ ਭਾਰਤ ਨੇ ਬਰਾਬਰੀ ਕਰਨ ਤੋਂ ਬਾਅਦ ਚੌਥੇ ਕੁਆਰਟਰ ਵਿੱਚ ਗੋਲਾਂ ਦੀ ਝੜੀ ਲਗਾਉਂਦੇ ਹੋਏ 4-1 ਨਾਲ ਜਿੱਤ ਦਰਜ ਕਰ ਕੇ ਛੇਵੀਂ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤੀ। ਭਾਰਤ ਦਾ ਕਪਤਾਨ ਸਰਵੋਤਮ ਖਿਡਾਰੀ ਐਲਾਨਿਆ ਗਿਆ ਅਤੇ 10 ਗੋਲਾਂ ਨਾਲ ਟੌਪ ਸਕੋਰਰ ਵੀ ਬਣਿਆ। ਭਾਰਤ ਦਾ ਕ੍ਰਿਸ਼ਨ ਬਹਾਦਰ ਪਾਠਕ ਸਰਵੋਤਮ ਗੋਲਚੀ ਜਦੋਂਕਿ ਮਲੇਸ਼ੀਆ ਦਾ ਅਜ਼ੀਮੁਦੀਨ ਸਰਵੋਤਮ ਨੌਜਵਾਨ ਖਿਡਾਰੀ ਚੁਣਿਆ ਗਿਆ।

ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਜਿੱਤ ਦੇ ਨਾਲ ਹੀ ਭਾਰਤ ਨੇ ਲਗਾਤਾਰ ਤਿੰਨ ਵਾਰ ਇਹ ਟੂਰਨਾਮੈਂਟ ਜਿੱਤ ਕੇ ਖਿਤਾਬੀ ਹੈਟ੍ਰਿਕ ਵੀ ਪੂਰੀ ਕੀਤੀ। ਭਾਰਤ ਨੇ ਲਗਾਤਾਰ ਤਿੰਨ ਵਾਰ ਇਹ ਖਿਤਾਬ ਹਰਮਨਪ੍ਰੀਤ ਸਿੰਘ ਦੀ ਕਪਤਾਨੀ ਹੇਠ ਜਿੱਤਿਆ। ਟੂਰਨਾਮੈਂਟ ਵਿੱਚ ਭਾਰਤੀ ਟੀਮ ਨੇ ਆਪਣੇ ਖੇਡੇ ਸਾਰੇ ਸੱਤ ਮੈਚਾਂ ਵਿੱਚ ਜਿੱਤਾਂ ਹਾਸਲ ਕੀਤੀਆਂ ਅਤੇ ਸਭ ਤੋਂ ਵੱਧ ਕੁੱਲ 46 ਗੋਲ ਵੀ ਕੀਤੇ। ਭਾਰਤ ਨੇ ਆਪਣੇ ਸਿਰ ਸਭ ਤੋਂ ਘੱਟ ਸਿਰਫ਼ ਸੱਤ ਗੋਲ ਕਰਵਾਏ। ਗੋਲ ਸਕੋਰਰਾਂ ਦੀ ਸੂਚੀ ਵਿੱਚ ਭਾਰਤ ਦੇ ਕਪਤਾਨ ਹਰਮਨਪ੍ਰੀਤ ਸਿੰਘ ਦੇ 10 ਗੋਲਾਂ ਤੋਂ ਬਾਅਦ ਭਾਰਤ ਦੇ ਦਿਲਪ੍ਰੀਤ ਸਿੰਘ ਤੇ ਮਲੇਸ਼ੀਆ ਦੇ ਅਬੂ ਕਾਮਲ ਅਜ਼ਰਾਈ ਨੇ ਸੱਤ-ਸੱਤ ਗੋਲ, ਭਾਰਤ ਦੇ ਸੁਖਜੀਤ ਸਿੰਘ ਨੇ ਛੇ ਗੋਲ, ਸ਼ਿਲਾਨੰਦ ਲਾਕੜਾ ਨੇ ਪੰਜ ਗੋਲ, ਜੁਗਰਾਜ ਸਿੰਘ ਅਤੇ ਚੀਨ ਦੇ ਬੇਨਹਾਈ ਚੇਨ ਤੇ ਮਲੇਸ਼ੀਆ ਦੇ ਅਖੀਮਉੱਲਾ ਨੇ ਚਾਰ-ਚਾਰ ਗੋਲ ਕੀਤੇ। ਭਾਰਤ ਦੇ ਮਨਦੀਪ ਸਿੰਘ ਤੇ ਅਭਿਸ਼ੇਕ ਨੇ ਤਿੰਨ-ਤਿੰਨ, ਹਾਰਦਿਕ ਸਿੰਘ ਤੇ ਅੰਗਦਬੀਰ ਸਿੰਘ ਨੇ ਦੋ-ਦੋ ਗੋਲ ਅਤੇ ਸੰਜੇ, ਵਿਵੇਕ ਸਾਗਰ ਪ੍ਰਸਾਦ, ਨੀਲਕਾਂਤ ਸ਼ਰਮਾ ਤੇ ਵਿਸ਼ਨੂੰਕਾਂਤ ਸਿੰਘ ਨੇ ਇੱਕ-ਇੱਕ ਗੋਲ ਕੀਤਾ।

2011 ਵਿੱਚ ਸ਼ੁਰੂ ਹੋਈ ਏਸ਼ੀਅਨ ਚੈਂਪੀਅਨਜ਼ ਟਰਾਫੀ ਦੇ ਇਤਿਹਾਸ ਵਿੱਚ ਭਾਰਤ ਨੇ ਛੇ ਖਿਤਾਬ ਜਿੱਤ ਕੇ ਆਪਣੀ ਸਲਤਨਤ ਕਾਇਮ ਰੱਖੀ ਹੈ। ਇਸ ਦੇ ਨਾਲ ਹੀ ਭਾਰਤ ਨੇ ਏਸ਼ੀਆ ਦੇ ਸਾਰੇ ਟੂਰਨਾਮੈਂਟਾਂ ਦੀ ਜੇਤੂ ਟੀਮ ਵਜੋਂ ਆਪਣਾ ਰਿਕਾਰਡ ਵੀ ਕਾਇਮ ਰੱਖਿਆ ਹੈ। ਭਾਰਤ ਨੇ ਪਿਛਲੇ ਸਾਲ ਰਾਜਗੀਰ ਵਿਖੇ ਏਸ਼ੀਆ ਕੱਪ, ਸਾਲ 2026 'ਚ ਪਹਿਲਾਂ ਏਸ਼ਿਆਈ ਖੇਡਾਂ ਅਤੇ ਹੁਣ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤ ਕੇ ਏਸ਼ੀਆ ਦੇ ਸਾਰੇ ਖਿਤਾਬ ਆਪਣੀ ਝੋਲੀ ਪਾਏ। ਭਾਰਤ ਨੂੰ ਇਸ ਵੇਲੇ ਏਸ਼ੀਆ ਵਿੱਚ ਟੱਕਰ ਦੇਣ ਵਾਲਾ ਕੋਈ ਮੁਲਕ ਨਹੀਂ। ਐੱਫ ਆਈ ਐੱਚ ਦੀ ਵਿਸ਼ਵ ਦਰਜਾਬੰਦੀ ਵਿੱਚ ਪਹਿਲੇ ਦਸ ਮੁਲਕਾਂ ਵਿੱਚ ਭਾਰਤ ਇਕਲੌਤਾ ਏਸ਼ਿਆਈ ਮੁਲਕ ਹੈ। ਪਿਛਲੇ ਲਗਾਤਾਰ ਦੋ ਉਲੰਪਿਕਸ ਤਮਗੇ ਜਿੱਤਣ ਵਾਲੇ ਭਾਰਤ ਦਾ ਵਿਸ਼ਵ ਦਰਜਾਬੰਦੀ 'ਚ ਅੱਠਵਾਂ ਸਥਾਨ ਹੈ। ਵਿਸ਼ਵ ਦਰਜਾਬੰਦੀ ਵਿੱਚ ਭਾਰਤ ਤੋਂ ਬਾਅਦ ਪਾਕਿਸਤਾਨ ਦੂਜਾ ਏਸ਼ਿਆਈ ਮੁਲਕ ਹੈ, ਜਿਸ ਦਾ ਸਥਾਨ 12ਵਾਂ ਹੈ। ਮਲੇਸ਼ੀਆ 14ਵੇਂ, ਜਾਪਾਨ 15ਵੇਂ ਤੇ ਕੋਰੀਆ 20ਵੇਂ ਸਥਾਨ 'ਤੇ ਹੈ।

ਵਿਸ਼ਵ ਕੱਪ ਦੀ ਮੇਜ਼ਬਾਨੀ ਦਾ ਦਾਅਵੇਦਾਰ ਪੰਜਾਬ

ਏਸ਼ਿਆਈ ਹਾਕੀ ਦੀ ਅਗਵਾਈ ਕਰ ਰਹੇ ਭਾਰਤ ਨੂੰ 2030 ਦੇ ਵਿਸ਼ਵ ਕੱਪ ਦੀ ਮੇਜ਼ਬਾਨੀ ਵੀ ਮਿਲੀ ਹੈ। ਇਸ ਤੋਂ ਪਹਿਲਾਂ ਭਾਰਤ ਨੇ 1982, 2010, 2018 ਤੇ 2023 ਵਿੱਚ ਚਾਰ ਵਾਰ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ ਹੈ। ਪੰਜਵੀਂ ਵਾਰ ਭਾਰਤ ਨੂੰ ਵਿਸ਼ਵ ਕੱਪ ਦੀ ਮੇਜ਼ਬਾਨੀ ਮਿਲੀ ਹੈ ਅਤੇ ਸਥਾਨ ਦਾ ਫ਼ੈਸਲਾ ਹਾਲੇ ਹੋਣਾ ਹੈ। ਏਸ਼ੀਅਨ ਚੈਂਪੀਅਨਜ਼ ਟਰਾਫੀ ਦੇ ਸਫਲ ਪ੍ਰਬੰਧਨ ਤੋਂ ਬਾਅਦ ਪੰਜਾਬ ਹੁਣ ਵਿਸ਼ਵ ਕੱਪ ਦੀ ਮੇਜ਼ਬਾਨੀ ਦਾ ਦਾਅਵੇਦਾਰ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਗਲਾ ਵਿਸ਼ਵ ਕੱਪ ਪੰਜਾਬ ਕਰਵਾਉਣ ਦੀ ਪੇਸ਼ਕਸ਼ ਵੀ ਕੀਤੀ ਹੈ, ਜਿਸ ਉੱਤੇ ਹਾਕੀ ਇੰਡੀਆ ਦੇ ਸਕੱਤਰ ਜਨਰਲ ਅਤੇ ਏਸ਼ੀਅਨ ਹਾਕੀ ਫੈਡਰੇਸ਼ਨ ਦੇ ਮੀਤ ਪ੍ਰਧਾਨ ਭੋਲਾ ਨਾਥ ਨੇ ਵੀ ਮੋਹਰ ਲਗਾਉਂਦਿਆਂ ਸਹਿਮਤੀ ਪ੍ਰਗਟਾਈ ਹੈ। ਇਸ ਬਾਰੇ ਅਧਿਕਾਰਤ ਫ਼ੈਸਲਾ ਹਾਲੇ ਹੋਣਾ ਹੈ। ਪੰਜਾਬ ਵਿੱਚ ਹਾਕੀ ਮੈਚਾਂ 'ਚ ਦਰਸ਼ਕਾਂ ਵੱਲੋਂ ਮਿਲੇ ਮਣਾਂ ਮੂੰਹੀ ਪਿਆਰ ਅਤੇ ਪੰਜਾਬ ਸਰਕਾਰ ਦੇ ਪ੍ਰਬੰਧਾਂ ਨੇ ਹਾਕੀ ਅਧਿਕਾਰੀਆਂ ਅੱਗੇ ਪੰਜਾਬ ਦਾ ਕੇਸ ਮਜ਼ਬੂਤੀ ਨਾਲ ਪੇਸ਼ ਕੀਤਾ ਹੈ। ਪੰਜਾਬ ਵਿੱਚ ਇਸ ਵੇਲੇ ਮੋਹਾਲੀ ਤੇ ਜਲੰਧਰ ਵਿਖੇ ਅਤਿ-ਆਧੁਨਿਕ ਐਸਟਰੋਟਰਫ ਮੈਦਾਨਾਂ ਤੋਂ ਇਲਾਵਾ ਅੰਮ੍ਰਿਤਸਰ, ਲੁਧਿਆਣਾ, ਬਠਿੰਡਾ ਆਦਿ ਸ਼ਹਿਰਾਂ ਵਿੱਚ ਵੀ ਹਾਕੀ ਐਸਟਰੋਟਰਫ ਮੈਦਾਨ ਹਨ ਅਤੇ ਇਹ ਸਾਰੇ ਸ਼ਹਿਰ ਹਵਾਈ ਮਾਰਗ ਰਾਹੀਂ ਦੇਸ਼ ਤੇ ਦੁਨੀਆ ਨਾਲ ਜੁੜੇ ਹੋਏ ਹਨ।

ਨੌਜਵਾਨਾਂ ਨੂੰ ਮਾੜੀ ਸੰਗਤ ਤੋਂ ਬਚਾਉਣ ਲਈ ਖੇਡਾਂ ਨਾਲ ਜੋੜਨਾ ਬੇਹੱਦ ਜ਼ਰੂਰੀ : ਭਗਵੰਤ ਮਾਨ

ਮੁੱਖ ਮੰਤਰੀ ਨੇ 39 ਕਰੋੜ ਰੁਪਏ ਦੀ ਲਾਗਤ ਨਾਲ 10 ਏਕੜ ਰਕਬੇ ਵਿੱਚ ਬਣਨ ਵਾਲੇ ਸਪੋਰਟਸ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ

ਧੂਰੀ/ਏ.ਟੀ.ਨਿਊਜ਼ः ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਥੇ ਲਗਪਗ 39 ਕਰੋੜ ਰੁਪਏ ਦੀ ਲਾਗਤ ਨਾਲ 10 ਏਕੜ ਰਕਬੇ ਵਿੱਚ ਬਣਨ ਵਾਲੇ ਸਪੋਰਟਸ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ । ਮੁੱਖ ਮੰਤਰੀ ਨੇ ਪਿੰਡ ਜਹਾਂਗੀਰ ਕਹੇਰੂ ਵਿਖੇ 8 ਕਰੋੜ ਦੀ ਲਾਗਤ ਨਾਲ ਤਿਆਰ ਹਾਕੀ ਐਸਟਰੋਟਰਫ ਵੀ ਲੋਕਾਂ ਨੂੰ ਸਮਰਪਤ ਕੀਤੀ । ਇਸ ਮੌਕੇ ਪਿੰਡ ਦੇ ਸਰਪੰਚ ਅਤੇ ਸਥਾਨਕ ਲੋਕਾਂ ਨੇ ਮੁੱਖ ਮੰਤਰੀ ਦਾ ਭਰਵਾਂ ਸਵਾਗਤ ਕੀਤਾ ।



ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਧੂਰੀ ਹਲਕੇ ਵਿੱਚ ਹਾਕੀ ਵੱਡੇ ਪੱਧਰ 'ਤੇ ਖੇਡੀ ਜਾਂਦੀ ਹੈ । ਇਹ ਸਟੇਡੀਅਮ ਇਲਾਕੇ ਨੂੰ ਖੇਡਾਂ ਦੇ ਵੱਡੇ ਕੇਂਦਰ (ਹੱਬ) ਵਜੋਂ ਵਿਕਸਤ ਕਰੇਗਾ, ਜਿੱਥੇ ਖਿਡਾਰੀ ਖੇਡਣ ਦੇ ਨਾਲ-ਨਾਲ ਹਾਕੀ ਦੀ ਸਿਖਲਾਈ ਵੀ ਲੈ ਸਕਣਗੇ । ਉਨ੍ਹਾਂ ਦੱਸਿਆ ਕਿ ਇੱਥੇ ਹੋਰਨਾਂ ਖੇਡਾਂ ਲਈ ਬਣ ਰਿਹਾ ਇਨਡੋਰ ਸਟੇਡੀਅਮ ਵੀ ਜਲਦੀ ਮੁਕੰਮਲ ਕਰ ਲਿਆ ਜਾਵੇਗਾ, ਕਿਉਂਕਿ ਸੂਬਾ ਸਰਕਾਰ ਕੋਲ ਖੇਡਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ । ਉਨ੍ਹਾਂ ਕਿਹਾ ਕਿ ਸਰਕਾਰ ਨੇ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਖੇਡ ਬਜਟ ਵਿੱਚ ਦੁੱਗਣਾ-ਤਿੱਗਣਾ ਵਾਧਾ ਕੀਤਾ ਹੈ । ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਨੌਜਵਾਨਾਂ ਨੂੰ ਮਾੜੀ ਸੰਗਤ ਤੋਂ ਬਚਾਉਣ ਲਈ ਖੇਡਾਂ ਨਾਲ ਜੋੜਨਾ ਬੇਹੱਦ ਜ਼ਰੂਰੀ ਹੈ, ਜਿਸ ਲਈ ਸਰਕਾਰ ਲਗਾਤਾਰ ਉਪਰਾਲੇ ਕਰ ਰਹੀ ਹੈ ।

ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਨੇ ਹਾਕੀ ਏਸ਼ੀਆ ਕੱਪ ਦੀ ਸਫਲ ਮੇਜ਼ਬਾਨੀ ਕੀਤੀ ਹੈ, ਜਿਸ ਵਿੱਚ ਵੱਖ-ਵੱਖ ਦੇਸ਼ਾਂ ਦੀਆਂ ਟੀਮਾਂ ਨੇ ਹਿੱਸਾ ਲਿਆ । ਉਨ੍ਹਾ ਮਾਣ ਨਾਲ ਕਿਹਾ ਕਿ ਕੌਮੀ ਹਾਕੀ ਟੀਮ ਦੇ 11 ਵਿੱਚੋਂ 9 ਖਿਡਾਰੀ ਪੰਜਾਬ ਨਾਲ ਸੰਬੰਧਤ ਹਨ । ਉਨ੍ਹਾ ਐਲਾਨ ਕੀਤਾ ਕਿ ਪੰਜਾਬ ਜਲਦੀ ਹੀ ਜੂਨੀਅਰ ਹਾਕੀ ਵਿਸ਼ਵ ਕੱਪ ਦੀ ਮੇਜ਼ਬਾਨੀ ਵੀ ਕਰੇਗਾ । ਉਨ੍ਹਾਂ ਦੱਸਿਆ ਕਿ ਸਰਕਾਰ ਸੂਬੇ ਦੇ 3100 ਖੇਡ ਸਟੇਡੀਅਮਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰ ਰਹੀ ਹੈ, ਜਿਨ੍ਹਾਂ ਵਿੱਚੋਂ 1600 ਤੋਂ 1700 ਸਟੇਡੀਅਮ ਤਿਆਰ ਕੀਤੇ ਜਾ ਚੁੱਕੇ ਹਨ ।

ਉਹਨਾਂ ਕਿਹਾ ਕਿ ਸਰਕਾਰਾਂ ਦਾ ਕੰਮ ਸੂਬੇ ਵਿੱਚ ਧਰਨੇ-ਮੁਜ਼ਾਹਰੇ ਕਰਵਾਉਣਾ ਨਹੀਂ, ਸਗੋਂ ਵਿਕਾਸ ਕਾਰਜ ਕਰਵਾਉਣਾ ਹੁੰਦਾ ਹੈ । ਉਨ੍ਹਾਂ

ਮਹਾਰਾਜਾ ਰਣਜੀਤ ਸਿੰਘ ਬਾਰੇ ਫ਼ਿਲਮ ਬਣਾਉਣ ਦਾ ਐਲਾਨ

ਫ਼ਿਲਮ ਰਾਹੀਂ ਦਰਸਾਇਆ ਜਾਵੇਗਾ 'ਸ਼ੇਰ-ਏ-ਪੰਜਾਬ' ਵਜੋਂ ਜਾਣੇ ਜਾਂਦੇ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਨਦਾਰ ਜੀਵਨ, ਵਿਰਾਸਤ ਅਤੇ ਉਨ੍ਹਾਂ ਦਾ ਬੇਮਿਸਾਲ ਸਫ਼ਰ





ਸਿੱਖ ਰਾਜ ਦੇ ਪਹਿਲੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ 'ਤੇ ਆਧਾਰਿਤ ਫ਼ਿਲਮ ਬਣਾਈ ਜਾਵੇਗੀ। ਕਥਾ ਸਟੂਡੀਓਜ਼ ਅਤੇ ਬੀ4 ਮੇਕਰਜ਼ ਸਟੂਡੀਓਜ਼ ਨੇ ਇਸ ਫ਼ਿਲਮ ਲਈ ਸਾਂਝੇ ਤੌਰ 'ਤੇ ਕੰਮ ਕਰਨ ਦਾ ਐਲਾਨ ਕੀਤਾ ਹੈ। ਇਸ ਫ਼ਿਲਮ ਦੀ ਸ਼ੂਟਿੰਗ ਸਾਲ 2027 ਵਿੱਚ ਸ਼ੁਰੂ ਹੋਵੇਗੀ। ਇਸ ਫ਼ਿਲਮ ਰਾਹੀਂ 'ਸ਼ੇਰ-ਏ-ਪੰਜਾਬ' ਵਜੋਂ ਜਾਣੇ ਜਾਂਦੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਨਦਾਰ ਜੀਵਨ, ਵਿਰਾਸਤ ਅਤੇ ਉਨ੍ਹਾਂ ਦੇ ਬੇਮਿਸਾਲ ਸਫ਼ਰ ਨੂੰ ਦਰਸਾਇਆ ਜਾਵੇਗਾ। ਹਾਲਾਂਕਿ, ਫ਼ਿਲਮ ਦੇ ਨਿਰਦੇਸ਼ਕ ਅਤੇ ਇਸ ਵਿੱਚ ਕੰਮ ਕਰਨ ਵਾਲੇ ਅਦਾਕਾਰਾਂ ਬਾਰੇ ਜਾਣਕਾਰੀ ਹਾਲੇ ਗੁਪਤ ਰੱਖੀ ਗਈ ਹੈ।

ਫ਼ਿਲਮ ਦਾ ਮਕਸਦ ਮਹਾਰਾਜਾ ਰਣਜੀਤ ਸਿੰਘ ਦੀ ਸ਼ਾਨੋ-ਸ਼ੌਕਤ, ਬਹਾਦਰੀ, ਅਗਵਾਈ ਅਤੇ ਇਤਿਹਾਸਕ ਵਿਰਾਸਤ ਨੂੰ ਸਿਨੇਮਾ ਦੇ ਵੱਡੇ ਪਰਦੇ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨਾ ਹੈ। ਇਸ ਵਿੱਚ ਉਨ੍ਹਾਂ ਦੇ ਜੀਵਨ ਨਾਲ ਜੁੜੀਆਂ ਅਹਿਮ ਘਟਨਾਵਾਂ ਨੂੰ ਅਜਿਹੇ ਅੰਦਾਜ਼ ਵਿੱਚ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ, ਜਿਸ ਨਾਲ ਦਰਸ਼ਕ ਉਸ ਦੌਰ ਦੇ ਇਤਿਹਾਸ ਨੂੰ ਨੇੜਿਓਂ ਮਹਿਸੂਸ ਕਰ ਸਕਣਗੇ।

ਕਥਾ ਸਟੂਡੀਓਜ਼ ਦੇ ਸੰਸਥਾਪਕ ਸ਼ਿਬਾਸ਼ੀਸ਼ ਸਰਕਾਰ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦਾ ਜੀਵਨ ਅਤੇ ਉਨ੍ਹਾਂ ਦੀ ਵਿਰਾਸਤ ਸਿਨੇਮਾ ਰਾਹੀਂ ਕਹਾਣੀ ਪੇਸ਼ ਕਰਨ ਲਈ ਬੇਹੱਦ ਵਿਸ਼ਾਲ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਦਾ ਜੀਵਨ ਸਫ਼ਰ, ਅਗਵਾਈ ਅਤੇ ਇਤਿਹਾਸ ਵਿੱਚ ਪਾਏ ਯੋਗਦਾਨ ਨੂੰ ਉਨ੍ਹਾਂ ਦੇ ਰੁਤਬੇ ਦੇ ਅਨੁਸਾਰ ਪੇਸ਼ ਕੀਤਾ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਬੀ4 ਮੇਕਰਜ਼ ਸਟੂਡੀਓਜ਼ ਨਾਲ ਮਿਲ ਕੇ ਉਨ੍ਹਾਂ ਦਾ ਟੀਚਾ ਇੱਕ ਸ਼ਾਨਦਾਰ ਫ਼ਿਲਮ ਤਿਆਰ ਕਰਨਾ ਹੈ, ਜੋ ਇਤਿਹਾਸ ਦੇ ਇਸ ਮਹੱਤਵਪੂਰਨ ਅਧਿਆਇ ਨੂੰ ਪ੍ਰਭਾਵਸ਼ਾਲੀ ਅਤੇ ਯਾਦਗਾਰੀ ਢੰਗ ਨਾਲ ਦਰਸ਼ਕਾਂ ਤੱਕ ਪਹੁੰਚਾਏ।

ਮਹਾਰਾਜਾ ਰਣਜੀਤ ਸਿੰਘ ਨੂੰ ਵੱਖ-ਵੱਖ ਸਿੱਖ ਮਿਸਲਾਂ ਨੂੰ ਇਕਜੁੱਟ ਕਰਨ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਪੰਜਾਬ ਅਤੇ ਕਸ਼ਮੀਰ ਤੱਕ ਫੈਲੇ ਵਿਸ਼ਾਲ ਰਾਜ 'ਤੇ ਸ਼ਾਸਨ ਕੀਤਾ ਸੀ।

ਬੀ4 ਮੇਕਰਜ਼ ਸਟੂਡੀਓਜ਼ ਦੇ ਸੰਸਥਾਪਕ ਯਾਦਵਿੰਦਰ ਦੀਪ ਸਿੰਘ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਵਿਰਾਸਤ ਬਹਾਦਰੀ ਅਤੇ ਅਗਵਾਈ ਦੀਆਂ ਭਾਵਨਾਵਾਂ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਵਰਗੀ ਪ੍ਰੇਰਨਾਦਾਇਕ ਅਤੇ ਇਤਿਹਾਸਕ ਮਹੱਤਤਾ ਵਾਲੀ ਸ਼ਖ਼ਸੀਅਤ ਦੇ ਜੀਵਨ 'ਤੇ ਫ਼ਿਲਮ ਬਣਾਉਣ ਨਾਲ ਜੁੜਨਾ ਉਨ੍ਹਾਂ ਲਈ ਬਹੁਤ ਮਾਣ ਵਾਲੀ ਗੱਲ ਹੈ।



ਬਲਰਾਜ ਸਾਹਨੀ ਨੇ ਪੰਜਾਬੀ ਸੱਭਿਆਚਾਰ ਦੀ ਅਮੀਰ ਵਿਰਾਸਤ 'ਚ ਮਹੱਤਵਪੂਰਨ ਵਾਧਾ ਕੀਤਾ

ਬਲਰਾਜ ਸਾਹਨੀ ਨੂੰ ਸਿਜਦਾ: 'ਇੱਕ ਸਫ਼ਰ, ਇੱਕ ਦਾਸਤਾਨ'



ਹਰਦਮ ਮਾਨ

ਭਾਰਤੀ ਸਿਨੇਮਾ ਦੇ ਮਹਾਨ ਅਦਾਕਾਰ, ਸੰਵੇਦਨਸ਼ੀਲ ਲੇਖਕ ਅਤੇ ਪੰਜਾਬੀ ਸੱਭਿਆਚਾਰ ਦੇ ਸੁਝਵਾਨ ਪ੍ਰਤੀਨਿਧ ਬਲਰਾਜ ਸਾਹਨੀ ਦੇ ਜੀਵਨ, ਕਲਾ, ਸਾਹਿਤਕ ਯੋਗਦਾਨ ਅਤੇ ਪੰਜਾਬ ਨਾਲ ਉਨ੍ਹਾਂ ਦੇ ਗੂੜ੍ਹੇ ਸਬੰਧਾਂ ਨੂੰ ਸਮਰਪਿਤ ਵਿਸ਼ੇਸ਼ ਦਸਤਾਵੇਜ਼ੀ ਫਿਲਮ 'ਬਲਰਾਜ ਸਾਹਨੀ: ਇੱਕ ਸਫ਼ਰ, ਇੱਕ ਦਾਸਤਾਨ' ਦਾ ਪ੍ਰਦਰਸ਼ਨ ਪਿਛਲੇ ਦਿਨੀਂ ਸਾਊਥ ਸਰੀ ਦੇ ਕੈਪ੍ਰਿਸ ਸਿਨੇਮਾਜ (ਕੈਪ੍ਰਿਸ ਵ੍ਹਾਈਟ ਰੌਕ) ਵਿਖੇ ਕੀਤਾ ਗਿਆ। ਇਸ ਮੌਕੇ ਪੰਜਾਬੀ ਸਾਹਿਤ, ਕਲਾ, ਸਿਨੇਮਾ ਅਤੇ ਸੱਭਿਆਚਾਰ ਨਾਲ ਜੁੜੀਆਂ ਨਾਮਵਰ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਪੰਜਾਬੀ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ।

ਬਲਰਾਜ ਸਾਹਨੀ ਦਾ ਨਾਂਅ ਭਾਰਤੀ ਸਿਨੇਮਾ ਦੇ ਇਤਿਹਾਸ ਵਿੱਚ ਇੱਕ ਅਜਿਹੇ ਅਦਾਕਾਰ ਵਜੋਂ ਦਰਜ ਹੈ, ਜਿਸ ਨੇ ਆਪਣੀ ਅਦਾਕਾਰੀ ਨੂੰ ਮਨੁੱਖੀ ਸੰਵੇਦਨਾਵਾਂ, ਸਮਾਜਿਕ ਸਰੋਕਾਰਾਂ ਅਤੇ ਆਮ ਲੋਕਾਂ ਦੇ ਦੁੱਖਾਂ-ਦਰਦਾਂ ਦੀ ਆਵਾਜ਼ ਬਣਾਇਆ। ਉਨ੍ਹਾਂ ਨੇ ਰੰਗਮੰਚ ਤੋਂ ਆਪਣੇ ਕਲਾਤਮਕ ਸਫ਼ਰ ਦੀ ਸ਼ੁਰੂਆਤ ਕੀਤੀ ਅਤੇ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਨਾਲ ਜੁੜ ਕੇ ਨਾਟਕਾਂ ਰਾਹੀਂ ਸਮਾਜਿਕ ਚੇਤਨਾ ਅਤੇ ਲੋਕ-ਪੱਖੀ ਸੋਚ ਨੂੰ ਪ੍ਰਗਟਾਇਆ। ਉਨ੍ਹਾਂ ਦੀ ਅਦਾਕਾਰੀ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਪਾਤਰ ਨੂੰ ਸਿਰਫ਼ ਪਰਦੇ ਉੱਤੇ ਪੇਸ਼ ਨਹੀਂ ਕਰਦੇ ਸਨ, ਸਗੋਂ ਉਸ ਦੇ ਜੀਵਨ, ਸੰਘਰਸ਼ ਅਤੇ ਭਾਵਨਾਵਾਂ ਨੂੰ ਆਪਣੇ ਅੰਦਰ ਜਿਊਂਦੇ ਸਨ। 'ਧਰਤੀ ਕੇ ਲਾਲ', 'ਦੋ ਬੀਘਾ ਜ਼ਮੀਨ', 'ਕਾਬੁਲੀਵਾਲਾ', 'ਵਕਤ', 'ਹਕੀਕਤ', 'ਅਨੁਰਾਧਾ' ਅਤੇ ਆਖ਼ਰੀ ਫਿਲਮ 'ਗਰਮ ਹਵਾ' ਉਨ੍ਹਾਂ ਦੀਆਂ ਯਾਦਗਾਰੀ ਫਿਲਮਾਂ ਹਨ। ਪੰਜਾਬੀ ਸਿਨੇਮਾ ਵਿੱਚ ਵੀ ਉਨ੍ਹਾਂ ਨੇ 'ਸਤਲੁਜ ਦੇ ਕੰਢੇ' ਅਤੇ 'ਨਾਨਕ ਦੁਖੀਆ ਸਭ ਸੰਸਾਰ' ਵਰਗੀਆਂ ਫਿਲਮਾਂ ਰਾਹੀਂ ਆਪਣੀ ਅਮਿੱਟ ਛਾਪ ਛੱਡੀ। 'ਦੋ ਬੀਘਾ ਜ਼ਮੀਨ' ਵਿੱਚ ਇੱਕ ਗਰੀਬ ਕਿਸਾਨ ਅਤੇ 'ਕਾਬੁਲੀਵਾਲਾ' ਵਿੱਚ ਮਨੁੱਖੀ ਮੋਹ ਨਾਲ ਭਰੇ ਕਿਰਦਾਰ ਦੀ ਪੇਸ਼ਕਾਰੀ ਉਨ੍ਹਾਂ ਦੀ ਅਦਾਕਾਰੀ ਦੇ ਯਾਦਗਾਰੀ ਨਮੂਨੇ ਹਨ।

ਬਲਰਾਜ ਸਾਹਨੀ ਦੀ ਸ਼ਖ਼ਸੀਅਤ ਦਾ ਇੱਕ ਹੋਰ ਅਹਿਮ ਪੱਖ ਉਨ੍ਹਾਂ ਦਾ ਸਾਹਿਤਕ ਯੋਗਦਾਨ ਹੈ। ਉਹ ਪੰਜਾਬੀ ਭਾਸ਼ਾ ਦੇ ਗੰਭੀਰ ਲੇਖਕ ਅਤੇ ਚਿੰਤਕ ਸਨ। ਉਨ੍ਹਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਮਾਜਿਕ ਜੀਵਨ, ਮਨੁੱਖੀ ਰਿਸ਼ਤਿਆਂ, ਸੱਭਿਆਚਾਰਕ ਸਾਂਝ ਅਤੇ ਸਮੇਂ ਦੇ ਰਾਜਨੀਤਕ ਤੇ ਸਮਾਜਿਕ ਹਾਲਾਤ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ। 'ਮੇਰਾ ਪਾਕਿਸਤਾਨੀ ਸਫ਼ਰਨਾਮਾ', 'ਮੇਰਾ ਰੂਸੀ ਸਫ਼ਰਨਾਮਾ', 'ਕਾਮੇ', 'ਇੱਕ ਸਫ਼ਰ ਇੱਕ ਦਾਸਤਾਨ' ਅਤੇ 'ਗ਼ੈਰ ਜਜ਼ਬਾਤੀ ਡਾਇਰੀ' ਉਨ੍ਹਾਂ ਦੀਆਂ ਚਰਚਿਤ ਸਾਹਿਤਕ ਰਚਨਾਵਾਂ ਵਿੱਚ ਸ਼ਾਮਲ ਹਨ। ਉਨ੍ਹਾਂ ਦੀ ਲੇਖਣੀ ਵਿੱਚ ਪੰਜਾਬ ਦੀ ਮਿੱਟੀ, ਲੋਕਾਂ ਦਾ ਜੀਵਨ, ਭਾਸ਼ਾ ਪ੍ਰਤੀ ਮੋਹ ਅਤੇ ਮਨੁੱਖਤਾ ਦਾ ਸੰਦੇਸ਼ ਸਪੱਸ਼ਟ ਰੂਪ ਵਿੱਚ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਬਲਰਾਜ ਸਾਹਨੀ ਨੇ ਅਦਾਕਾਰੀ ਅਤੇ ਸਾਹਿਤ ਦੋਵਾਂ ਖੇਤਰਾਂ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ ਅਤੇ ਪੰਜਾਬੀ ਸੱਭਿਆਚਾਰ ਦੀ ਅਮੀਰ ਵਿਰਾਸਤ ਵਿੱਚ ਮਹੱਤਵਪੂਰਨ ਵਾਧਾ ਕੀਤਾ।

ਇਹ ਦਸਤਾਵੇਜ਼ੀ ਸਿਰਫ਼ ਇੱਕ ਮਹਾਨ ਅਦਾਕਾਰ ਦੇ ਜੀਵਨ ਦੀ ਪੇਸ਼ਕਾਰੀ ਹੀ ਨਹੀਂ, ਸਗੋਂ ਉਸ ਸ਼ਖ਼ਸੀਅਤ ਦੀਆਂ ਸਾਹਿਤਕ, ਸੱਭਿਆਚਾਰਕ ਅਤੇ ਮਾਨਵੀ ਪ੍ਰਾਪਤੀਆਂ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਇੱਕ ਸੁਹਿਰਦ ਯਤਨ ਹੈ। ਇਸ ਦਸਤਾਵੇਜ਼ੀ ਨੂੰ ਤਿਆਰ ਕਰਨ ਵਿੱਚ ਡਾ. ਹਰਜੀਤ ਸਿੰਘ ਦੀ ਸਿਰਜਣਾਤਮਕ ਭੂਮਿਕਾ ਰਹੀ, ਜਦੋਂਕਿ ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ ਵੱਲੋਂ ਇਸ ਨੂੰ ਰਿਲੀਜ਼ ਕੀਤਾ ਗਿਆ। ਜੀਵੇ ਪੰਜਾਬ ਅਦਬੀ ਸੰਗਤ ਅਤੇ ਨਵਰੋਜ਼ ਗੁਰਬਾਜ਼ ਐਂਟਰਟੇਨਮੈਂਟ ਦੇ ਸਹਿਯੋਗ ਨਾਲ ਕਰਵਾਏ ਇਸ ਵਿਸ਼ੇਸ਼ ਪ੍ਰਦਰਸ਼ਨ ਦੇ ਪ੍ਰਬੰਧਾਂ ਵਿੱਚ ਭੁਪਿੰਦਰ ਸਿੰਘ ਮੱਲ੍ਹੀ ਅਤੇ ਲਵਪ੍ਰੀਤ ਸੰਧੂ (ਲੱਕੀ) ਨੇ ਅਹਿਮ ਭੂਮਿਕਾ ਨਿਭਾਈ। ਸਮਾਗਮ ਦੇ ਆਰੰਭ ਵਿੱਚ ਲਵਪ੍ਰੀਤ ਸੰਧੂ ਲੱਕੀ ਨੇ ਹਾਜ਼ਰੀਨ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਦੀ ਆਮਦ ਲਈ ਧੰਨਵਾਦ ਕੀਤਾ।

ਦਸਤਾਵੇਜ਼ੀ ਫਿਲਮ ਦੇ ਪ੍ਰਦਰਸ਼ਨ ਉਪਰੰਤ ਭੁਪਿੰਦਰ ਸਿੰਘ ਮੱਲ੍ਹੀ ਨੇ ਹਾਜ਼ਰ ਦਰਸ਼ਕਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸੱਭਿਆਚਾਰਕ ਅਤੇ ਸਾਹਿਤਕ ਉਪਰਾਲੇ ਲੋਕਾਂ ਦੇ ਸਹਿਯੋਗ ਅਤੇ ਉਤਸ਼ਾਹ ਨਾਲ ਹੀ ਸਫਲ ਹੁੰਦੇ ਹਨ। ਉਨ੍ਹਾਂ ਕਿਹਾ ਕਿ ਕਿਸੇ ਮਹਾਨ ਸ਼ਖ਼ਸੀਅਤ ਦੇ ਜੀਵਨ ਅਤੇ ਯੋਗਦਾਨ ਨੂੰ ਦਸਤਾਵੇਜ਼ੀ ਰੂਪ ਦੇਣਾ ਇੱਕ ਵੱਡੀ ਜ਼ਿੰਮੇਵਾਰੀ ਵਾਲਾ ਕੰਮ ਹੈ। ਇਸ ਲਈ ਕਾਫ਼ੀ ਖੋਜ, ਮਿਹਨਤ, ਸਮਾਂ ਅਤੇ ਸਮਰਪਣ ਦੀ ਲੋੜ ਹੁੰਦੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਇਸ ਲੜੀ ਨੂੰ ਅੱਗੇ ਵੀ ਜਾਰੀ ਰੱਖਣ ਦਾ ਯਤਨ ਕੀਤਾ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਪੰਜਾਬੀ ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ, ਵਿਧਾਤਾ ਸਿੰਘ ਤੀਰ ਅਤੇ ਬਾਵਾ ਬਲਵੰਤ ਬਾਰੇ ਵੀ ਅਜਿਹੀਆਂ ਦਸਤਾਵੇਜ਼ੀ ਫਿਲਮਾਂ ਤਿਆਰ ਕਰਨ ਦੀ ਯੋਜਨਾ ਹੈ ਤਾਂ ਜੋ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀ ਅਨਮੋਲ ਵਿਰਾਸਤ ਨੂੰ ਦਸਤਾਵੇਜ਼ੀ ਰੂਪ ਵਿੱਚ ਸੰਭਾਲ ਕੇ ਦੁਨੀਆ ਭਰ ਦੇ ਪੰਜਾਬੀ ਪ੍ਰੇਮੀਆਂ ਤੱਕ ਪਹੁੰਚਾਇਆ ਜਾ ਸਕੇ।

ਇਸ ਮੌਕੇ ਹਾਜ਼ਰ ਦਰਸ਼ਕਾਂ ਨੇ ਦਸਤਾਵੇਜ਼ੀ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਦਰਸ਼ਕਾਂ ਦਾ ਮੰਨਣਾ ਸੀ ਕਿ ਬਲਰਾਜ ਸਾਹਨੀ ਵਰਗੀਆਂ ਬਹੁਪੱਖੀ ਸ਼ਖ਼ਸੀਅਤਾਂ ਦੇ ਜੀਵਨ ਅਤੇ ਯੋਗਦਾਨ ਨੂੰ ਅਜਿਹੇ ਦਸਤਾਵੇਜ਼ੀ ਯਤਨਾਂ ਰਾਹੀਂ ਸਾਹਮਣੇ ਲਿਆਉਣਾ ਸਮੇਂ ਦੀ ਅਹਿਮ ਲੋੜ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਮਾਗਮ ਬਲਰਾਜ ਸਾਹਨੀ ਨੂੰ ਯਾਦ ਕਰਨ ਦੇ ਨਾਲ-ਨਾਲ ਪੰਜਾਬੀ ਸਾਹਿਤ, ਕਲਾ ਅਤੇ ਸਿਨੇਮਾ ਦੀ ਵਿਰਾਸਤ ਨੂੰ ਸੰਭਾਲਣ ਅਤੇ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੇ ਸੰਕਲਪ ਨੂੰ ਹੋਰ ਮਜ਼ਬੂਤ ਕਰਦਾ ਹੈ।

ਟਰੰਪ-ਸ਼ੀ ਜਿਨਪਿੰਗ-ਪੁਤਿਨ ਦੀ ਤਿਕੋਣੀ ਮੀਟਿੰਗ 'ਚ

ਇੱਕ ਹੋਰ ਧਿਆਨ ਦੇਣ ਵਾਲੀ ਗੱਲ ਇਹ ਰਹੀ ਕਿ ਕਈ ਮੌਕਿਆਂ 'ਤੇ ਸ਼ੀ ਜਿਨਪਿੰਗ ਦਾ ਪੁਤਿਨ ਪ੍ਰਤੀ ਰਵੱਈਆ ਕੁਝ ਵੱਖਰਾ ਨਜ਼ਰ ਆਇਆ। ਅਜਿਹਾ ਲੱਗਿਆ ਜਿਵੇਂ ਉਹ ਇਹ ਸੰਕੇਤ ਦੇ ਰਹੇ ਹੋਣ ਕਿ ਹੁਣ ਇਸ ਸਿਆਸੀ ਸਮੀਕਰਨ ਵਿੱਚ ਚੀਨ ਦੀ ਹੈਸੀਅਤ ਰੂਸ ਨਾਲੋਂ ਵਧੇਰੇ ਮਜ਼ਬੂਤ ਹੈ ਅਤੇ ਸ਼ੀ ਜਿਨਪਿੰਗ ਖ਼ੁਦ ਨੂੰ ਇਸ ਸਮੀਕਰਨ ਵਿੱਚ ਪ੍ਰਮੁੱਖ ਆਗੂ ਵਜੋਂ ਪੇਸ਼ ਕਰ ਰਹੇ ਹਨ।

ਇੱਥੋਂ ਤੱਕ ਕਿ ਪੁਤਿਨ ਦੇ ਸਵਾਗਤ ਲਈ ਵੀ ਉਨ੍ਹਾਂ ਨੇ ਆਪਣੇ ਮੰਤਰੀ ਮੰਡਲ ਦੇ ਸਭ ਤੋਂ ਲੰਬੇ ਕੱਦ ਵਾਲੇ ਅਧਿਕਾਰੀ ਨੂੰ ਭੇਜਿਆ ਤਾਂ ਕਿ ਪੁਤਿਨ ਛੋਟਾ ਲੱਗੇ।

ਦੂਜੇ ਪਾਸੇ ਟਰੰਪ ਨੂੰ ਲੈਣ ਸ਼ੀ ਖੁਦ ਗਏ ਤੇ ਜੱਫੀ ਵੀ ਪਾਈ। ਜਦੋਂ ਚੀਨ ਵਿੱਚ ਇਹ ਦੁਨੀਆ ਦੀ ਵਿਲੱਖਣ ਮੁਲਾਕਾਤ ਚੱਲ ਰਹੀ ਸੀ ਤਾਂ ਦੂਜੇ ਪਾਸੇ ਅਮਰੀਕਾ ਦੀ ਸਟਾਕ ਮਾਰਕੀਟ ਵਿੱਚ ਭੂਚਾਲ ਆ ਗਿਆ। ਏਐਮਡੀ ਦੇ ਸ਼ੇਅਰ ਅਚਾਨਕ 13% ਤੋਂ ਵੱਧ ਡਿਗ ਪਏ, ਜਦੋਂ ਖਬਰ ਆਈ ਕਿ ਇਹ ਚਿਪ ਚੀਨ ਨੂੰ ਗੈਰ-ਕਨੂੰਨੀ ਤੌਰ 'ਤੇ ਭੇਜ ਰਹੇ ਹਨ। ਇਸੇ ਨਾਲ ਹੀ ਹਰੇ ਚੱਲ ਰਹੇ ਸਪਾਈ ਤੇ ਨੈਸਡੈਕ ਇੰਡੈਕਸ ਸੁਰਖ ਲਾਲ ਹੋ ਗਏ।

ਨਵੀਡੀਆ ਵਿੱਚ ਗਿਰਾਵਟ ਵੀ ਅਜਿਹੀਆਂ ਖਬਰਾਂ (ਚਿਪ ਚੀਨ ਭੇਜੇ ਗਏ) ਅਤੇ ਬਾਅਦ 'ਚ ਸੀਈਓ ਜੈਨਸਨ ਹੁਆਂਗ ਦੇ ਸਕੈਂਡਲ ਨੇ ਲਿਆਂਦੀ ਸੀ। ਨਵੀਡੀਆ ਵਾਂਗ ਏਐਮਡੀ ਦੀ ਸੀਈਓ ਵੀ ਇੱਕ ਚੀਨੀ ਮੂਲ ਦੀ ਔਰਤ ਲੀਸਾ ਸੂ ਹੈ।

***

2032 ਤੱਕ ਬੰਦ ਹੋਵੇਗੀ ਨਿਊਯਾਰਕ ਦੀ

ਅਤੇ ਇੱਥੇ ਪਹਿਲੀ ਜੇਲ੍ਹ ਸਾਲ 1932 ਵਿੱਚ ਖੋਲ੍ਹੀ ਗਈ ਸੀ। ਯਾਨੀ 2032 ਵਿੱਚ ਇਸ ਜੇਲ੍ਹ ਦੇ 100 ਸਾਲ ਪੂਰੇ ਹੋਣ 'ਤੇ ਇਸ ਨੂੰ ਬੰਦ ਕੀਤਾ ਜਾਵੇਗਾ। ਸਮੇਂ ਦੇ ਨਾਲ-ਨਾਲ ਇੱਥੇ ਸਿਹਤ ਸਹੂਲਤਾਂ ਦੀ ਕਮੀ ਅਤੇ ਅਪਰਾਧ ਵਧਦੇ ਗਏ, ਜਿਸ ਕਾਰਨ ਇਹ ਜੇਲ੍ਹ ਪੂਰੀ ਦੁਨੀਆ ਵਿੱਚ ਬਦਨਾਮ ਹੋ ਗਈ।

ਇਸ ਜੇਲ੍ਹ ਦੇ ਅੰਕੜੇ ਬੇਹੱਦ ਚਿੰਤਾਜਨਕ ਹਨ। ਰਿਪੋਰਟਾਂ ਮੁਤਾਬਕ ਰਾਈਕਰਜ਼ ਜੇਲ੍ਹ ਦੇ 60 ਫੀਸਦੀ ਤੋਂ ਵੱਧ ਕੈਦੀ ਮਾਨਸਿਕ ਸਿਹਤ ਸੇਵਾਵਾਂ ਲੈ ਰਹੇ ਹਨ, ਜਿਨ੍ਹਾਂ ਵਿੱਚੋਂ ਇੱਕ-ਚੌਥਾਈ ਕੈਦੀ ਗੰਭੀਰ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ। ਇਸ ਤੋਂ ਇਲਾਵਾ ਇੱਥੇ ਬੰਦ ਲਗਭਗ ਇੱਕ-ਤਿਹਾਈ ਲੋਕ ਬੇਘਰ ਹਨ, ਜਿਨ੍ਹਾਂ ਕੋਲ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਰਹਿਣ ਲਈ ਕੋਈ ਟਿਕਾਣਾ ਨਹੀਂ ਹੈ।

ਜੇਲ੍ਹ ਬੰਦ ਹੋਣ ਤੋਂ ਬਾਅਦ ਕੀ ਬਣੇਗਾ ਇਸ ਟਾਪੂ 'ਤੇ:

ਸਾਲ 2032 ਵਿੱਚ ਜੇਲ੍ਹ ਬੰਦ ਹੋਣ ਤੋਂ ਬਾਅਦ ਨਿਊਯਾਰਕ ਪ੍ਰਸ਼ਾਸਨ ਇਸ 413 ਏਕੜ ਦੇ ਟਾਪੂ ਦੀ ਨੁਹਾਰ ਪੂਰੀ ਤਰ੍ਹਾਂ ਬਦਲਣ ਦੀ ਤਿਆਰੀ ਵਿੱਚ ਹੈ। ਯੋਜਨਾ ਮੁਤਾਬਕ ਇੱਥੋਂ ਜੇਲ੍ਹ ਦੀਆਂ ਕੋਠੜੀਆਂ ਅਤੇ ਕੰਡਿਆਲੀਆਂ ਤਾਰਾਂ ਨੂੰ ਹਟਾ ਕੇ ਇਸ ਥਾਂ 'ਤੇ ਨਵਿਆਉਣਯੋਗ ਊਰਜਾ, ਵਾਤਾਵਰਣ ਅਨੁਕੂਲ ਪ੍ਰੋਜੈਕਟ ਅਤੇ ਟਿਕਾਊ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾਵੇਗਾ, ਜੋ ਸ਼ਹਿਰ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਵੇਗਾ।

ਮੇਅਰ ਮਮਦਾਨੀ ਦੇ ਇਸ ਫੈਸਲੇ ਨੂੰ ਨਿਊਯਾਰਕ ਦੇ ਇਤਿਹਾਸ ਵਿੱਚ ਇੱਕ ਵੱਡੇ ਸੁਧਾਰ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਦਾ ਮੁੱਖ ਮਕਸਦ ਅਪਰਾਧੀਆਂ ਨੂੰ ਸਜ਼ਾ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਮੁੜ ਵਸੇਬੇ ਅਤੇ ਮਾਨਸਿਕ ਸਿਹਤ ਵੱਲ ਧਿਆਨ ਦੇਣਾ ਹੈ।

***

ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ

ਕਿਹਾ ਕਿ ਉਹ ਕਿਸੇ ਵੀ ਧਮਕੀ ਤੋਂ ਡਰਨ ਵਾਲਾ ਨਹੀਂ ਹੈ ਅਤੇ ਆਪਣੀ ਮੁਹਿੰਮ ਜਾਰੀ ਰੱਖੇਗਾ।

ਹਰਦੀਪ ਸਿੰਘ ਨਿੱਝਰ ਕਤਲ ਕਾਂਡ ਨਾਲ ਜੁੜੀਆਂ ਤਾਰਾਂ

ਅਮਰੀਕੀ ਨਿਆਂ ਵਿਭਾਗ ਦੇ ਦਸਤਾਵੇਜ਼ਾਂ ਨੇ ਇਸ ਮਾਮਲੇ ਨੂੰ ਕੈਨੇਡਾ ਵਿੱਚ ਹੋਏ ਹਰਦੀਪ ਸਿੰਘ ਨਿੱਝਰ ਕਤਲ ਕਾਂਡ ਨਾਲ ਵੀ ਜੋੜਿਆ ਹੈ। ਦਸਤਾਵੇਜ਼ਾਂ ਅਨੁਸਾਰ, ਗੁਪਤਾ ਨੇ ਅੰਡਰਕਵਰ ਅਧਿਕਾਰੀ ਨੂੰ ਕਿਹਾ ਸੀ ਕਿ ਜੂਨ 2023 ਵਿੱਚ ਭਾਰਤੀ ਪ੍ਰਧਾਨ ਮੰਤਰੀ ਦੇ ਅਮਰੀਕਾ ਦੇ ਸਰਕਾਰੀ ਦੌਰੇ ਦੌਰਾਨ ਕਤਲ ਨਾ ਕੀਤਾ ਜਾਵੇ। ਪਰ 18 ਜੂਨ 2023 ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿੱਚ ਗੁਰਦੁਆਰਾ ਸਾਹਿਬ ਦੇ ਬਾਹਰ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਅਗਲੇ ਹੀ ਦਿਨ 19 ਜੂਨ ਨੂੰ ਗੁਪਤਾ ਨੇ ਅੰਡਰਕਵਰ ਅਧਿਕਾਰੀ ਨੂੰ ਸੁਨੇਹਾ ਭੇਜਿਆ ਕਿ 'ਨਿੱਝਰ ਵੀ ਨਿਸ਼ਾਨੇ 'ਤੇ ਸੀ' ਅਤੇ 'ਸਾਡੇ ਕੋਲ ਹੋਰ ਵੀ ਬਹੁਤ ਸਾਰੇ ਨਿਸ਼ਾਨੇ ਹਨ'—ਇਸ ਲਈ ਹੁਣ ਹੋਰ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ। ਇਸ ਖੁਲਾਸੇ ਨੇ ਕੈਨੇਡਾ ਵੱਲੋਂ ਭਾਰਤ 'ਤੇ ਲਗਾਏ ਗਏ ਦੋਸ਼ਾਂ ਨੂੰ ਵੀ ਅੰਤਰਰਾਸ਼ਟਰੀ ਪੱਧਰ 'ਤੇ ਮੁੜ ਚਰਚਾ ਵਿੱਚ ਲਿਆਂਦਾ ਹੈ।

ਇਹ ਕੇਸ ਕਿੱਥੋਂ ਤੱਕ ਜਾਵੇਗਾ ?

ਨਿਖਿਲ ਗੁਪਤਾ ਨੂੰ ਸਜ਼ਾ ਹੋਣ ਦੇ ਬਾਵਜੂਦ ਇਹ ਮਾਮਲਾ ਅਜੇ ਖ਼ਤਮ ਨਹੀਂ ਹੋਇਆ, ਕਿਉਂਕਿ ਅਮਰੀਕੀ ਚਾਰਜਸ਼ੀਟ ਵਿੱਚ ਮੁੱਖ ਮੁਲਜ਼ਮ ਵਜੋਂ ਨਾਮਜ਼ਦ ਸਾਬਕਾ ਭਾਰਤੀ ਅਧਿਕਾਰੀ ਵਿਕਾਸ ਯਾਦਵ ਅਜੇ ਅਮਰੀਕੀ ਹਿਰਾਸਤ ਤੋਂ ਬਾਹਰ ਹੈ। ਹੁਣ ਅਮਰੀਕਾ ਵੱਲੋਂ ਯਾਦਵ ਦੀ ਹਵਾਲਗੀ ਅਤੇ ਭਾਰਤ ਦੀ ਉੱਚ-ਪੱਧਰੀ ਜਾਂਚ ਕਮੇਟੀ ਦੀ ਠੋਸ ਕਾਰਵਾਈ ਲਈ ਕੂਟਨੀਤਕ ਦਬਾਅ ਵਧਾਇਆ ਜਾਵੇਗਾ। ਇਸ ਤੋਂ ਇਲਾਵਾ, ਗੁਪਤਾ ਵੱਲੋਂ ਦੋਸ਼ ਕਬੂਲਣ ਮਗਰੋਂ ਜਾਂਚ ਏਜੰਸੀਆਂ ਨੂੰ ਦਿੱਤੀ ਜਾਣਕਾਰੀ ਅਤੇ ਐਫ਼ਬੀਆਈ ਦੀ ਜਾਰੀ ਜਾਂਚ ਕਾਰਨ ਭਵਿੱਖ ਵਿੱਚ ਇਸ ਸਾਜ਼ਿਸ਼ ਨਾਲ ਜੁੜੇ ਹੋਰ ਉੱਚ ਅਧਿਕਾਰੀਆਂ ਦੇ ਨਾਮ ਵੀ ਸਾਹਮਣੇ ਆ ਸਕਦੇ ਹਨ। ਇਸ ਫ਼ੈਸਲੇ ਨੇ ਭਾਰਤ-ਅਮਰੀਕਾ ਦੇ ਰਣਨੀਤਕ ਤੇ ਵਪਾਰਕ ਸਬੰਧਾਂ ਦੇ ਨਾਲ-ਨਾਲ ਕਾਨੂੰਨੀ ਜਵਾਬਦੇਹੀ ਦੀ ਨਵੀਂ ਪ੍ਰੀਖਿਆ ਸ਼ੁਰੂ ਕਰ ਦਿੱਤੀ ਹੈ।

ਅਜੀਤ ਡੋਭਾਲ ਅਤੇ ਸਾਮੰਤ ਗੋਇਲ ਖ਼ਿਲਾਫ਼

ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਸੁਰੱਖਿਆ ਕਾਰਨਾਂ ਕਰਕੇ ਅਜਿਹਾ ਸੰਭਵ ਨਹੀਂ ਹੋ ਸਕਿਆ ਸੀ।

ਭਾਰਤ ਸਰਕਾਰ ਦਾ ਸਖ਼ਤ ਰੁਖ਼

ਭਾਰਤ ਨੇ ਅਮਰੀਕੀ ਅਦਾਲਤ ਦੇ ਇਸ ਕਦਮ ਦਾ ਤਿੱਖਾ ਵਿਰੋਧ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਸਪੱਸ਼ਟ ਕੀਤਾ ਕਿ ਭਾਰਤ ਆਪਣੇ ਸੀਨੀਅਰ ਅਧਿਕਾਰੀਆਂ 'ਤੇ ਲਗਾਏ ਗਏ ਇਨ੍ਹਾਂ ਝੂਠੇ ਇਲਜ਼ਾਮਾਂ ਅਤੇ ਮੁਕੱਦਮਿਆਂ ਨੂੰ ਸਿਰੇ ਤੋਂ ਖਾਰਜ ਕਰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਵਿੱਚ ਕਿਸੇ ਵੀ ਵਿਦੇਸ਼ੀ ਅਦਾਲਤ ਦੇ ਦਸਤਾਵੇਜ਼ਾਂ ਦੀ ਤਾਮੀਲ ਸਿਰਫ਼ ਭਾਰਤ ਦੀ ਨਿਰਧਾਰਤ ਕੇਂਦਰੀ ਅਥਾਰਟੀ, ਭਾਵ ਕਾਨੂੰਨ ਅਤੇ ਨਿਆਂ ਮੰਤਰਾਲੇ ਰਾਹੀਂ ਹੀ ਕੀਤੀ ਜਾ ਸਕਦੀ ਹੈ, ਨਾ ਕਿ ਸਿੱਧੇ ਤੌਰ 'ਤੇ।

ਕੀ ਹੈ ਪੂਰਾ ਮਾਮਲਾ ?

ਅਮਰੀਕਾ ਵਿੱਚ ਰਹਿਣ ਵਾਲਾ ਗੁਰਪਤਵੰਤ ਸਿੰਘ ਪੰਨੂ ਭਾਰਤ ਵਿੱਚ ਪਾਬੰਦੀਸ਼ੁਦਾ ਸੰਗਠਨ 'ਸਿੱਖਸ ਫਾਰ ਜਸਟਿਸ' ਦਾ ਕਾਨੂੰਨੀ ਸਲਾਹਕਾਰ ਹੈ ਅਤੇ ਅੱਤਵਾਦ ਨਾਲ ਸਬੰਧਿਤ ਕਈ ਮਾਮਲਿਆਂ ਵਿੱਚ ਭਾਰਤੀ ਏਜੰਸੀਆਂ ਨੂੰ ਲੋੜੀਂਦਾ ਹੈ। ਪੰਨੂ ਨੇ ਸਤੰਬਰ 2024 ਵਿੱਚ ਨਿਊਯਾਰਕ ਦੀ ਅਦਾਲਤ ਵਿੱਚ ਇਹ ਸਿਵਲ ਮੁਕੱਦਮਾ ਦਾਇਰ ਕਰਕੇ ਇਲਜ਼ਾਮ ਲਾਇਆ ਸੀ ਕਿ 2023 ਵਿੱਚ ਅਮਰੀਕਾ ਵਿੱਚ ਉਸ ਦੇ ਕਤਲ ਦੀ ਸਾਜ਼ਿਸ਼ ਰਚੀ ਗਈ ਸੀ। ਉਸ ਨੇ ਇਸ ਕਥਿਤ ਸਾਜ਼ਿਸ਼ ਲਈ ਭਾਰਤ ਸਰਕਾਰ, ਅਜੀਤ ਡੋਭਾਲ, ਸਾਮੰਤ ਗੋਇਲ, ਸਾਬਕਾ ਭਾਰਤੀ ਅਧਿਕਾਰੀ ਵਿਕਾਸ ਯਾਦਵ ਅਤੇ ਨਿਖਿਲ ਗੁਪਤਾ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਹਰਜਾਨੇ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਇਸੇ ਮਾਮਲੇ ਨਾਲ ਜੁੜੇ ਇੱਕ ਵੱਖਰੇ ਅਪਰਾਧਿਕ ਕੇਸ ਵਿੱਚ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੇ ਫਰਵਰੀ 2026 ਵਿੱਚ ਅਮਰੀਕੀ ਅਦਾਲਤ ਸਾਹਮਣੇ ਆਪਣਾ ਜੁਰਮ ਕਬੂਲ ਕਰ ਲਿਆ ਸੀ।

ਕੂਟਨੀਤਕ ਅਤੇ ਕਾਨੂੰਨੀ ਅਸਰ

ਕਾਨੂੰਨੀ ਮਾਹਿਰਾਂ ਅਨੁਸਾਰ, ਸੰਮਨ ਜਾਰੀ ਹੋਣ ਦਾ ਮਤਲਬ ਕਿਸੇ ਨੂੰ ਦੋਸ਼ੀ ਠਹਿਰਾਉਣਾ ਨਹੀਂ ਹੈ, ਸਗੋਂ ਇਹ ਮੁਕੱਦਮੇ ਦੀ ਮੁੱਢਲੀ ਪ੍ਰਕਿਰਿਆ ਦਾ ਹਿੱਸਾ ਹੈ। ਹਾਲਾਂਕਿ, ਭਾਰਤ ਸਰਕਾਰ ਦੇ ਸਖ਼ਤ ਇਤਰਾਜ਼ ਅਤੇ ਅਮਰੀਕੀ ਅਦਾਲਤ ਦੀ ਇਸ ਕਾਰਵਾਈ ਨੇ ਦੋਵਾਂ ਦੇਸ਼ਾਂ ਦਰਮਿਆਨ ਕਾਨੂੰਨੀ ਅਤੇ ਕੂਟਨੀਤਕ ਸੰਵੇਦਨਸ਼ੀਲਤਾ ਨੂੰ ਵਧਾ ਦਿੱਤਾ ਹੈ। ਹੁਣ ਸਾਰਿਆਂ ਦੀਆਂ ਨਜ਼ਰਾਂ ਦਿੱਲੀ ਦੀਆਂ ਤਿੰਨੋਂ ਅਦਾਲਤਾਂ ਦੇ ਅਗਲੇ ਕਦਮ 'ਤੇ ਟਿਕੀਆਂ ਹੋਈਆਂ ਹਨ।

***

2027 ਚੋਣਾਂ ਲਈ ਨਵਾਂ ਮੋਰਚਾ ਵਾਰਿਸ ਪੰਜਾਬ

ਪੰਜਾਬ ਦੀ ਸਿਆਸਤ 'ਤੇ ਕੀ ਪਵੇਗਾ ਪ੍ਰਭਾਵ ?

ਸਿਆਸੀ ਮਾਹਿਰਾਂ ਅਤੇ ਨਿਰੀਖਕਾਂ ਅਨੁਸਾਰ, ਜੇਕਰ ਇਹ ਗੱਠਜੋੜ ਸਿਰੇ ਚੜ੍ਹਦਾ ਹੈ ਤਾਂ ਇਹ ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ—ਆਮ ਆਦਮੀ ਪਾਰਟੀ (ਆਪ), ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ—ਲਈ ਵੱਡੀ ਚੁਣੌਤੀ ਖੜ੍ਹੀ ਕਰ ਸਕਦਾ ਹੈ। ਪੰਜਾਬ ਦੀ ਸਿਆਸਤ ਵਿੱਚ ਦਲਿਤ ਭਾਈਚਾਰੇ ਦੀ ਆਬਾਦੀ ਲਗਪਗ 32 ਫ਼ੀਸਦੀ ਹੈ, ਜਿਸ ਦਾ ਵੱਡਾ ਹਿੱਸਾ ਦੁਆਬਾ ਅਤੇ ਮਾਲਵਾ ਖੇਤਰ ਵਿੱਚ ਵੱਸਦਾ ਹੈ। ਦੂਜੇ ਪਾਸੇ, ਅੰਮ੍ਰਿਤਪਾਲ ਸਿੰਘ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਸੀਟ ਤੋਂ 4.04 ਲੱਖ ਵੋਟਾਂ ਲੈ ਕੇ ਅਤੇ 1.97 ਲੱਖ ਵੋਟਾਂ ਦੇ ਵੱਡੇ ਫ਼ਰਕ ਨਾਲ ਜਿੱਤ ਦਰਜ ਕਰਕੇ ਆਪਣੀ ਸਿਆਸੀ ਤਾਕਤ ਦਾ ਸਬੂਤ ਦਿੱਤਾ ਸੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਪੰਥਕ ਵੋਟ (ਵਾਰਿਸ ਪੰਜਾਬ ਦੇ ਅਤੇ ਅਕਾਲੀ ਦਲ ਪੁਨਰ ਸੁਰਜੀਤ) ਅਤੇ ਬਸਪਾ ਦਾ ਰਵਾਇਤੀ ਦਲਿਤ ਵੋਟ ਬੈਂਕ ਇੱਕ ਮੰਚ 'ਤੇ ਇਕੱਠਾ ਹੁੰਦਾ ਹੈ, ਤਾਂ ਇਹ ਸੂਬੇ ਦੀਆਂ ਕਈ ਰਾਖਵੀਆਂ ਅਤੇ ਜਨਰਲ ਸੀਟਾਂ 'ਤੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਅਕਾਲੀ ਦਲ (ਪੁਨਰ ਸੁਰਜੀਤ) ਪਹਿਲਾਂ ਹੀ ਪੰਥਕ ਮੁੱਦਿਆਂ ਅਤੇ ਕਿਸਾਨ ਜਥੇਬੰਦੀਆਂ ਨਾਲ ਮਿਲ ਕੇ 'ਸਾਂਝਾ ਪੰਜਾਬ ਮੋਰਚਾ' ਬਣਾਉਣ ਵਿੱਚ ਸਰਗਰਮ ਰਿਹਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਮਿਲ ਕੇ ਚੋਣ ਲੜੀ ਸੀ। ਹੁਣ ਬਸਪਾ ਦਾ ਬਾਦਲ ਦਲ ਤੋਂ ਵੱਖ ਹੋ ਕੇ 'ਵਾਰਿਸ ਪੰਜਾਬ ਦੇ' ਅਤੇ 'ਪੁਨਰ ਸੁਰਜੀਤ' ਧੜੇ ਨਾਲ ਹੱਥ ਮਿਲਾਉਣਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਰਵਾਇਤੀ ਵੋਟ ਆਧਾਰ ਨੂੰ ਹੋਰ ਖੋਰਾ ਲਾ ਸਕਦਾ ਹੈ।

2022 ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਪਿੱਛੇ ਦਲਿਤ ਅਤੇ ਪੇਂਡੂ ਵੋਟਰਾਂ ਦਾ ਵੱਡਾ ਸਮਰਥਨ ਸੀ। ਇਸੇ ਤਰ੍ਹਾਂ ਕਾਂਗਰਸ ਵੀ ਦੁਆਬਾ ਖੇਤਰ ਵਿੱਚ ਦਲਿਤ ਵੋਟ ਬੈਂਕ 'ਤੇ ਨਿਰਭਰ ਕਰਦੀ ਹੈ। ਇਸ ਨਵੇਂ ਤਿਕੋਣੇ ਗੱਠਜੋੜ ਦੇ ਹੋਂਦ ਵਿੱਚ ਆਉਣ ਨਾਲ ਇਨ੍ਹਾਂ ਦੋਵਾਂ ਪਾਰਟੀਆਂ ਦੇ ਵੋਟ ਬੈਂਕ ਵਿੱਚ ਸੰਨ੍ਹ ਲੱਗਣ ਦਾ ਖ਼ਤਰਾ ਬਣ ਸਕਦਾ ਹੈ, ਜਿਸ ਨਾਲ ਕਈ ਹਲਕਿਆਂ ਵਿੱਚ ਚੋਣ ਮੁਕਾਬਲਾ ਬਹੁ-ਕੋਣਾ ਹੋ ਜਾਵੇਗਾ।

ਕੀ ਕਹਿੰਦੇ ਹਨ ਸਿਆਸੀ ਮਾਹਿਰ ?

ਸਿਆਸੀ ਨਿਰੀਖਕਾਂ ਦਾ ਕਹਿਣਾ ਹੈ ਕਿ ਜੇਲ੍ਹ ਵਿੱਚ ਹੋਣ ਦੇ ਬਾਵਜੂਦ ਅੰਮ੍ਰਿਤਪਾਲ ਸਿੰਘ ਦਾ ਸਿਆਸੀ ਪ੍ਰਭਾਵ ਘਟਿਆ ਨਹੀਂ ਹੈ ਅਤੇ ਪੰਜਾਬ ਵਿੱਚ ਉਨ੍ਹਾਂ ਦੀ ਥੋੜ੍ਹੇ ਸਮੇਂ ਦੀ ਫੇਰੀ ਨੇ ਸਮਰਥਕਾਂ ਵਿੱਚ ਭਾਵਨਾਤਮਕ ਉਤਸ਼ਾਹ ਭਰਿਆ ਹੈ। ਪੰਥਕ ਸਿਆਸਤ ਅਤੇ ਬਹੁਜਨ ਸਮਾਜ ਪਾਰਟੀ ਦੀ ਅੰਬੇਡਕਰਵਾਦੀ ਵਿਚਾਰਧਾਰਾ ਵਿਚਾਲੇ ਤਾਲਮੇਲ ਬਿਠਾਉਣਾ ਇਸ ਗੱਠਜੋੜ ਦੀ ਸਫ਼ਲਤਾ ਲਈ ਅਹਿਮ ਹੋਵੇਗਾ। ਜ਼ਮੀਨੀ ਪੱਧਰ 'ਤੇ ਦੋਵਾਂ ਧਿਰਾਂ ਦੇ ਵਰਕਰਾਂ ਦਾ ਵੋਟ ਟ੍ਰਾਂਸਫਰ ਕਿੰਨਾ ਕੁ ਹੁੰਦਾ ਹੈ ? ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਵਾਰਿਸ ਪੰਜਾਬ ਦੇ ਸੀਨੀਅਰ ਲੀਡਰ ਮਨਪ੍ਰੀਤ ਸਿੰਘ ਇਯਾਲੀ ਨੇ ਖੁਦ ਸਵੀਕਾਰ ਕੀਤਾ ਹੈ ਕਿ ਸੀਟਾਂ ਦੀ ਵੰਡ ਅਜੇ ਵੀ ਇੱਕ ਅਹਿਮ ਮੁੱਦਾ ਹੈ, ਜਿਸ 'ਤੇ ਸਹਿਮਤੀ ਬਣਨੀ ਬਾਕੀ ਹੈ। ਤਿੰਨ ਧਿਰਾਂ ਹੋਣ ਕਾਰਨ ਹਰ ਪਾਰਟੀ ਵੱਧ ਤੋਂ ਵੱਧ ਸੀਟਾਂ 'ਤੇ ਚੋਣ ਲੜਨ ਦੀ ਇੱਛਾ ਰੱਖਦੀ ਹੈ। ਜਨਵਰੀ 2025 ਵਿੱਚ ਗਠਿਤ ਕੀਤੀ ਗਈ 'ਵਾਰਿਸ ਪੰਜਾਬ ਦੇ' ਸਿਆਸੀ ਜਥੇਬੰਦੀ ਦੀ ਭਾਰਤੀ ਚੋਣ ਕਮਿਸ਼ਨ ਕੋਲ ਰਜਿਸਟ੍ਰੇਸ਼ਨ ਦੀ ਅਰਜ਼ੀ ਅਜੇ ਲਟਕ ਰਹੀ ਹੈ। ਤਕਨੀਕੀ ਤੌਰ 'ਤੇ ਚੋਣ ਨਿਸ਼ਾਨ ਅਤੇ ਰਜਿਸਟ੍ਰੇਸ਼ਨ ਦਾ ਮਸਲਾ ਹੱਲ ਹੋਣਾ ਵੀ ਜ਼ਰੂਰੀ ਹੈ।

ਪੰਜਾਬ ਦੀ ਸਿਆਸਤ ਇਸ ਵੇਲੇ ਇੱਕ ਵੱਡੇ ਬਦਲਾਅ ਦੇ ਦੌਰ ਵਿੱਚੋਂ ਲੰਘ ਰਹੀ ਹੈ। ਜੇਕਰ 'ਵਾਰਿਸ ਪੰਜਾਬ ਦੇ', ਅਕਾਲੀ ਦਲ (ਪੁਨਰ ਸੁਰਜੀਤ) ਅਤੇ ਬਸਪਾ ਵਿਚਾਲੇ ਸੀਟਾਂ ਦੀ ਵੰਡ ਅਤੇ ਮਾਇਆਵਤੀ ਦੀ ਮਨਜ਼ੂਰੀ ਵਰਗੇ ਮਸਲੇ ਹੱਲ ਹੋ ਜਾਂਦੇ ਹਨ, ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਹ ਤੀਜਾ ਮੋਰਚਾ ਪੰਜਾਬ ਦੇ ਸਿਆਸੀ ਇਤਿਹਾਸ ਵਿੱਚ ਇੱਕ ਨਵਾਂ ਅਧਿਆਏ ਲਿਖ ਸਕਦਾ ਹੈ। ਹੁਣ ਸਭ ਦੀਆਂ ਨਜ਼ਰਾਂ 26 ਨਵੰਬਰ ਨੂੰ ਫਿਲੌਰ ਵਿਖੇ ਹੋਣ ਵਾਲੀ ਰੈਲੀ ਅਤੇ ਅਗਲੇ ਦੋ ਹਫ਼ਤਿਆਂ ਵਿੱਚ ਹੋਣ ਵਾਲੇ ਸਿਆਸੀ ਐਲਾਨਾਂ 'ਤੇ ਟਿਕੀਆਂ ਹੋਈਆਂ ਹਨ।

***

ਪਵਿੱਤਰ ਦਿਹਾੜੇ ਮੌਕੇ ਗ਼ੈਰਸਿਧਾਂਤਕ ਅਪਵਿੱਤਰ ਗਠਜੋੜ

ਕੰਵਰਪਾਲ ਸਿੰਘ ਨੇ ਕਿਹਾ, ' ਬਾਦਲਾਂ ਨੇ ਇੱਕ ਵਾਰ ਫਿਰ ਪੰਜਾਬ ਦੇ ਹਿੱਤ ਅਤੇ ਹੱਕ ਅਜਿਹੀ ਪਾਰਟੀ ਕੋਲ ਗਿਰਵੀ ਰੱਖ ਦਿੱਤੇ ਹਨ, ਜਿਸ ਦਾ ਕਿਰਦਾ

ਸਿੱਖ ਇਤਿਹਾਸ ਦਾ ਮਹਾਂ ਨਾਇਕ

ਅਤੇ ਵਿਸਤ੍ਰਿਤ ਜਾਣਕਾਰੀ ਦੇਣ ਵਾਲੀਆਂ ਲਿਖਤਾਂ ਬਹੁਤ ਘੱਟ ਮਿਲਦੀਆਂ ਹਨ। ਉਨ੍ਹਾਂ ਦੇ ਜੀਵਨ ਬਾਰੇ ਵਧੇਰੇ ਜਾਣਕਾਰੀ 1708 ਵਿੱਚ ਨੰਦੇੜ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ ਅਤੇ ਉਸ ਤੋਂ ਬਾਅਦ ਪੰਜਾਬ ਵਿੱਚ ਬਿਤਾਏ ਲਗਭਗ ਸੱਤ-ਅੱਠ ਸਾਲਾਂ ਨਾਲ ਸਬੰਧਿਤ ਹੈ। ਉਨ੍ਹਾਂ ਬਾਰੇ ਇਤਿਹਾਸਕ ਖੋਜ ਲਈ ਫ਼ਾਰਸੀ ਸਰੋਤਾਂ ਵਿੱਚ 'ਅਖ਼ਬਾਰ-ਏ-ਦਰਬਾਰ-ਏ-ਮੁਅੱਲਾ', ਮੁਹੰਮਦ ਕਾਸਿਮ ਦਾ 'ਇਬਰਤਨਾਮਾ', ਮਿਰਜ਼ਾ ਮੁਹੰਮਦ ਦਾ 'ਇਬਰਤਨਾਮਾ', ਹਾਜੀ ਕਾਮਵਰ ਖ਼ਾਨ ਦੀ 'ਤਜ਼ਕਿਰਾਤ-ਉਲ-ਸਲਾਤੀਨ ਚੁਗ਼ਤਾ' ਅਤੇ ਖ਼ਾਫ਼ੀ ਖ਼ਾਨ ਦੀ 'ਮੁਨਤਖ਼ਬ-ਉਲ-ਲੁਬਾਬ' ਵਰਗੀਆਂ ਰਚਨਾਵਾਂ ਹਨ। ਜਿਨ੍ਹਾਂ ਵਿੱਚ ਦਰਜ ਬਾਬਾ ਜੀ ਦੇ ਸੰਘਰਸ਼, ਗ੍ਰਿਫ਼ਤਾਰੀ ਅਤੇ ਸ਼ਹਾਦਤ ਨਾਲ ਸਬੰਧਿਤ ਵੇਰਵਿਆਂ ਨੂੰ ਲੇਖਕਾਂ ਦੇ ਸਮੇਂ, ਰਾਜਨੀਤਿਕ ਮਾਹੌਲ ਅਤੇ ਦ੍ਰਿਸ਼ਟੀਕੋਣ ਨੂੰ ਧਿਆਨ ਵਿੱਚ ਰੱਖ ਕੇ ਵਾਚਣ ਦੀ ਲੋੜ ਹੈ।

ਪੰਜਾਬੀ ਇਤਿਹਾਸਕ ਲਿਖਤਾਂ ਵਿੱਚ ਕੇਸਰ ਸਿੰਘ ਛਿੱਬਰ ਦੀ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਸ਼ੇਸ਼ ਮਹੱਤਵ ਰੱਖਦੀ ਹੈ, ਜੋ ਲਗਭਗ 1769 ਵਿੱਚ ਲਿਖੀ ਗਈ ਮੰਨੀ ਜਾਂਦੀ ਹੈ। ਇਸ ਤੋਂ ਇਲਾਵਾ ਢਾਡੀ ਨੱਥ ਮੱਲ ਦਾ ਫ਼ਾਰਸੀ 'ਅਮਰਨਾਮਾ' ਵੀ ਇੱਕ ਮਹੱਤਵਪੂਰਨ ਸਰੋਤ ਹੈ। ਕੋਇਰ ਸਿੰਘ ਦੀ 'ਗੁਰ ਬਿਲਾਸ ਪਾਤਸ਼ਾਹੀ ਦਸਵੀਂ', ਸਰੂਪ ਸਿੰਘ ਕੌਸ਼ਿਸ਼ ਦੀ 'ਗੁਰੂ ਕੀਆਂ ਸਾਖੀਆਂ', ਰਤਨ ਸਿੰਘ ਭੰਗੂ ਦੀ 'ਪ੍ਰਾਚੀਨ ਪੰਥ ਪ੍ਰਕਾਸ਼', ਕਵੀ ਸੰਤੋਖ ਸਿੰਘ ਦੀ 'ਸੂਰਜ ਪ੍ਰਕਾਸ਼ ਗ੍ਰੰਥ', ਗਿਆਨੀ ਗਿਆਨ ਸਿੰਘ ਦੀ 'ਸ੍ਰੀ ਗੁਰ ਪੰਥ ਪ੍ਰਕਾਸ਼' ਅਤੇ ਸਰੂਪ ਦਾਸ ਭੱਲਾ ਦੀ 'ਮਹਿਮਾ ਪ੍ਰਕਾਸ਼' ਵੀ ਸਿੱਖ ਇਤਿਹਾਸ ਦੀਆਂ ਚਰਚਾਵਾਂ ਵਿੱਚ ਹਵਾਲਿਆਂ ਵਜੋਂ ਵਰਤੀਆਂ ਜਾਂਦੀਆਂ ਹਨ। ਹਾਲਾਂਕਿ, ਇਨ੍ਹਾਂ ਰਚਨਾਵਾਂ ਦੇ ਲਿਖੇ ਜਾਣ ਦੇ ਸਮੇਂ, ਉਦੇਸ਼ ਅਤੇ ਆਪਸੀ ਸਰੋਤ-ਸਬੰਧਾਂ ਦੀ ਜਾਂਚ ਕਰਨੀ ਜ਼ਰੂਰੀ ਹੈ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਬਾਰੇ ਪੁਰਾਣੀਆਂ ਲਿਖਤਾਂ ਅਤੇ ਬਾਅਦ ਦੇ ਬਿਰਤਾਂਤਾਂ ਵਿੱਚ ਵੱਖ-ਵੱਖ ਧਾਰਨਾਵਾਂ ਮਿਲਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਦੇ ਸਬੰਧਾਂ, ਰਹਿਤ-ਮਰਿਆਦਾ ਅਤੇ ਜੀਵਨ ਦੀਆਂ ਕੁਝ ਘਟਨਾਵਾਂ ਬਾਰੇ ਵੀ ਮਤਭੇਦ ਹਨ। ਕੁਝ ਲਿਖਤਾਂ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਹੁਕਮਾਂ ਤੋਂ ਵੱਖ ਹੋਇਆ ਦਰਸਾਉਂਦੀਆਂ ਹਨ, ਜਦਕਿ ਹੋਰ ਬਿਰਤਾਂਤ ਉਨ੍ਹਾਂ ਦੀ ਗੁਰੂ-ਨਿਸ਼ਠਾ ਅਤੇ ਕੁਰਬਾਨੀ ਨੂੰ ਉਭਾਰਦੇ ਹਨ।

ਇਨ੍ਹਾਂ ਮਤਭੇਦਾਂ ਦੇ ਨਿਰਪੱਖ ਮੁਲਾਂਕਣ ਲਈ ਡਾ. ਸੁਖਦਿਆਲ ਸਿੰਘ ਦੀ ਪੁਸਤਕ 'ਬੰਦਾ ਸਿੰਘ ਬਹਾਦਰ: ਇਤਿਹਾਸਕ ਅਧਿਐਨ' ਵੀ ਜ਼ਿਕਰਯੋਗ ਹੈ, ਜੋ ਬਾਬਾ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਬਾਰੇ ਪ੍ਰਚਲਿਤ ਇਤਿਹਾਸਕ ਧਾਰਨਾਵਾਂ ਨੂੰ ਸਮਝਣ ਲਈ ਖੋਜ-ਆਧਾਰਿਤ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ।

ਅੰਗਰੇਜ਼ ਇਤਿਹਾਸਕਾਰ ਵਿਲੀਅਮ ਇਰਵਨ ਨੇ ਆਪਣੀ ਪੁਸਤਕ 'ਲੇਟਰ ਮੁਗਲਜ਼' ਵਿੱਚ ਇਸ ਸਮਾਜਿਕ ਤਬਦੀਲੀ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਦੇ ਵਰਣਨ ਅਨੁਸਾਰ, ਬਾਬਾ ਜੀ ਦੀ ਫ਼ੌਜ ਵਿੱਚ ਸ਼ਾਮਲ ਹੋਣ ਵਾਲੇ ਹੇਠਲੇ ਸਮਝੇ ਜਾਂਦੇ ਵਰਗਾਂ ਦੇ ਲੋਕ ਆਪਣੇ ਘਰਾਂ ਨੂੰ ਹਾਕਮ ਬਣ ਕੇ ਮੁੜਦੇ ਸਨ ਅਤੇ ਸਮਾਜ ਦੇ ਧਨਾਢ ਲੋਕ ਵੀ ਉਨ੍ਹਾਂ ਦਾ ਸਵਾਗਤ ਕਰਦੇ ਸਨ। ਇਹ ਵੇਰਵਾ ਉਸ ਸਮਾਜਿਕ ਤਬਦੀਲੀ ਵੱਲ ਸੰਕੇਤ ਕਰਦਾ ਹੈ, ਜਿਸ ਰਾਹੀਂ ਬਾਬਾ ਜੀ ਨੇ ਆਮ ਲੋਕਾਂ ਵਿੱਚ ਸਵੈਮਾਣ ਅਤੇ ਅਧਿਕਾਰਾਂ ਦੀ ਭਾਵਨਾ ਜਗਾਈ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਆਦਰਸ਼ ਦੀ ਪੂਰਤੀ ਸੀ, ਜਿਸ ਵਿੱਚ ਗਰੀਬ ਅਤੇ ਨਿਮਾਣੇ ਸਿੱਖਾਂ ਨੂੰ ਪਾਤਸ਼ਾਹੀ ਦੇਣ ਦੀ ਕਲਪਨਾ ਕੀਤੀ ਗਈ ਸੀ। ਬਾਬਾ ਬੰਦਾ ਬਹਾਦਰ ਸਿੱਖ ਕੌਮ ਦੇ ਮਹਾਨ ਨਾਇਕ ਹਨ, ਪਰ ਨਿਆਂ, ਬਰਾਬਰੀ ਅਤੇ ਮਨੁੱਖੀ ਮਰਿਆਦਾ ਲਈ ਉਨ੍ਹਾਂ ਦਾ ਸੰਘਰਸ਼ ਵਿਆਪਕ ਮਨੁੱਖੀ ਮਹੱਤਤਾ ਵੀ ਰੱਖਦਾ ਹੈ।

***

ਕਲਮ, ਕੌਮ ਅਤੇ ਚੇਤਨਾ

ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਲਿਖਤ ਸਾਨੂੰ ਸਿਰਫ਼ ਅਤੀਤ ਨਾਲ ਨਹੀਂ ਜੋੜਦੀ, ਸਗੋਂ ਭਵਿੱਖ ਲਈ ਸਚੇਤ ਕਰਦੀ ਹੈ। ਉਹਨਾਂ ਦੀ ਕਲਮ ਸਿੱਖ ਕੌਮ ਲਈ ਦਿਸ਼ਾ-ਸੂਚਕ ਵੀ ਹੈ ਅਤੇ ਜ਼ਮੀਰ ਦੀ ਆਵਾਜ਼ ਵੀ। ਸਾਹਿਤ ਅਤੇ ਇਤਿਹਾਸ ਦੇ ਇਸ ਮੇਲ ਵਿੱਚ ਪ੍ਰਮਿੰਦਰ ਸਿੰਘ ਪ੍ਰਵਾਨਾ ਜਿਸ ਵਿਰਾਸਤ ਨੂੰ ਸੰਭਾਲ ਰਹੇ, ਉਹ ਸਿਰਫ਼ ਕਿਤਾਬਾਂ ਤੱਕ ਸੀਮਿਤ ਨਹੀਂ ਹੈ, ਬਲਕਿ ਸੁਚੇਤ ਮਨਾਂ ਵਿੱਚ ਲੰਬੇ ਸਮੇਂ ਤੱਕ ਜਿਊਂਦੀ ਰਹੇਗੀ। ਸਿੱਖ ਇਤਿਹਾਸ ਨੂੰ ਸਮਰਪਿਤ ਉਕਤ ਕੇ ਬਿੰਬ-ਤ-ਬਿੰਬ ਲਿਖਿਆ ਹੈ,ਜਿਸ ਨੂੰ ਪੜ੍ਹ ਕੇ ਅਸਲ ਸਿੱਖ ਸੂਰਬੀਰਤਾ ਤੇ ਸੰਤ ਸਿਪਾਹੀ ਬਿਰਤੀ ਦਾ ਗਿਆਨ ਹੁੰਦਾ ਹੈ।

ਅੱਜ ਜਦੋਂ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ਾਂ ਹੋ ਰਹੀਆਂ ਹਨ, ਪ੍ਰਮਿੰਦਰ ਸਿੰਘ ਪ੍ਰਵਾਨਾ ਵਰਗੇ ਇਤਿਹਾਸਕਾਰ ਸਾਨੂੰ ਯਾਦ ਦਿਵਾਉਂਦੇ ਹਨ ਕਿ ਸੱਚ ਲਿਖਿਆ ਨਹੀਂ ਜਾਂਦਾ, ਉਹ ਨਿਭਾਇਆ ਜਾਂਦਾ ਹੈ। ਸਹਿਜ ਸੁਭਾਅ ਬਿਰਤੀ ਦੇ ਮਾਲਕ ਪ੍ਰਵਾਨਾ ਦੇ ਜੀਵਨ 'ਚ ਬੇਸ਼ਕ ਅਨੇਕਾਂ ਔਕੜਾਂ ਆਈਆਂ ਪਰ ਪਰਿਵਾਰਕ ਮੈਂਬਰਾਂ ਦੀ ਹੱਲਾਸ਼ੇਰੀ ਨੇ ਹਮੇਸ਼ਾ ਉਹਨਾਂ ਨੂੰ ਲਿਖਣ ਲਈ ਪ੍ਰੇਰਿਤ ਕੀਤਾ। ਸਮੁੱਚੇ ਤੌਰ 'ਤੇ ਉਹਨਾਂ ਦੀ ਇਸ ਘਾਲਣਾ ਨੂੰ ਕੁਸ਼ਲ ਪ੍ਰਬੰਧਕ ਇਤਿਹਾਸਕਾਰ, ਮੰਚ ਸੰਚਾਲਕ ਅਤੇ ਚੰਗੇ ਬੁਲਾਰੇ ਦੇ ਤੌਰ 'ਤੇ ਅੰਕਿਤ ਕੀਤਾ ਜਾਂਦਾ ਹੈ।

***

ਪੰਜਾਬ ਦੀ ਅਰਥਵਿਵਸਥਾ 'ਤੇ

ਕੇਂਦਰੀ ਯੋਜਨਾਵਾਂ 'ਚ ਵੀ ਸੂਬਿਆਂ ਨੂੰ ਨਿਰਧਾਰਤ ਹਿੱਸਾ ਪਾਉਣਾ ਪੈਂਦਾ ਹੈ। ਸੂਬਿਆਂ ਲਈ ਵਿੱਤੀ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਕਰਜ਼ਾ ਆਖ਼ਰੀ ਉਪਾਅ ਦੀ ਬਜਾਏ ਪਹਿਲਾ ਸਹਾਰਾ ਬਣਦਾ ਜਾ ਰਿਹਾ ਹੈ।

ਪੰਜਾਬ ਸਰਕਾਰ ਨੂੰ ਖ਼ਰਚ ਦੀਆਂ ਲੋੜਾਂ ਪੂਰੀਆਂ ਕਰਨ ਲਈ ਕੀ ਕਰਨਾ ਚਾਹੀਦਾ ਹੈ? ਸਰਕਾਰ ਨੂੰ ਸਬਸਿਡੀਆਂ ਬਾਰੇ ਤਰਕਸੰਗਤ ਪਹੁੰਚ ਅਪਣਾਉਂਦਿਆਂ ਮੁਫ਼ਤ ਸਹੂਲਤਾਂ ਵੰਡਣ ਦੇ ਰੁਝਾਨ ਨੂੰ ਸੀਮਤ ਕਰਨਾ ਚਾਹੀਦਾ ਹੈ। ਸਬਸਿਡੀਆਂ ਸਰਕਾਰੀ ਖ਼ਰਚ ਦਾ ਹਿੱਸਾ ਹੋਣ ਕਰਕੇ ਇਨ੍ਹਾਂ ਦਾ ਮੁਲਾਂਕਣ ਅੱਜ ਮਿਲਣ ਵਾਲੀ ਰਾਹਤ ਦੀ ਥਾਂ ਇਨ੍ਹਾਂ ਤੋਂ ਭਵਿੱਖ 'ਚ ਪੈਦਾ ਹੋਣ ਵਾਲੀ ਆਮਦਨ ਦੇ ਆਧਾਰ 'ਤੇ ਹੋਣਾ ਚਾਹੀਦਾ ਹੈ। ਭਾਵੇਂ ਸਬਸਿਡੀਆਂ ਪਰਿਵਾਰਾਂ ਦੇ ਖ਼ਰਚ ਘਟਾ ਕੇ ਰੁਜ਼ਗਾਰ ਤੱਕ ਪਹੁੰਚ ਸੁਧਾਰ ਸਕਦੀਆਂ ਹਨ, ਪਰ ਆਉਣ ਵਾਲੀਆਂ ਜ਼ਿੰਮੇਵਾਰੀਆਂ ਲਈ ਆਮਦਨ ਦਾ ਭਰੋਸੇਯੋਗ ਸਰੋਤ ਵੀ ਲੋੜੀਂਦਾ ਹੈ। ਜਦੋਂ ਇਹ ਜ਼ਿੰਮੇਵਾਰੀਆਂ ਸਰਕਾਰੀ ਆਮਦਨ ਨਾਲੋਂ ਤੇਜ਼ੀ ਨਾਲ ਵਧਦੀਆਂ ਹਨ ਤਾਂ ਵਿੱਤੀ ਘਾਟਾ ਪੂਰਾ ਕਰਨ ਲਈ ਕਰਜ਼ਾ ਲੈਣਾ ਪੈਂਦਾ ਹੈ, ਜਿਸ ਦਾ ਵਿਆਜ ਬਜਟ ਦਾ ਵੱਡਾ ਹਿੱਸਾ ਖਾ ਜਾਂਦਾ ਹੈ। ਸ਼ਾਇਦ ਅਗਲੀ ਸਰਕਾਰ ਕੋਲ ਵਿਕਾਸ ਦੀ ਥਾਂ ਮੁਫ਼ਤ ਸਹੂਲਤਾਂ ਨੂੰ ਤਰਜੀਹ ਦੇਣ ਦੀ ਕੋਈ ਗੁੰਜਾਇਸ਼ ਨਾ ਹੋਵੇ। ਫਿਰ ਵੀ ਨਵੀਂ ਸਰਕਾਰ ਦੇ ਫ਼ੈਸਲੇ ਪੰਜਾਬ ਦੇ ਭਵਿੱਖ ਦੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨਗੇ।

***

ਚੋਣਾਂ ਅਤੇ ਮਤਦਾਨ ਲੋਕਤੰਤਰ ਦੀ

ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਸਮਾਜ ਦੇ ਹਰ ਵਰਗ ਨੂੰ ਆਪਣੀ ਭੂਮਿਕਾ ਨਿਭਾਉਣੀ ਪਵੇਗੀ। ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਲੋਕਤੰਤਰੀ ਕਦਰਾਂ-ਕੀਮਤਾਂ, ਸੰਵਿਧਾਨਕ ਅਧਿਕਾਰਾਂ ਅਤੇ ਜ਼ਿੰਮੇਵਾਰ ਨਾਗਰਿਕਤਾ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਏ ਜਾਣੇ ਚਾਹੀਦੇ ਹਨ। ਸਿਆਸੀ ਪਾਰਟੀਆਂ ਨੂੰ ਯੋਗ, ਇਮਾਨਦਾਰ ਅਤੇ ਲੋਕ-ਸੇਵਾ ਦੀ ਭਾਵਨਾ ਰੱਖਣ ਵਾਲੇ ਉਮੀਦਵਾਰਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਚੋਣਾਂ ਦੌਰਾਨ ਰਿਸ਼ਵਤਖੋਰੀ, ਧਮਕੀਆਂ, ਗ਼ੈਰ-ਕਾਨੂੰਨੀ ਗਤੀਵਿਧੀਆਂ ਅਤੇ ਹੋਰ ਚੋਣ ਬੇਨਿਯਮੀਆਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਨਾਗਰਿਕਾਂ ਨੂੰ ਚੋਣਾਂ ਤੋਂ ਬਾਅਦ ਵੀ ਆਪਣੇ ਚੁਣੇ ਹੋਏ ਨੁਮਾਇੰਦਿਆਂ ਤੋਂ ਉਨ੍ਹਾਂ ਦੇ ਕੰਮਾਂ ਦਾ ਹਿਸਾਬ ਮੰਗਣਾ ਚਾਹੀਦਾ ਹੈ। ਲੋਕਤੰਤਰ ਸਿਰਫ਼ ਚੋਣਾਂ ਦੇ ਦਿਨਾਂ ਤੱਕ ਸਰਗਰਮ ਰਹਿਣ ਵਾਲੀ ਪ੍ਰਣਾਲੀ ਨਹੀਂ, ਸਗੋਂ ਇਹ ਨਿਰੰਤਰ ਲੋਕ-ਭਾਗੀਦਾਰੀ ਅਤੇ ਜਨਤਕ ਜਵਾਬਦੇਹੀ ਦੀ ਪ੍ਰਕਿਰਿਆ ਹੈ।

ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ ਕਿਸੇ ਦੇਸ਼ ਦੀ ਤਾਕਤ ਦਾ ਮੁਲਾਂਕਣ ਸਿਰਫ਼ ਉਸ ਦੀ ਆਰਥਿਕ ਖ਼ੁਸ਼ਹਾਲੀ, ਫ਼ੌਜੀ ਸ਼ਕਤੀ ਜਾਂ ਤਕਨੀਕੀ ਤਰੱਕੀ ਨਾਲ ਨਹੀਂ ਕੀਤਾ ਜਾ ਸਕਦਾ। ਉਸ ਦੇ ਲੋਕਤੰਤਰੀ ਅਦਾਰਿਆਂ ਦੀ ਮਜ਼ਬੂਤੀ ਅਤੇ ਨਾਗਰਿਕਾਂ ਦੀ ਜਾਗਰੂਕਤਾ ਵੀ ਉਸ ਦੀ ਅਸਲ ਤਰੱਕੀ ਦੇ ਮਹੱਤਵਪੂਰਨ ਮਾਪਦੰਡ ਹਨ। ਇੱਕ ਮਜ਼ਬੂਤ ਲੋਕਤੰਤਰ ਲਈ ਇਮਾਨਦਾਰ ਆਗੂਆਂ, ਸੁਤੰਤਰ ਸੰਸਥਾਵਾਂ ਅਤੇ ਜ਼ਿੰਮੇਵਾਰ ਵੋਟਰਾਂ ਦਾ ਹੋਣਾ ਲਾਜ਼ਮੀ ਹੈ। ਚੋਣਾਂ ਸਾਨੂੰ ਬਿਹਤਰ ਭਵਿੱਖ ਚੁਣਨ ਦਾ ਮੌਕਾ ਦਿੰਦੀਆਂ ਹਨ, ਪਰ ਇਸ ਮੌਕੇ ਦੀ ਸਹੀ ਵਰਤੋਂ ਕਰਨਾ ਵੋਟਰਾਂ ਦੀ ਸੂਝ-ਬੂਝ 'ਤੇ ਨਿਰਭਰ ਕਰਦਾ ਹੈ।

ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਵੋਟ ਪਾਉਣਾ ਸਿਰਫ਼ ਇੱਕ ਬਟਨ ਦਬਾਉਣ ਜਾਂ ਬੈਲਟ ਪੇਪਰ 'ਤੇ ਨਿਸ਼ਾਨ ਲਗਾਉਣ ਦੀ ਕਿਰਿਆ ਨਹੀਂ ਹੈ, ਸਗੋਂ ਇਹ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਸਾਡੀ ਆਸ, ਭਰੋਸੇ ਅਤੇ ਜ਼ਿੰਮੇਵਾਰੀ ਦਾ ਪ੍ਰਗਟਾਵਾ ਹੈ। ਸਾਨੂੰ ਆਪਣੇ ਇਸ ਕੀਮਤੀ ਅਧਿਕਾਰ ਦਾ ਸੋਚ ਪੈਸੇ, ਤੋਹਫ਼ਿਆਂ ਜਾਂ ਅਸਥਾਈ ਲਾਭਾਂ ਨਾਲ ਕਦੇ ਨਹੀਂ ਕਰਨਾ ਚਾਹੀਦਾ। ਇਸ ਦੀ ਬਜਾਏ ਸਾਨੂੰ ਇਸ ਦੀ ਵਰਤੋਂ ਇੱਕ ਅਜਿਹਾ ਸਮਾਜ ਸਿਰਜਣ ਲਈ ਕਰਨੀ ਚਾਹੀਦੀ ਹੈ, ਜਿੱਥੇ ਨਿਆਂ, ਸਮਾਨਤਾ, ਵਿਕਾਸ, ਭਾਈਚਾਰਕ ਸਾਂਝ ਅਤੇ ਆਪਸੀ ਸਤਿਕਾਰ ਦੀਆਂ ਕਦਰਾਂ-ਕੀਮਤਾਂ ਪਫੁੱਲਤ ਹੋਣ।

ਇੱਕ ਵੋਟ ਪਾਉਣ ਵਿੱਚ ਭਾਵੇਂ ਕੁਝ ਸਕਿੰਟ ਲੱਗਦੇ ਹਨ, ਪਰ ਉਸ ਦਾ ਪ੍ਰਭਾਵ ਦੇਸ਼ ਦੇ ਭਵਿੱਖ ਨੂੰ ਕਈ ਸਾਲਾਂ ਤੱਕ ਪ੍ਰਭਾਵਿਤ ਕਰ ਸਕਦਾ ਹੈ। ਲੋਕਤੰਤਰ ਉਦੋਂ ਹੀ ਮਜ਼ਬੂਤ ਬਣਦਾ ਹੈ, ਜਦੋਂ ਨਾਗਰਿਕ ਸਿਰਫ਼ ਬਦਲਾਅ ਦੀ ਮੰਗ ਨਹੀਂ ਕਰਦੇ, ਸਗੋਂ ਉਸ ਬਦਲਾਅ ਦਾ ਹਿੱਸਾ ਵੀ ਬਣਦੇ ਹਨ।

***

ਇਟਲੀ ਦੇ ਟੀ.ਵੀ. ਡਰਾਮੇ 'ਚ ਪਾਲਕੀ ਸਾਹਿਬ

ਆਲੋਚਕਾਂ ਦਾ ਕਹਿਣਾ ਹੈ ਕਿ ਇੱਕ ਪਾਸੇ ਇਹ ਜਥੇਬੰਦੀਆਂ ਇਟਲੀ ਦੀਆਂ ਖੱਬੇ-ਪੱਖੀ ਅਤੇ ਉਦਾਰਵਾਦੀ ਸਿਆਸੀ ਪਾਰਟੀਆਂ ਨਾਲ ਮਿਲ ਕੇ ਅਗਾਂਹਵਧੂ ਅਕਸ ਬਣਾਉਣ ਦੀ ਕੋਸ਼ਿਸ਼ ਕਰਦੀਆਂ ਹਨ, ਅਤੇ ਦੂਜੇ ਪਾਸੇ ਕੱਟੜਪੰਥੀ ਸਿਆਸੀ ਨੈੱਟਵਰਕਾਂ ਨਾਲ ਵੀ ਸਬੰਧ ਰੱਖਦੀਆਂ ਹਨ।

ਪੰਥਕ ਜਥੇਬੰਦੀਆਂ ਨੇ ਇਸ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਨੋਵੇਲਾਰਾ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਹੋਈ ਇੱਕ ਅਹਿਮ ਮੀਟਿੰਗ ਵਿੱਚ 'ਐਸ.ਜੀ.ਪੀ.ਸੀ.ਇਟਲੀ', 'ਕਲਚੂਰਾ ਸਿੱਖ ਇਟਲੀ', 'ਸਿੱਖੀ ਸੇਵਾ ਸੁਸਾਇਟੀ', ਵੱਖ-ਵੱਖ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਗੁਰਦੁਆਰਾ ਪ੍ਰਬੰਧਕਾਂ ਨੂੰ ਸਵਾਲ ਕੀਤਾ ਗਿਆ ਕਿ ਸ਼ੂਟਿੰਗ ਲਈ ਪਾਲਕੀ ਸਾਹਿਬ ਲਿਜਾਣ ਦੀ ਇਜਾਜ਼ਤ ਕਿਵੇਂ ਦਿੱਤੀ ਗਈ? ਹਾਲਾਂਕਿ ਗੁਰਦੁਆਰਾ ਪ੍ਰਧਾਨ ਜੋਗਿੰਦਰ ਸਿੰਘ ਅਤੇ ਕਮੇਟੀ ਮੈਂਬਰ ਇਕਬਾਲ ਸਿੰਘ ਸੋਢੀ ਨੇ ਇਤਰਾਜ਼ਯੋਗ ਦ੍ਰਿਸ਼ਾਂ ਅਤੇ ਪਾਲਕੀ ਸਾਹਿਬ ਲਿਜਾਣ ਬਾਰੇ ਪਹਿਲਾਂ ਤੋਂ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ। 'ਐਸ.ਜੀ.ਪੀ.ਸੀ. ਇਟਲੀ' ਦੇ ਨੁਮਾਇੰਦਿਆਂ ਨੇ ਸਪੱਸ਼ਟ ਕੀਤਾ ਕਿ ਇਸ ਮਾਮਲੇ ਨੂੰ ਬਿਨਾਂ ਕਿਸੇ ਪਾਰਦਰਸ਼ੀ ਜਾਂਚ ਦੇ ਦਬਾਇਆ ਨਹੀਂ ਜਾ ਸਕਦਾ। ਮੀਟਿੰਗ ਵਿੱਚ ਸਰਬਸੰਮਤੀ ਨਾਲ ਦੋ ਵੱਖ-ਵੱਖ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ। ਪਹਿਲੀ ਕਮੇਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼ੋਅ ਵਿੱਚ ਹਿੱਸਾ ਲੈਣ ਵਾਲੇ ਸਿੱਖ ਵਿਅਕਤੀਆਂ ਦੇ ਵਿਵਹਾਰ ਦੀ ਰਿਪੋਰਟ ਤਿਆਰ ਕਰਕੇ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜੇਗੀ। ਦੂਜੀ ਕਮੇਟੀ ਕਮੇਟੀ ਟੀ.ਵੀ. ਸ਼ੋਅ ਦੇ ਨਿਰਮਾਤਾਵਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀਆਂ ਸੰਭਾਵਨਾਵਾਂ ਦੀ ਜਾਂਚ ਕਰੇਗੀ।

ਪੰਥਕ ਆਗੂਆਂ ਦਾ ਮੰਨਣਾ ਹੈ ਕਿ ਇਹ ਮਾਮਲਾ ਸਿਰਫ਼ ਨਿਰਮਾਤਾਵਾਂ ਦੀ ਸਿਰਜਣਾਤਮਕ ਆਜ਼ਾਦੀ ਦਾ ਨਹੀਂ ਹੈ, ਸਗੋਂ ਉਨ੍ਹਾਂ ਸਿੱਖ ਆਗੂਆਂ ਦੀ ਜ਼ਿੰਮੇਵਾਰੀ ਦਾ ਵੀ ਹੈ ਜਿਨ੍ਹਾਂ ਨੇ ਧਾਰਮਿਕ ਚਿੰਨ੍ਹਾਂ ਦੀ ਪਵਿੱਤਰਤਾ ਦੀ ਰਾਖੀ ਨਹੀਂ ਕੀਤੀ। ਹੁਣ ਸਭ ਦੀਆਂ ਨਜ਼ਰਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਅਤੇ ਇਸ ਮਾਮਲੇ ਦੀ ਜਾਂਚ 'ਤੇ ਟਿਕੀਆਂ ਹੋਈਆਂ ਹਨ।

***

ਕਿਉਂ ਸੁਲਗ ਰਿਹੈ ਬੰਗਲਾਦੇਸ਼

ਪਾਕਿਸਤਾਨ ਵਿੱਚ ਇਸ ਸਮੇਂ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਜੇਲ੍ਹ ਵਿੱਚ ਬੰਦ ਹਨ ਅਤੇ ਬੰਗਲਾਦੇਸ਼ ਵਿੱਚ ਵੀ ਉਸੇ ਤਰਜ਼ 'ਤੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹੁਸੀਨਾ ਨੂੰ ਵੀ ਜੇਲ੍ਹ ਵਿੱਚ ਬੰਦ ਕਰਨ ਦੇ ਯ

HOKA TV
(ਹੋਕਾ ਟੀ.ਵੀ.)

ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home